ਛਾਡਿ ਕੁਚਰਚਾ ਆਨਿ ਨ ਜਾਨਹਿ ।
ਬ੍ਰਹਮਾ ਹੂਕੋ ਕਹਿਓ ਨ ਮਾਨਹਿ ॥

੧ ਓ

ਪੁਸਤਕ

# ਅਨੰਦ ਨਿਰਣਯ

ਅਰਥਾਤ

"ਅਨੰਦ ਬਾਣੀ ਕੀ ਉਤਪਤੀ ਔਰ ਬਿਸ਼ਯ"

ਜਿਸਮੇਂ

ਤਤਖਾਲਸਾ ਕਾ ਅਨੰਦਮੇਂ ਅਗਜਾਨਸੇ ਬਿਵਾਹ
ਸਮਝਨਾ ਯਿਹ ਮਹਾਨ ਅਗਜਾਨ ਦੂਰ ਹੋਗਾ

੧ ੧ਃ ਸੁਖਲਾਲ ਉਪਦੇਸ਼ਕ
ਸ੍ਰੀ ਭਾਰਤਧਰਮ ਮਹਾਂਮੰਡਲ ਰੋਪੜਨਿਵਾਸੀਨੇ

ਅਨੰਦਬਾਨੀ ਟੀਕਾ ਸਮੇਤ ਔਰ ਚਾਰ ਲਾਵਾਂ ਮਏ ਅਰਥ
ਲਿਖਕਰ ਤੱਤਖਾਲਸਾ ਕਾ ਅਗਜਾਨ ਦੂਰ ਕੀਆ ਹੈ
ਪਾਠਕਗਣ ਪ੍ਰੇਮ ਸੇ ਪੜ੍ਹੇਂ

ਭਾਈ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ
ਸ੍ਰੀ ਗੁਰੁਮਤ ਪ੍ਰੈਸ ਅੰਮ੍ਰਿਤਸਰ ਵਿਚ ਛਪਿਆ ॥

ਪੈਹਲੀ ਵਾਰ ੧੦੦੦ ਮੂਲ ।)

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

੧ ੴ ਸਤਿਗੁਰਪ੍ਰਸਾਦਿ ॥

# ਭੂਮਿਕਾ

ਮਿਤ੍ਰੋ! ਥੋੜੇ ਦਿਨ ਹੂਏ ਦੁਰਗਾ ਪ੍ਰੇਸ ਰਿਆਸਤਨਾਭਾ ਮੇਂ ਏਕ ਰਿਸਾਲਾ (ਆਨੰਦ ਬਿਵਾਹ ਪਰ ਵਿਚਾਰ) ਜੋ ਸ੍ਰੀ ੧੦੮ ਮਹਾਰਾਜ ਨਾਭਾ ਨਰੇਸ਼ ਜਨਰਲ ਸਰ ਸ੍ਰੀ ਹੀਰਾ ਸਿੰਘ ਜੀ ਸਾਹਿਬ ਬਹਾਦੁਰ ਜੀ.ਸੀ.ਐਸ.ਆਈ. ਜੀ.ਸੀ. ਆਈ.ਈ. ਧਰਮ ਮੂਰਤਿ ਧਰਮ ਅਵਤਾਰ ਕੀ ਆਗਯਾ ਸੇ ਛਪਾ ਥਾ। ਜਿਸਕੋ ਦੇਖਕਰ ਤੱਤ ਖਾਲਸਾ ਮੇਂ ਬੜੀ ਹਿਲ ਚਲ ਮਚ ਗਈ। ਤੀਨ ਪੁਰਖੋਂ ਨੇ ਤੋ ਕ੍ਰੋਧਾਤੁਰ ਹੋਕਰ ਉੱਤਰ ਦੇਨੇ ਕੀ ਬਜਾਏ ਤੀਨ ਟ੍ਰੈਕਟੋਂ ਮੇਂ ਰਿਸਾਲੇਕੇ ਕਰਤਾ ਔਰ ਹਿੰਦੂਓਂ ਕੋ ਬੜੀ ੨ ਸਖਤ ਗਾਲੀਏਂ ਦੀ ਹੈਂ ਯਦੀ ਨਿਸਚੇ ਨਾ ਹੋ ਤੋ ਚਰਨ ਸਿੰਘ ਪਲੀਸ਼ਰ ਲੁਧਿਹਾਨੇ ਵਾਲੇ ਕਾ ਰਿਸਾਲਾ (ਜੈਸਾ ਮੂੰਹ ਤੈਸੀ ਚਪੇੜ) ਮੰਗਾਕਰ ਦੇਖ ਲੇਂ ਉਸ ਸੇ ਬਢ ਕਰ ਕੋਈ ਕਿਸੀ ਕੋ ਗਾਲੀ ਨਹੀਂ ਦੇ ਸਕਤਾ। ਇਨਮੇਂ ਸੇ ਦੋ ਕਾ ਖੰਡਨ ਲਿਖ ਚੁਕਾ ਹੂੰ ਤੀਸਰੇ ਕਾ ਲਿਖ ਰਹਾ ਹੂੰ ਪਰੰਤੁ ਇਸ ਰਸਾਲੇ ਮੇਂ ਯਿਹ ਦਿਖਾਤਾ ਹੂੰ ਕਿ ਜੋ ਤੱਤ ਖਾਲਸਾ ਆਨੰਦ ਸੇ ਬਿਵਾਹ ਕਰਾਨਾ ਸਮਝਤੇ ਹੈਂ ਯਹ ਉਨਕਾ ਮਹਾਨ ਅਗਯਾਨ ਔਰ ਪਾਖੰਡ ਹੈ ਕਿਉਂਕਿ ਗੁਰੂ ਸਾਹਿਬ ਪਰਮੇਸ਼੍ਵਰ ਕੀ ਪ੍ਰਾਪਤੀ (ਪਰਮਾਨੰਦ) ਕੋ ਆਨੰਦ ਕਥਨ ਕਰਤੇ ਹੈਂ ਜੋ ਜੀਵਨ ਮੁਕ੍ਤ ਯਾ ਮ੍ਰਿਤਕ ਕੋ ਪ੍ਰਾਪਤ ਹੋ ਸਕਤਾ ਹੈ। ਯਥਾ—੧"ਅਨੰਦ ਅਨਹਦ ਵਜਹਿ ਵਾਜੇ" (ਸਦ ਪੌੜੀ ੪) ੨"ਜਿਸਮਰਨੇ ਤੇ ਜਗ ਡਰੈ ਮੇਰੇ ਮਨ ਆਨੰਦ" (ਕਬੀਰ ਮ: ੫) ੩ "ਸਬਦ ਮਰੈ ਤਿਸ ਸਦਾ ਆਨੰਦ" (ਆਸਾ ਮ: ੩) ੪"ਜਪਜਪਨਾਮਮਨ ਭਇਆਆਨੰਦ" (ਆਸਾ ਮ: ੪) ੫ "ਹਰਿਕੀ ਭਗਤਿ ਮੁਕਤਿ ਆਨੰਦ" (ਗਉੜੀ ਮ: ੫) ॥

ਆਨੰਦ ਬਾਣੀ ਕੀ ਆਦਿ ਗੁਰੂ ਗ੍ਰੰਥ ਸਾਹਿਬ ਰਾਗ ਰਾਮਕਲੀ ਮੇਂ ਚਾਲੀਸ ਪਉੜੀ ਹੈਂ ਜਿਨਮੇਂ ੩੮ ਤੀਸਰੇ ਮਹਲੇ ਕੀ ੧ ਚੌਥੇ ੧ ਪਾਂਚਵੇਂ ਕੀ ਰਚਨਾ ਹੈ ਸੋ ਤਤਖਾਲਸਾ ਕੇ ਅਗਿਆਨ ਨਿਵਾਰਣਾਰਥ ਪਹਿਲੇ ਏਕ ਪ੍ਰਾਰਥਨਾ ਲਿਖ ਕਰ ਫਰੀਦਕੋਟ ਕੀ ਟੀਕਾ ਸਹਿਤ ਤਮਾਮ ਬਾਣੀ ਲਿਖਤਾ ਹੂੰ ਜਿਸਸੇ ਮਨਮਤੀਓਂ ਕੀ ਹਠ ਧਰਮੀ ਔਰ ਬਿਖਮਤਾ ਪ੍ਰਗਟ ਹੋਕਰ ਆਮ ਲੋਗੋਂ ਕੋ ਆਨੰਦ ਬਾਣੀ ਕੀ ਅਸਲੀਯਤ ਪ੍ਰਗਟ ਹੋ ਜਾਏਗੀ ਕਿ ਤੱਤ ਖਾਲਸਾ ਮੂਰਖਤਾ ਸੇ ਆਨੰਦ ਕਾ ਕਾਨੂਨ ਬਨਵਾਨਾ ਚਾਹਤਾ ਹੈ ਸੋ ਸਰਾਸਰ ਗੁਰੂ ਆਗਯਾ ਸੇ ਵਿਰੁਧ ਔਰ ਮਨਮਤ ਹੈ ਔਰ ਏਕ ਬੜੇ ਬੁਧਿਮਾਨ ਬੈਰਿਸਟਰ ਸਾਹਿਬ ਕੀ ਰਾਏ ਹੈ ਕਿ ਯਦੀ ਆਨੰਦ ਕੀ ਸ਼ਾਦੀਕਾ ਤਰੀਕਾ ਕਦੀਮ ਅਰਥਾਤ ਗੁਰੂਓਂ ਕੇ ਵਕਤ ਸੇ ਚਲਾ ਆਤਾ ਹੈ ਤੋ ਫਿਰ ਇਸਕੇ ਵਾਸਤੇ ਵਕਤ ਕੇ ਹਾਕਮੋਂ ਸੇ ਕਾਨੂਨ ਬਨਵਾਨੇ ਕੀ ਅਬ ਕਿਉਂ ਜਰੂਰਤ ਬਨੀ ਹੈ ਕਿਆ ਵੋਹ ਕਾਨੂਨ ਮਨਮੁਖ ਹੋਚੁਕਾ ਜੋ ਅਬ ਨਯਾ ਬਨਵਾਨਾ ਚਾਹਤੇ ਹੈਂ। ਮਹਾ-

Sri Satguru Jagjit Singh Ji Elibrary NamdhariElibrary@gmail.com

ਤਮਾ ਜੀ ਬਿਚਾਰੈਂ ਇਸ ਸੇ ਤੋ ਅਬ ਸਰਕਾਰੀ ਇਦਾਲਤੋਂ ਕੋ ਆਪਕੀ ਸੋਸ਼ਲ ਕਾਮੋਂ ਮੇਂ ਦਖ਼ਲ ਦੇਨੇ ਕੇ ਬਹੁਤ ਮੌਕੇ ਮਿਲੇਂਗੇ ਅਬ ਭੀ ਸਮਝ ਕਰ ਇਸ ਹਠ ਸੇ ਹਟ ਜਾਓ ਨਹੀਂ ਪਛਤਾਓਗੇ ਤੁਮ ਆਪਨੇ ਘਰ ਮੇਂ ਚਾਹੇ ਆਨੰਦ ਪੜ੍ਹਾਓ ਚਾਹੇ ਫੇਰੇ ਕਰਾਓ ਕੋਈ ਆਪਕੋ ਰੋਕਤਾ ਨਹੀਂ ਫਿਰ ਹਾਕਮੋਂ ਕੋ ਨਾਹਕ ਕਿਉਂ ਦਖੀਲ ਕਰਤੇ ਹੋ ਹਾਕਿਮ ਖੁਦ ਕਿਸੀ ਕੇ ਮਜ਼ਹਬੀ ਝਗੜੋਂ ਮੇਂ ਦਖ਼ਲ ਨਹੀਂ ਦੇਤੇ ਯੇਹ ਤੁਮ ਆਪ ਆਪਨੇ ਪੈਰ ਕੁਹਾੜਾ ਮਾਰਤੇ ਹੋ ਹਿੰਦੂਓਂ ਕਾ ਇਸਮੇਂ ਕੁਛ ਨਹੀਂ ਬਿਗੜਤਾ ਤੁਮ ਹੀ ਅਪਨੀ ਜੜ੍ਹ ਕੋ ਖੋਦ ਰਹੇ ਹੋ ਸੋ ਆਪਕੀ ਇਛਾ ॥

**ਹਸਤਾਖਜ਼ਰ ਸੁਖਲਾਲ ਉਪਦੇਸ਼ਕ**
ਸ੍ਰੀ ਭਾਰਤ ਧਰਮ ਮਹਾ ਮੰਡਲ ਰੋਪੜ ਨਿਵਾਸੀ

ਸੰਮਤ ੧੯੬੫
ਪੋਹ ੧੭

## ਪ੍ਰਾਰਥਨਾ

ਅਨੰਦ ਬਾਣੀ ਸੇ ਬਿਵਾਹ ਕਰਨੇ ਕੀ ਰੁਤੁ ਧਰਕੇ ਕਿਸੀ ਸੱਚੇ ਪ੍ਰਾਚੀਨ ਗ੍ਰੰਥ ਮੇਂ ਆਗਿਆ ਨਹੀਂ ਯਦੀ ਦੁਰਜਨਤੋਖਨਜਾਯ ਸੇ ਮਾਨੀ ਭੀ ਜਾਵੇ ਤੋ ਬਤਾਓ ਪਹਿਲੇ ਦੂਸਰੇ ਗੁਰੂਓਂ ਕੇ ਸਮੇਂ ਕਿਸ ਪ੍ਰਕਾਰ ਬਿਵਾਹ ਹੋਤੇ ਥੇ ਔਰ ਜਬ ਸੇ ਅਨੰਦ ਬਾਣੀ ਬਨੀ ਹੈ ਕਿਸ੨ ਗੁਰੂ ਕਾ ਬਿਵਾਹ ਅਨੰਦਸੇ ਹੂਆ ਹੈ ਗ੍ਰੰਥ ਸਾਹਿਬ ਯਾ ਔਰ ਕਿਸੀ ਪ੍ਰਾਚੀਨ ਗੁਪਤ ਪੋਥੀ ਸੇ ਸਿੱਧ ਕਰਕੇ ਦਿਖਾਓ ਜ਼ਬਾਨੀ ਜਮਾ ਖਰਚ ਸ੍ਵੀਕਾਰ ਨਹੀਂ ਹੋਤਾ ਵਾਸਤਵ ਮੇਂ ਜਬ ਸੇ ਆਰਿਯੋਂ ਨੇ ਅਪਨਾ ਭਿੰਨ ਬਿਵਾਹ ਰਚ ਲੀਆ ਹੈ ਤਬ ਸੇ ਤਤ ਖਾਲਸਾ ਕੋ ਭੀ ਉਮੰਗ ਹੋ ਰਹੀ ਹੈ ਸ਼ਾਇਦ ਥੋੜੇ ਦਿਨੋਂ ਤਕ ਗੁਰੂ ਗ੍ਰੰਥ ਸਾਹਿਬ ਕੇ ਗਿਰਦੇ ਫੇਰੇ ਲੇਨੇ ਭੀ ਛੋੜ ਦੇਂ ਕਿਉਂਕਿ ਫੇਰੇ ਭੀ ਹਿੰਦੂਓਂ ਕੀ ਮਰਯਾਦਾ ਹੈ ਈਸਾਈਓਂ ਕੀ ਸਦ੍ਰਿਸ਼ ਫੂਲੋਂ ਕੇ ਹਾਰ ਯਾ ਹਾਥ ਪਕੜਨੇ ਲਗ ਜਾਵੇਂ ਕਿਉਂਕਿ ਗੁਰੂ ਸਾਹਿਬ ਕੇ ਬਚਨ ਹੈ (ਕਾਜ਼ੀਆਂ ਬਾਹਮਣਾਂ ਕੀ ਗਲ ਥਕੀ ਅਗਦ ਪੜੈ ਸੈਤਾਨ ਵੇ ਲਾਲੋ ।) ਅਗਦ (ਅਕਦ) ਨਿਕਾਹ ਅਰਥਾਤ ਮੁਸਲਮਾਨੋਂ ਕੇ ਨਿਕਾਹ ਮੇਂ ਕਾਜ਼ੀ, ਔਰ ਹਿੰਦੂਓਂ ਕੇ ਬਿਵਾਹਮੇਂ ਬਾਹਮਣ ਨਹੀਂ ਬੁਲਾਏ ਜਾਏਂਗੇ ਸ਼ੈਤਾਨ ਬਿਵਾਹ ਕਰਾਏਂਗੇ ਸੋ ਅਬ ਅਨੰਦ ਵਗੈਰਾ ਸੇ ਵੈਸਾ ਹੀ ਹੋਨੇ ਵਾਲਾ ਹੈ ਸਦਾ ਉਪਧਾ ਅਰਦਾਸ ਕਾ ਲੇਕਰ ਕੁਣਕਾ ਪਸਾਦਿ ਛਕ ਕਰ ਭੁਜੰਗਨੀ ਨੂੰ ਭੁਜੰਗ ਨਾਲ ਤੁਰਾ ਦਿੰਦੇ ਹਨ ਔਰ ਭੀ ਕਹਾ ਹੈ (ਕਲਿ ਪਰਵਾਣੁ ਕਤੇਬ ਕੁਰਾਣੁ । ਪੋਥੀ ਪੰਡਿਤ ਰਹੇ ਪੁਰਾਣ ।) ਅਰਥਾਤ ਸ਼ਾਸਤ੍ਰ ਔਰ ਪੰਡਤੋਂ ਕੋ ਕੋਈ ਨਹੀ ਪੂਛੇਗਾ ਕਾਨੂਨ ਕੀਆਂ ਕਤਾਬਾਂ ਪ੍ਰਮਾਣ ਮੰਨਣਗੇ ਸੋ ਦੇਖ ਲੋ ਅਬ ਅਨੰਦ ਕਾਨੂਨ ਬਨਵਾਨੇ ਪਰ ਨਵੀਨ ਮਤੀਏ ਕੇਸੀਆਂ ਚਾਲਾਂ ਚਲ ਰਹੇ ਹੈਨ ਪਰੰਤੂ ਸਾਡੀ ਕਾਨੂਨੀ ਕੌਂਸਲ ਦੇ ਪ੍ਰਧਾਨ ਸਮਝ ਵਿਚਾਰਕੇ ਹੁਕਮ ਦੇਂਗੇ ਔਰ ਗੁਰੂ

Sri Satguru Jagjit Singh Ji Elibrary NamdhariElibrary@gmail.com

ਜੀ ਕਾ ਯੇਹ ਭੀ ਕਥਨ ਹੈ ਕਿ ( ਸਾਸਤ ਬੇਦ ਨ ਮਾਨੈ ਕੋਇ। ਆਪੋ ਆਪੈ ਪੂਜਾ ਹੋਇ। ) ਸੋ ਅਬ ਦੇਖ ਲੋ ਸ਼ਾਸਤ੍ਰ ਵੇਦ ਮਾਨਨਾ ਤੋ ਦਰਕਿਨਾਰ ਪਾਪ ਆਤਮਾ ਉਨਕੋ ਦੁਰ ਬਚਨ ਕਹਿਤੇ ਹੈਂ ਔਰ ਨਿੰਦਾ ਕਰਤੇ ਹੈਂ। ਤੱਤ ਖਾਲਸਾ ਬਿਵਾਹ ਮੇਂ ਅਨੰਦ ਔਰ ਚਾਰ ਲਾਵਾਂ ਦੋਨੋ ਪੜ੍ਹਤੇ ਹੈਂ ਹਾਲਾਂਕਿ ਲਾਵਾਂ ਮੇਂ ਕੇਵਲ ਰੂਪਕ ਅਲੰਕਾਰ ਸੇ ਚਾਰ ਭੂਮਿਕਾ ਕਾ ਵਰਨਣ ਹੈ ਸੰਸਾਰਿਕ ਬਿਵਾਹ ਕਾ ਉਨਮੇਂ ਕੋਈ ਪ੍ਰਸੰਗ ਨਹੀਂ ਭਲਾ ਆਪਨੇ ਇਨਕੋ ਕੇਵਲ ਲਾਵਾਂ ਕਰਕੇ ਬਿਵਾਹ ਮੇਂ ਲਗਾ ਲੀਆ ਪਰੰਤੂ ਬਿਵਾਹ ਮੇਂ ਗ੍ਰੰਥ ਸਾਹਿਬ ਕੇ ਗਿਰਦੇ ਫਿਰਨੇ ਔਰ ਅਨੰਦ ਪੜ੍ਹਨੇ ਕਾ ਕੋਈ ਅਲੰਕਾਰ ਰੀਤੀ ਸੇ ਹੀ ਸ਼ਬਦ ਦਿਖਾਓ। ਵੋਹ ਕਹਾਂਸੇ ਨਿਕਾਲਾ ਹੈ। ਔਰ ਯਦਿ ਆਪ ਅਲੰਕਾਰ ਰੀਤੀਸੇ ਪਰਮੇਸ਼ਰ ਸੰਬੰਧੀ ਬਚਨੋਂ ਕੋ ਸੰਸਾਰਿਕ ਸਮਝੋਗੇ ਤੋ ਸੁਨੀਏ ਗੁਰੂ ਜੀ ਕਿਆ ਫੁਰਮਾਤੇ ਹੈਂ। (ਗੁਣ ਅਵਗੁਣ ਮੇਰੋ ਕਿਛੁ ਨ ਬੀਚਾਰੋ। ਨਹ ਦੇਖਿਓ ਰੂਪ ਰੰਗ ਸੀਗਾਰੋ। ਚਜ ਅਚਾਰ ਕਿਛੁ ਬਿਧਿ ਨਹੀ ਜਾਨੀ। ਬਾਂਹ ਪਕਰਿ ਪ੍ਰਿਅ ਸੇਜੈ ਆਨੀ ॥੧॥ ਪੁਃਸੁਹਾਗ ਹਮਾਰੋ ਅਬ ਹੁਣਿ ਸੋਹਿਓ। ਕੰਤ ਮਿਲਿਓ ਮੇਰੋ ਸਭ ਦੁਖ ਜੋਹਿਓ। ਆਂਗਨ ਮੇਰੈ ਸੋਭਾ ਚੰਦ। ਨਿਸਿ ਬਾਸਰ ਪ੍ਰਿਅ ਸੰਗ ਅਨੰਦ ॥ (ਆਃ ਮਃ ੫ ॥) ਨਿਕਟ ਆਨਿ ਪ੍ਰਿਅ ਸੇਜ ਧਰੀ। ਕਾਣਿ ਕਢਨ ਤੇ ਛੂਟਿ ਪਰੀ ॥ (ਆਃ ਮਃ੫ ॥) ਵਰ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗ ਨ ਟਲਿਆ ॥ (ਗੌਃਮਃ ੫॥) ਮੀਠੀ ਆਗਿਆ ਪਿਰ ਕੀ ਲਾਗੀ। ਸਉਕਨ ਘਰ ਕੀ ਕੰਤਿ ਤਿਆਗੀ। ਪ੍ਰਿਅ ਸੋਹਾਗਨ ਸੀਗਾਰ ਕਰੀ। ਔਰ ॥ ਮੋਹਿ ਅਨਾਥ ਗਰੀਬ ਨਿਮਾਨੀ। ਕੰਤ ਪਕਰ ਹਮ ਕੀਨੀ ਰਾਨੀ ॥ ਔਰ ॥ ਮੈ ਕਾਮਣ ਮੇਰਾ ਕੰਤ ਕਰਤਾਰ। ਜੇਹਾ ਕਰਾਏ ਤੇਹਾ ਕਰੀ ਸਿੰਗਾਰ। ਜਾਂ ਤਿਸ ਭਾਵੈ ਤਾ ਕਰੇ ਭੋਗ। ਤਨ ਮਨ ਸਾਚੇ ਸਾਹਿਬ ਜੋਗ॥ (ਭੈਰੋ ਮਹਲਾ ੨ ਸਃ ੪ ਤੁਕ ੨ ॥) ਐਸੇ ੨ ਹਜਾਰੋਂ ਸ਼ਬਦ ਹੈਂ ਜਿਨ ਮੇਂ ਆਪਕੇ ਗੁਰੂ ਗੋਪੀਓਂ ਕੀ ਸਦ੍ਰਿਸ਼ ਸ੍ਰੀ ਕ੍ਰਿਸ਼ਨਜੀ ਕੀ ਭਗਤੀ ਮੇਂ ਇਸਤ੍ਰੀ ਭਾਵ ਸੇ ਕਹੇ ਹੈਂ ਯਦੀ ਆਪ ਅਲੰਕਾਰ ਕੋ ਨਹੀਂ ਮਾਨਤੇ ਤੋ ਅਬ ਗੁਰੂ ਆਗਿਆ ਅਨੁਸਾਰ ਨੱਥ ਚੂੜੀਆਂ ਪੈਹਨਕਰ ਔਰ ਸੰਗਾਰ ਕਰਕੇ ਅਪਨੇ ੨ ਪਤੀਓਂ ਕੇ ਸੰਗ ਅਨੰਦ ਕੀਆ ਕਰੋ ਕਿਉਂਕਿ ਗੁਰੂ ਆਗਿਆ ਸਰਬ ਮਾਨਨੀਯ ਹੈ ਤੱਤ ਖਾਲਸਾਜੀ ਦੇਖਨਾ! ਆਦਿ ਗੁਃ ਗ੍ਰੰਃ ਸਾਹਿਬ ਮੇਂ ਸੇ ਕੈਸੇ ੨ ਜੌਹਰ ਦਿਖਾਏਂਗੇ ਉਨਸੇ ਫਿਰ ਨਹੀਂ ਜਾਨਾ। ਮਿਤਰੋ! ਅਬ ਹਮ ਅਨੰਦ ਬਾਣੀ ਲਾਵਾਂ ਸਹਿਤ ਲਿਖ ਕਰ ਸੱਚੇ ਸਿਖੋਂ ਕੋ ਵਿਦਤ ਕਰਤੇ ਹੈਂ ਕਿ ਇਸਕੋ ਦੇਖਕਰ ਪ੍ਰਪੰਚੀਓਂ ਮ੍ਰਾਰਥੀਓਂ ਕੇ ਧੋਖੇ ਮੇਂ ਨ ਆਵੇਂ ਅਪਨੇ ਪ੍ਰਾਚੀਨ ਧਰਮ ਪਰ ਦ੍ਰਿੜ ਰਹੇਂ। ਜਿਸ ਪਰ ਉਨਕੇ ਬਾਪ ਦਾਦੇ ਚਲੇ ਆਤੇ ਹੈਂ। ਅਰਥ ਭੀ ਹਮਨੇ ਅਪਨੀ ਤਰਫ ਸੇ ਨਹੀਂ ਕੀਏ ਬਲਕਿ ਟੀਕਾ ਫਰੀਦਕੋਟ ਵਾਲੀ ਸੇ ਨਕਲ ਕੀਏ ਹੈਂ ਜੋ ਮਹਾ ਰਾਜਾ ਧਰਮ ਅਵਤਾਰ ਬਿਕ੍ਰਮਾ ਸਿੰਘ ਸਾਹਿਬ ਬਹਾਦਰ ਫਰੀਦਕੋਟ ਸੁਰਗ ਬਾਸੀ ਨੇ ਤਮਾਮ ਮੁਲਕ ਕੇ ਗਿਆਨੀ ਬੁਧਿਵਾਨ ਜਮਾ ਕਰਕੇ ਲਾਖ ਰੁਪਏ ਸੇ

Sri Satguru Jagjit Singh Ji Elibrary NamdhariElibrary@gmail.com

ਅਧਿਕ ਖਰਚ ਕਰਕੇ ਭਰਵਾਯਾ ਹੈ ਤੋ ਸਭ ਨੇ ਸ੍ਵੀਕਾਰ ਹੈ ॥

ਔਰ ਸੁਨੀਏਂ ਆਨੰਦ ਕੀ ਪਹਲੀ ਤੁਕ ਯਹ ਹੈ "ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ" ਇਸ ਵਕਤ ਮਾਇ ਕੌਨ ਹੋਤੀ ਹੈ ਕਿਸਕੋ ਸੰਬੋਧਨ ਕਰਤਾ ਹੈ ਸਤਿਗੁਰ ਕਿਸਕੋ ਕਹਾ ਜਾਤਾ ਹੈ ਔਰ ਕਹਨੇ ਵਾਲਾ ਦੂਲਹਾ ਹੋਤਾ ਹੈ ਯਾ ਦੁਲਹਨ ਔਰ ਗ੍ਰੰਥ ਸਾਹਿਬ ਕੇ ਗਿਰਦੇ ਫੇਰੇ ਲੈਨੇ ਮੇਂ ਕਿਆ ਪਰਯੋਜਨ ਹੈ ਯਹਾਂ ਯਦੀ ਕਹੋ ਕਿ ਗ੍ਰੰਥੀ ਜੀ ਇਸ ਮੇਂ ਹੈ ਵੋਹ ਗਵਾਹੀ ਦੇਂਗੇ ਤੋ ਵੋਹ ਕੈਸੇ ਦੇਂਗੇ। ਯਦਿ ਇਨਕੀ ਗਵਾਹੀ ਮੇਂ ਜੋ ੪੮ ਪੁਰਖ ਹੈਂ ਭੇਦ ਹੋ ਗਿਆ ਤੋ ਕਿਸਕੀ ਸੱਚੀ ਮਾਨੀ ਜਾਵੇਗੀ ਔਰ ਫੇਰੇ ਤੋ ਜਿਲਦ ਕੇ ਸਾਥ ਹੂਏ ਹੈਂ ਗਵਾਹੀ ਉਨਕੇ ਕਰਤਾ ਦੇਵੇਂ ਯਹ ਭੀ ਵਿਰੁਧ ਬਾਤ ਹੈ ॥

ਔਰ ਆਨੰਦ ਤੋ ਰਾਗੀ ਜੋ ਮਜ਼ਹਬੀ ਤਕ ਹੋਤੇ ਹੈਂ ਵੋਹ ਪੜ੍ਹੇਂ ਔਰ ਬਿਵਾਹ ਕਿਸੀ ਔਰ ਕਾ ਸਮਝਾ ਜਾਵੇ ਯਹ ਕੈਸੀ ਉਲਟੀ ਬਾਤ ਹੈ ਅਨੰਦ ਪੜ੍ਹਾਕੇ ਗ੍ਰੰਥ ਸਾਹਿਬ ਕੇ ਗਿਰਦੇ ਫੇਰੇ ਲੇਨੇ ਆਦਿ ਗੁਰੂ ਗ੍ਰੰਥ ਸਾਹਿਬ ਮੇਂ ਕਹਾਂ ਲਿਖਾ ਹੈ ਆਦਿ ਮੇਂ ਤੋ ਕਹਾਂ ਸਿਖੀ ਮਤ ਕੀ ਕਿਸੀ ੧ ਪੁਸਤਕ ਮੇਂ ਭੀ ਨਹੀਂ ਅਬ ਬਤਾਓ ਮਨਮਤ ਨਹੀਂ ਤੋ ਕਿਆ ਹੈ ਇਸ ਪਰ ਹਮ ਆਪਕੋ ਗੁਰਮਤ ਪ੍ਰਕਾਸ਼ਕ ਸੰਤ ਖਾਲਸਾ ਭਾਈ ਅਵਤਾਰ ਸਿੰਘ ਜੀ ਰਾਵਲ ਪਿੰਡੀ ਵਾਲੇ ਕੀ ਰਾਏ ਦਿਖਲਾਤੇ ਹੈਂ ॥

*ਯਥਾ–ਪਹਲਾਂ ਤਾਂ ਇਹ ਗੱਲ ਹੈ ਕਿ ਆਪਨੇ ਗੁਰੂ ਕੇ ਮਤ ਮੇਂ ਗੁਰੂ ਗ੍ਰੰਥ ਸਾਹਿਬ ਕੇ ਗਿਰਦੇ ਲਾਵਾਂ ਲੇਨੇ ਕਾ ਕੋਈ ਭੀ ਹੁਕਮ ਨਹੀਂ ਨਾ ਕੋਈ ਸਾਖ ਹੈ। ਅਵਲ ਤੋ ਹੁਕਮ ਜ਼ਰੂਰੀ ਥਾ ਨਹੀਂ ਤੋ ਕੋਈ ਸਾਖ ਹੀ ਹੋਤੀ ਔਰ ਨਾ ਕੋਈ ਗੁਰੂ ਸਾਹਿਬੋਂ ਕੇ ਅਥਵਾ ਵਿਚਾਰਵਾਨ ਸਿਖੋਂ ਕੇ ਯਹ ਰੀਤੀ ਹੋਈ ਹੈ ਹਿੰਦੂਆਂ ਵਿਚ ਜੋ ਅਗਨੀ ਕੇ ਗਿਰਦੇ ਲਾਵਾਂ ਲੇਨ ਕਾ ਦਸਤੂਰ ਹੈ ਉਸਕੇ ਵਿਰਧ ਔਰ ਕੋਈ ਜੁਗਤੀ ਭੀ ਨਹੀਂ ਜੋ ਅਸੀ ਗੁਰੂ ਗ੍ਰੰਥ ਸਾਹਿਬ ਕੇ ਗਿਰਦੇ ਫਿਰੀਏ ਏਹ ਰਸਮ ਚਾਲੀ ਸਾਲ ਹੋਏ ਹਨ ਕਿ ਭਾਈ ਦਿਆਲ ਸਿੰਘ ਨਿਰੰਕਾਰੀਆਂ ਦੇ ਮਖੀ ਨੇ ਮਨ ਘੜਤ ਚਲਾਈ ਹੈ ਇਸ ਪਰ ਕੋਈ ਹੁਕਮ ਯਾ ਦਲੀਲ ਨਹੀਂ ਔਰ ਗੁਰੂ ਗ੍ਰੰਥ ਸਾਹਿਬ ਕੇ ਗਿਰਦੇ ਫੇਰੇ ਲੇਨੇ ਸੇ ਕੋਈ ਨਯਾ ਸਾਕ ਨਹੀਂ ਹੋ ਸਕਤਾ ਯਦਿ ਕੋਈ ਸਾਕ ਹੋਨਾ ਸਮਝਾ ਭੀ ਜਾਵੇ ਤੋ ਪਤਿ ਪਤਨੀ ਕਾ ਸਾਕ ਕਦਾਪਿ ਨਹੀਂ ਬਨ ਸਕਤਾ ਬਲਕਿ ਭੈਣ ਭਾਈ ਕਾ ਸਾਕ ਹੋ ਸਕਤਾ ਹੈ ਕਾਰਣ ਯਹ ਹੈ ਕਿ ਗੁਰੂ ਗ੍ਰੰਥ ਸਾਹਿਬ ਕੀ ਪਰਕ੍ਰਮਾ ਕਰਨੀ ਆਮ ਰਸਮ ਹੈ। ਭੈਣ, ਭਾਈ, ਮਾਤਾ, ਪੁਤ੍ਰ, ਪਿਤਾ, ਪੁਤ੍ਰੀ ਭੀ ਮਿਲਕੇ ਕਰਤੇ ਹੈਂ

*ਖਾਲਸਾ ਸੁਧਾਰ ਤਰੂ ਸੰਚੀ ੯ ਸਫਾ ੪੦੯ ਸਤਰ ੧੬ ਤੋਂ ੪੧੦ ਸਤਰ ੧੨ ਤਕ ੪੪੫ ਸਤਰ ੬ ਸੇ ੧੦ ਸਫਾ ੪੪੮ ਸਤਰ ੧੧ ਸੇ ੪੪੯ ਸਤਰ ੧ ਸੇ ੧੪ ਸਫਾ ੪੫੦ ਸਤਰ ੮ ਸੇ ੧੯ ਤਕ ਦੇਖੋ। ਇਸ ਜਗਾ ਵਿਸਤਾਰ ਕੇ ਭਯ ਸੇ ਨਹੀਂ ਲਿਖੇ

Sri Satguru Jagjit Singh Ji Elibrary NamdhariElibrary@gmail.com

ਯਦਿ ਇਸ ਰਸਮ ਨਾਲ ਕੋਈ ਸਾਕਦਾਰੀ ਸਮਝੀ ਜਾਵੇ ਤਾਂ ਧਰਮ ਦੇ ਮਾਤਾ ਪਿਤਾ ਧਰਮ ਦੇ ਗੁਰ ਭਾਈ ਧਰਮ ਦੇ ਭੈਣ ਭਾਈ ਹੋ ਸਕਤੇ ਹੈਂ। ਜੋ ਜਹਾਨ ਮੇਂ ਮਸ਼ਹੂਰ ਹੈ ਪਰੰਤੂ ਯਹ ਕਦੇ ਨਹੀਂ ਹੋਇਆ ਕਿ ਅਮਕੀ ਕਾ ਅਮਕ ਪੁਰਸ਼ ਧਰਮ ਪਤੀ ਹੈ ਇਸ ਕਾਰਣ ਇਸਤ੍ਰੀ ਪੁਰਸ਼ ਕਾ ਸੰਜੋਗ ਜੁੜਨਾ ਜੋ ਹੈ ਵੋਹ ਨਿਰਾਲਾ ਹੈ ਇਸ ਮੇਂ ਸੰਤਾਨ ਉਤਪਤੀ ਕਰਨੇ ਕੇ ਸਾਥ ਕਾਮ ਚੇਸ਼ਟਾ ਭੀ ਸ਼ਾਮਲ ਹੈ ਸੋ ਯਹ ਸੰਜੋਗ ਆਮ ਉਸ ਰੀਤੀ ਨਾਲ ਨਹੀਂ ਹੋ ਸਕਤਾ ਜੋ ਭੈਣ ਭਾਈ, ਮਾਂ ਪੁਤ੍ਰ, ਪਿਤਾ ਪੁਤ੍ਰੀ, ਭੀ ਵਰਤਤੇ ਹੈਨ ਔਰ ਲਾਵਾਂ ਗੁਰਬਾਣੀ ਹੈ ਹਰ ਵਕਤ ਪਾਠ ਹੋ ਸਕਤਾ ਹੈ। ਯਦਿ ਕੋਈ ਗ੍ਰੰਥ ਸਾਹਿਬ ਪਰ ਲਾਵਾਂ ਕਾ ਪਾਠ ਕਰਦਾ ਹੋਵੇ ਅਥਵਾ ਕੋਈ ਔਰ ਉਸ ਵੇਲੇ ਪਾਸ ਉਚਾਰਣ ਕਰਦਾ ਹੋਵੇ ਐਸੇ ਸਮੇਂ ਮੇਂ ਯਦਿ ਗ੍ਰੰਥ ਸਾਹਿਬ ਕੀ ਪਰਕ੍ਰਮਾ ਭੈਣ ਭਰਾ, ਯਾ ਮਾਂ ਪੁਤ੍ਰ, ਯਾ ਪਿਤਾ ਪੁਤ੍ਰੀ ਰਲਕੇ ਕਰਦੇ ਹੋਨ ਤੌ ਉਨਕਾ ਕਿਆ ਹਾਲ ਸਮਝਨਾ ਚਾਹੀਏ ਔਰ ਅਰਦਾਸ ਭੀ ਐਸੀ ਨਾਜਾਇਜ਼ ਹੈ ਕਿਉਂਕਿ ਕਰਮ ਭੀ ਓਹ ਕੀਤਾ ਜਾਵੇ ਜੋ ਭੈਣ ਭਰਾ, ਮਾਂ ਪੁਤ੍ਰ, ਪਿਤਾ ਪੁਤ੍ਰੀ ਦੇ ਵਰਤਨ ਵਿਚ ਆਉਣ ਵਾਲਾ ਹੋਵੇ ਔਰ ਗੁਰ ਭਾਈ ਆਦਿ ਰੀਤੀ ਦਾ ਹੋਵੇ ਤਾਂ ਉਸ ਰੀਤੀ ਪਰ ਅਰਦਾਸ ਪਤੀ ਪਤਨੀ ਦੇ ਸੰਜੋਗ ਦੀ ਕਦੀ ਭੀ ਜਾਇਜ਼ ਨਹੀਂ ਹੋ ਸਕਤੀ ਦੇਖੋ ਖਾਲਸਾ ਸੁਧਾਰ ਤਰੁਕੀ ਅਠਵੀਂ ਸੈਂਚੀ ਮੇਂ ਇਸ ਪਰਕਾਰ ਧੜੱਲੇ ਸੇ ਨਵੀਨ ਖਾਲਸਾ ਕੀ ਗੁਰ ਮ੍ਰਯਾਦਾ ਕਾ ਖੰਡਨ ਕੀਆ ਹੈ ॥

ਮਿਤ੍ਰੋ ਇਸ ਪਰ ਹਮ ਕੁਛ ਨਹੀਂ ਕਹਤੇ ਧਰਮਾਤਮਾ ਖਾਲਸਾ ਭਾਈ ਖੁਦ ਵਿਚਾਰੇਂ ਕਿ ਕੈਸੀ ਸੋਨੇ ਕੇ ਪਾਨੀ ਸਾਥ ਲਿਖਨੇ ਯੋਗ ਸੱਚੀ ਔਰ ਸਪਸ਼ਟ ਰਾਏ ਹੈ ਇਸਕੇ ਅਲਾਵਾ ਔਰ ਸੁਣੋ ਕਿ ਨਵੀਨ ਸਿੰਘ ਆਜ ਕਲ ਜੋ ਨਵੀਂ ਰੀਤ ਸੇ (ਇਸਤ੍ਰੀ ਪੁਰਸ਼) ਕੋ ਪਾਹੁਲ ਦੇਕਰ ਅਤੇ ਗ੍ਰੰਥ ਸਾਹਿਬ ਸੇ ਵਿਵਾਹ ਕਰਤੇ ਹੈਂ ਸਰਬ ਦਾ ਅਯੋਗ ਹੈ ਕਿਉਂਕਿ ਨਵੀਨ ਸਿੰਘਾਂ ਕੇ ਲੇਖ ਯਹ ਭੀ ਕਹਤੇ ਹੈਂ ਕਿ ਜੋ ਅੰਮ੍ਰਿਤ ਛਕਤਾ ਹੈ ਵੋਹ ਗੁਰੂ ਗੋਬਿੰਦ ਸਿੰਘ ਜੀ ਔਰ ਮਾਤਾ ਸਾਹਿਬ ਦੇਵਾਂ ਕਾ ਸੋਢ ਬੰਸ ਪੁਤਰ ਜਨਮ ਪਟਨੇ ਕਾ ਵਾਸੀ ਆਨੰਦ ਪੁਰ ਕਾ ਹੋ ਜਾਤਾ ਹੈ ਇਸੀ ਪਰਕਾਰ ਇਸਤ੍ਰੀ ਭੀ ਅੰਮ੍ਰਿਤ ਛਕ ਕਰ ਉਨਕੀ ਪਤ੍ਰੀ ਹੋ ਜਾਵੇਗੀ ਬਿਚਾਰਨਾ ਚਾਹੀਏ ਕਿ ਇਨਕਾ ਆਪਸ ਮੇਂ ਵਿਵਾਹ ਹੋਨਾ ਕੈਸਾ ਅਜੋਗ ਹੈ ਔਰ ਖਾਲਸਾ ਜੀ ਯਦੀ ਅੰਮ੍ਰਿਤ ਛਕਨੇ ਸੇ ਭਾਈ ਪਨੇ ਕਾ ਨਾਤਾ ਹੋ ਜਾਤਾ ਹੈ ਔਰ ਦਸਵੇਂ ਗੁਰੂ ਜੀ ਔਰ ਉਨਕੀ ਪਤਨੀ ਕੇ ਪੁਤਰ ਔਰ ਸੋਢ ਬੰਸ ਆਨੰਦ ਪੁਰ ਵਾਸੀ ਹੋ ਜਾਤਾ ਹੈ ਤੋ ਜਿਤਨੇ ਨਾਤੇ ਪਿਤਾ ਪੁਤਰ, ਮਾਤਾ ਪਤ੍ਰੀ, ਸੌਹਰਾ ਜਵਾਈ, ਸਾਲਾ ਭਨਵਈਆ ਆਦਿ ਜਹਾਨ ਮੇਂ ਮਸ਼ਹੂਰ ਹੈਂ ਆਪਕੇ ਈਹਾਂ ਕੋਈ ਭੀ ਸਿਧ ਨਹੀਂ ਹੋ ਸਕਤਾ ਸਭਕੇ ਸਭ ਕੇਵਲ ਭੈਣ ਭਾਈ ਸਿਧ ਹੋਂ ਗੇ। ਔਰ ਮਿਤ੍ਰਓਂ ਕੇ ਪੁਤ੍ਰ ਪੁਤ੍ਰੀ ਕੈਸੇ ਬਨ ਸਕਤੇ ਹੈਂ ਇਸਕਾ ਕਿਆ ਉਤਰ ਹੈ। ਔਰ ਗੁਰੂ ਸਾਹਿਬ ਨੇ ਜਬ ਅੰਮ੍ਰਿਤ ਬਨਾਯਾ ਥਾ ਤੋ ਪੰਜ ਸਿੰਘੋਂ

ਕੋ ਪਹਿਲੇ ਛਕਾਕਰ ਫਿਰ ਉਨ ਸੇ ਆਪ ਛਕਾ ਥਾ ਤੋ ਵੋਹ ਗੁਰੂ ਸਾਹਿਬ ਕੇ ਕਿਆ ਲਗੇਥੇ ਔਰ ਉਨਕੀ ਜਾਤਿ ਆਦਿ ਗੁਰੂ ਸਾਹਿਬ ਕੀ ਕਿਉਂ ਨਾ ਹੂਈ ਅਰ ਇਸ ਸਮੇਂ ਬਿਵਾਹਮੇਂ ਆਨੰਦ ਕੀ ਪਾਂਚ ਪਉੜੀ ਪਹਲੀ ਔਰ ਪਿਛਲੀ ਜੋ ਪੰਜਵੇਂ ਗੁਰੂ ਸਾਹਿਬ ਨੇ ਉਚਾਰੀ ਹੈਂ ਪੜ੍ਹੀ ਜਾਤੀ ਹੈ ਸਮਗ੍ਰ ਆਨੰਦਬਾਣੀ ਨਹੀਂ ਪੜ੍ਹੀ ਜਾਤੀ ਇਸਕਾ ਕਿਆ ਕਾਰਣ ਹੈ? ਔਰ ਆਨੰਦ ਪਾਂਚਵੇਂ ਗੁਰੂ ਜੀ ਕੇ ਵਕਤ ਪੂਰਾ ਹੋਯਾ ਇਸਸੇ ਪਹਿਲੇ ਆਨੰਦ ਕੌਨਸਾ ਪੜ੍ਹਤੇ ਥੇ ਔਰ ਲਾਵਾਂ ਚੌਥੇ ਗੁਰੂ ਸਾਹਿਬ ਕੀ ਰਚਨਾ ਹੈ ਉਸਸੇ ਪਹਿਲੇ ਔਰ ਕੌਨਸੀ ਲਾਵਾਂ ਥੀਂ ਬਸ ਨਵੀਨ ਸਿੰਘੋਂ ਕੇ ਮਤ ਅਨੁਸਾਰ ਤੋ ਪਾਂਚਵੇਂ ਗੁਰੂ ਤਕ ਸਭ ਗੁਰੂ ਔਰ ਉਨਕੇ ਸਿਖ ਸੰਗਤ ਲਾਵਾਂ ਔਰ ਆਨੰਦ ਸੇ ਬਿਨਾ ਹੀ ਰਹੇ ਔਰ ਅਬ ਜੋ ਨਵੀਨ ਖਾਲਸਾ ਪੁਤਰ ਪੌਤ੍ਰ ਉਤਪੰਨ ਕਰਕੇ ਫਿਰ ਭੀ ਅਪਨੀ ਇਸਤ੍ਰੀ ਸੇ ਆਨੰਦ ਪੜ੍ਹਾਤੇ ਹੈਂ ਪਰੰਤੂ ਆਜ ਤਕ ਜਿਨਕਾ ਅਨੰਦ ਨਹੀਂ ਹੂਆ ਵੋਹ ਕਿਆ ਨਰਕ ਮੇਂ ਗਏ ਹਾਂ ਅਥਵਾ ਸੁਰਗ ਮੇਂ ੪੫੦ ਸਾਲ ਸਿਖੀ ਕੋ ਹੋ ਚੁਕੇ ਅਬ ਸਿਖੀ ਕਾ ਅਸਲੀ ਤਾਤਪਰਜ ਚੰਦ ਅੰਗਰੇਜ਼ੀ ਪੜ੍ਹੇ ਅਥਵਾ ਥੋੜੇ ਸੇ ਪਰਪੰਚੀ ਸਵਾਰਥੀਓਂ ਨੇ ਸਮਝਾ ਹੈ ਪਿਛਲੇ ਸਭ ਸਿਖੀ ਸੇ ਬਿਮੁਖ ਰਹੇ? ਉਨਕਾ ਬਿਵਾਹ ਭੀ ਅਯੋਗਤਾ ਸੇ ਹੂਆ ਸਮਝ ਕਰ ਤਨਖਾਹੀਓਂ ਕੀ ਫੇਹ ਰਿਸਤ ਤਿਆਰ ਕਰੋ ॥ ਮਿਤ੍ਰੋ ਸਿਖੋਂ ਕੀ ਕਿਸੀ ਪ੍ਰਾਚੀਨ ਪੋਥੀ ਮੇਂ ਅਨੰਦ ਸੇ ਬਿਵਾਹ ਹੋਨਾ ਨਹੀਂ ਲਿਖਾ ਹਮ ਦਾਵੇ ਸੇ ਕਹਿਤੇ ਹੈਂ ਨਹੀਂ ਤੋ ਕੋਈ ਹਮ ਕੋ ਦਿਖਲਾਵੇ ਫੇਰੇ ਹੋਨੇ ਸਭ ਜਗੇ ਲਿਖੇ ਹੈਂ ਕੋਈ ਪੁਸਤਕ ਫੇਰੋਂ ਕੇ ਪ੍ਰਸੰਗ ਸੇ ਖਾਲੀ ਨਹੀਂ। ਅਬ ਹਮ ਅਨੰਦ ਬਾਣੀ ਟੀਕਾ ਸਹਿਤ ਲਿਖਤੇ ਹੈਂ ॥

ਹ: ਸੁਖਲਾਲ ਉਪਦੇਸ਼ਕ ਸ੍ਰੀ ਭਾਰਤ ਧਰਮ ਮਹਾਂ ਮੰਡਲ ਰੋਪੜ ਨਿਵਾਸੀ

ੴ ਸਤਿਗੁਰਪ੍ਰਸਾਦਿ ॥

## ਅਨੰਦ ਰਾਗ ਰਾਮਕਲੀ ਮਹਲਾ ੩

ਤੀਸਰੇ ਗੁਰੂ ਅਮਰਦਾਸ ਜੀ ਕੇ ਹਜ਼ੂਰ ਕਿਸੀ ਜੋਗੀ ਨੇ ਗਿਆਨ ਉਪਦੇਸ਼ ਚਾਹਾ ਤਿਸਪ੍ਰਤੀ ਗੁਰੂ ਜੀ ਨੇ ਕਹਿਆ ਤੇਨੇ ਇਕ ਹੋਰ ਜਨਮ ਪਾਉਣਾ ਹੈ ਤਿਸ ਮੇਂ ਤੇਨੂੰ ਉਪਦੇਸ਼ ਕਰਾਂਗੇ ਤਿਸਨੇ ਵੋਹ ਸਰੀਰ ਤਿਆਗ ਦੀਆ ਔਰ ਉਕਤ ਗੁਰੂ ਜੀ ਕਾ ਪੋਤਰਾ ਰੂਪ ਹੋਕਰ ਅਨੰਦ ਨਾਮ ਕਰ ਜਨਮ ਧਾਰਾ ਤਿਸ ਕੋ ਦਾਈ ਕੇ ਹਾਥ ਮੰਗਵਾਇਕੇ ਅਪਨੇ ਹਥੋਂ ਪਰ ਉਠਾਇਲੀਆ ਔਰ ਤਿਸ ਕਾ ਨਾਮ ਅਨੰਦ ਰਖਿਆ ਪੁਨਾ ਲੋਕ ਵਧਾਈਆਂ ਦੇਨ ਲਗੇ ਤਬ ਗੁਰੂ ਜੀ ਸਿਧਾਂਤ ਮੇਂ ਬੋਲਕਰ ਉਸਕੋ ਗਿਆਨ ਦੇਨੇ ਵਾਸਤੇ ਉਸਕੇ ਨਾਮ ਪਰ ਅਨੰਦ ਨਾਮ ਬਾਣੀ ਕੋ ਰਚਤੇ ਭਏ ਤਿਸੀ ਕਰਕੇ ਸਭ ਮੰਗਲ ਕਾਰਜ ਮੇਂ ਅਨੰਦ ਕਾ ਪਾਠ ਹੋਤਾ ਹੈ (ਟੀਕਾ ਫਰੀਦਕੋਟ) ਅਥਵਾ ਜਬ ਪੋਤਰੇ ਕੇ ਜਨਮਪਰ ਲੋਕ

ਵਧਾਈਆਂ ਦੇਕਰ ਅਨੰਦ ੨ ਕਹਨੇ ਲਗੇ ਉਸ ਪਰ ਗੁਰੂ ਜੀਨੇ ਯੇਹ ਬਾਣੀ ਰਚਕਰ ਕਹਾ ਕਿ ਤੁਮ ਲੋਗ ਜੋ ਅਨੰਦ ੨ ਕਹਿਤੇ ਹੋ ਯਹ ਝੂਠਾ ਅਨੰਦ ਹੈ ਸੱਚਾ ਅਨੰਦ ਤੋ ਈਸ਼ਰ ਕੇ ਸਰੂਪ ਗਿਆਨ ਕਾ ਹੈ ਜੋ ਗੁਰੂ ਕਿਰਪਾ ਸੇ ਮਿਲ ਤਾ ਹੈ ਯਥਾ (ਅਨੰਦ ਅਨੰਦ ਸਭ ਕੋ ਕਹੈ ਅਨੰਦ ਗੁਰੂ ਤੇ ਜਾਣਿਆ) ਇਸੀ ਕਾਰਣ ਇਸ ਬਾਣੀ ਕਾ ਨਾਮ ਅਨੰਦ ਰਖਿਆ ਹੈ। ਅਬ ਤੱਤ ਖਾਲਸਾ ਬਤਾ ਵੇਂ ਕਿ ਬਿਵਾਹ ਕੇ ਸਾਥ ਇਸਕਾ ਕਿਆ ਸੰਬੰਧ ਹੈ ਯਦੀ ਸੰਬੰਧ ਹੋਤਾ ਤੋ ਇਸੀ ਅਨੰਦ ਮੇਂ ਗੁਰੂ ਜੀ ਐਸਾ ਕਿਉਂ ਕਹਿਤੇ (ਇਹ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ। ਸਾਥ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ। ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ। ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥ ੧੧ ॥) ਇਸ ਮੇਂ ਤੋ ਕੁਟੰਬ ਕੀ ਤਰਫ ਸੇ ਚਿਤ ਹਟਾਨੇ ਕੀ ਆਗਿਆ ਹੈ ਫਿਰ ਯੇਹ ਬਿਵਾਹ ਵਾਸਤੇ ਕੈਸੇ ਹੋ ਸਕਤਾ ਹੈ। ਪਿਆਰੇ ਤੱਤ ਜੀ ਹਠਧਰਮੀ ਛੋੜਕਰ ਗੁਰੂ ਆਗਿਆ ਗੁਰੂ ਰਖਯਕ ਹਿੰਦੂ ਧਰਮ ਪਰ ਚਲੋ ਅੰਤ ਮੇਂ ਯਹੀ ਕਾਮ ਆਵੇਗਾ ॥

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**

ਮਾਏ। ਹੇ ਸੰਤ ਜਨੋ ਮੇਰੀ ਬੁਧੀ ਮੇਂ ਅਨੰਦ ਤੋ ਉਸੀ ਦਿਨ ਤੇ ਭਇਆ ਹੈ ਜਿਸ ਦਿਨ ਤੇ ਸਤਿਗੁਰੂ ਮੈਨੇ ਪਾਇਆ ਹੈ ॥ ਮਾਏ। ਹੇ ਗੁਰੋ ਹੇ ਮਾਤਾ ॥

**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥** ਜਾਂ ਸਤਿਗੁਰੂ ਪਾਇਆ ਤਾਂ (ਸਹਜ ਸੇਤੀ) ਗਿਆਨ ਸੰਯੁਕਤ ਹੂਆ ਹੂੰ ਇਸੀ ਤੇ ਮੇਰੇ ਮਨ ਮੇਂ ਖੁਸ਼ੀਆਂ ਪ੍ਰਗਟ ਹੋਈਆਂ ਹੈਂ ॥

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ**

ਰਾਗ ਰਾਗਨੀਆਂ ਪ੍ਰਤੱਖ ਆਈਆਂ ਵਾ ਪ੍ਰੇਮ ਔਰ ਵੈਰਾਗ ਪਰਵਾਰ ਸਤ ਸੰਤੋਖ ਧਰਮ ਬੀਚਾਰ ਪੁਨਹ ਕਰਣਾ ਮੈਤ੍ਰੀ ਮੁਦਤਾ ਅਪੇਖਿਆ ਇਨ ਗੁਨੋਂ ਕੀ ਪੰਕਤੀਆਂ (ਸਬਦ) ਗੁਰ ਉਪਦੇਸ ਉਚਾਰਣ ਤੇ ਆਈਆਂ ਪ੍ਰਾਪਤ ਹੋਈਆਂ ਹੈਂ।

**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**

ਤਾਂਤੇ ਹੇ ਭਾਈ ਜਿਨੋਂ ਨੇ ਹਰੀ ਕੋ ਮਨ ਮੇਂ ਬਸਾਇਆ ਹੈ ਤਿਸ ਦੁਆਰੇ ਤੁਮ ਭੀ ਗੁਰ ਉਪਦੇਸ਼ ਕੋ ਉਚਾਰਣ ਕਰੋ ॥ **ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥** ਸ੍ਰੀ ਗੁਰੂ ਜੀ ਕਹਿਤੇ ਹੈਂ ਮੁਝ ਕੋ ਉਸੀ ਦਿਨ ਤੇ ਅਨੰਦ ਹੂਆ ਹੈ ਜਿਸ ਦਿਨ ਤੇ ਸਤਿਗੁਰੂ ਮੈਨੇ ਪਾਇਆ ॥੧॥

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥** ਹੇ ਮੇਰੇ ਮਨ

ਤੂੰ ਸਦਾ ਹੀ ਹਰੀ ਕੇ ਨਾਲ ਰਹੁ ॥ **ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥** ਹੇ ਮੇਰੇ ਮਨ ਹਰੀ ਕੇ ਤੂੰ ਸਾਥ ਰਹੁ ਇਸ ਸੇ ਸਭ ਦੁਖੋਂ ਕਾ ਵਰਜਨਾ ਹੋਵੇਗਾ ਭਾਵ ਸਭ ਦੁਖ ਦੂਰ ਹੋ ਜਾਨਗੇ ॥

**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥**

ਵੋਹ ਹਰੀ ਤੇਰਾ ਪੱਖ ਕਰੇਗਾ ਇਸ ਤੇ ਤੇਰਾ ਸਭ ਕਾਰਜ ਸਵਾਰਨ ਕਰੇਗਾ ॥

**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ**

ਜੋ ਸਭਨਾਂ ਗੱਲਾਂ ਮੇਂ ਸੁਆਮੀ ਸਾਮਰਥ ਹੈ ਸੋ ਤਿਸ ਕੋ ਕਿਉਂ ਮਨ ਸੇ ਵਿਸਾਰਤਾ ਹੈਂ

**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥ ੨ ॥**

ਸ੍ਰੀ ਗੁਰੂ ਜੀ ਕਹਿਤ ਹੈਂ ਹੇ ਮੇਰੇ ਮਨਾ ਤੂ ਸਦਾ ਹੀ ਹਰੀ ਕੇ ਸਾਥ ਰਹੁ ਔਰ ਐਸੇ ਪ੍ਰਾਰਥਨਾ ਕਰ ॥ ੨ ॥ **ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥** ਹੇ ਸਾਚ ਸਾਹਿਬ ਤੇਰੇ ਘਰ ਮੇਂ ਕਿਆ ਨਹੀਂ ਹੈ ਭਾਵ ਸਭੀ ਕੁਛ ਹੈ ॥ **ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥** ਤੇਰੇ ਘਰ ਤਾਂ ਸਭ ਕੁਛ ਸਭ ਪਦਾਰਥ ਹੈ ਪਰੰਤੂ ਜਿਸ ਕੋ ਤੂੰ ਦੇਤਾ ਹੈਂ ਸੋ ਪਾਵਤਾ ਹੈ ॥ **ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥** ਹੇ ਸਿਫਤੀ ਸਦਾ ਤੇਰਾ ਸਲਾਹਨਾ ਕਰਤੇ ਹੈਂ ਪੁਨਾ ਤੇਰੇ ਨਾਮ ਕੋ ਹੀ ਮਨ ਮੇਂ ਵਸਾਵਤੇ ਹੈਂ । ਸਲਾਹ-ਉਸਤਤੀ ॥

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**

ਜਿਨਕੇ ਮਨ ਮੇਂ ਤੇਰਾ ਨਾਮ ਵਸਿਆ ਹੈ ਉਨ ਕੇ ਜਸ ਰੂਪ ਬਹੁਤ ਵਾਜੇ ਵਜੇ ਹੈਂ ॥

**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥ ੩ ॥**

ਸ੍ਰੀ ਗੁਰੂ ਜੀ ਕਹਿਤ ਹੈਂ ਹੇ ਸੱਚੇ ਸਾਹਿਬ ਤੇਰੇ ਘਰ ਮੇਂ ਕਿਆ ਨਹੀਂ ਅਰਥਾਤ ਸਭ ਕੁਛ ਹੈ ॥

**ਸਾਚਾ ਨਾਮੁ ਮੇਰਾ ਆਧਾਰੋ ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥** ਸੱਚਾ ਨਾਮੁ ਹੀ ਮੇਰਾ ਆਸਰਾ ਹੈ । ਐਸਾ ਸੱਚਾ ਨਾਮੁ ਮੇਰਾ ਅਧਾਰੁ ਹੂਆ ਹੈ ਜਿਸ ਨੇ ਭੁੱਖਾਂ ਸਭ ਗਵਾਇ ਦਿਤੀਆਂ ਹੈਨ ॥

**ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥** ਪੁਨਹ ਮਨ ਮੇਂ ਸ਼ਾਂਤਿ ਕਰੀ ਹੈ ਔਰ ਸੁਖ ਸਰੂਪ

ਪਰਮਾਤਮਾ ਮੇਰੇ ਮਨ ਮੈਂ ਆਇ ਵਸਿਆ ਹੈ ਵੁਹ ਕੈਸਾ ਪਰਮਾਤਮਾ ਹੈ ਜਿਸਨੇ ਸਭ ਇਛਾਂ ਪੂਰੀਆਂ ਕਰੀਆਂ ਹੈਂ ॥ **ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸਦੀਆ ਏਹ ਵਡਿਆਈਆ ॥** ਇਸੀ ਤੇ ਮੈਂ ਸਦਾ ਅਪਨਾ ਆਪ ਗੁਰੋਂ ਕੇ ਉਪਰ ਕੁਰਬਾਨ ਕੀਤਾ ਹੈ ਜਿਸ ਗੁਰੂ ਕੀਆਂ ਇਹ ਵਡਿਆਈਆਂ ਹੈਂ (ਵਿਟਹੁ) ਉਪਰ ॥ **ਕਹੈ ਨਾਨਕ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥** ਸ੍ਰੀ ਗੁਰੂ ਜੀ ਕਹਿਤੇ ਹੈਂ ਸੁਣੋ ਹੇ ਸੰਤੋ ਤੁਸੀ ਭੀ ਗੁਰੂ ਉਪਦੇਸ਼ ਮੈਂ ਪਿਆਰ ਧਾਰੋ ॥ **ਸਾਚਾ ਨਾਮ ਮੇਰਾ ਆਧਾਰੋ ॥ ੪ ॥** ਔਰ ਮੇਰਾ ਤਾਂ ਸੱਚਾ ਨਾਮ ਹੀ ਆਸਰਾ ਹੈ ॥੪॥ **ਵਾਜੇ ਪੰਚ ਸਬਦਿ ਤਿਤੁ ਘਰ ਸਭਾਗੈ ॥** ਤਿਸ ਸਭਾਗੇ ਘਰ ਮੈਂ ਪੰਚ ਸਬਦੋਂ ਕੇ ਬਾਜੇ ਬਜੇ ਹੈਂ ॥ **ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥** ਵਾਹਿਗੁਰੂ ਨੇ ਅਪਨੀ ਸ਼ਕਤੀ ਜਿਸ ਘਰ ਮੈਂ ਵਿਸ਼ੇਸ਼ ਧਾਰੀ ਹੈ ਤਿਸ ਸਭਾਗ ਘਰ ਸਰੀਰ ਵਾ ਸਤਸੰਗ ਮੈਂ ਸ਼ਬਦ ਬਾਜੇ ਹੈਂ ॥ **ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ।** ਤਿਸਨੇ ਪੰਚ ਦੂਤ ਕਾਮਾਦਿ ਤੇਰੇ ਭਰੋਸੇ ਪਰ ਵਸ ਕੀਤੇ ਹੈਂ ਪੁਨਾ ਕਾਲ ਜੋ ਦੁਖ ਦਾਈ ਥਾ ਸੋ ਤਿਨੇਂ ਪੁਰਸ਼ੋਂ ਨੇ ਮਾਰਿਆ ਹੈ। ਕੰਟਕੁ ਕੰਡਾ ਸੂਈ ਕਾ ਅਗਲਾ ਪਾਸਾ॥ਸਤੂ **ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ।** ਆਦੋਂ ਹੀ ਸੁਭ ਕਰਮੁ (ਪਾਇਆ) ਪ੍ਰਾਪਤਿ ਕੀਆ ਹੈ ਸੋ ਪੁਰਸ਼ ਹੇਹਰੀ (ਤੁਧ) ਤੇਰੇ ਨਾਮ ਮੈਂ ਲਾਗ ਹੈਂ ॥ ਸਿ। ਵੁਹ। ਸੋ॥ **ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥੫।** ਸ੍ਰੀ ਗੁਰੁ ਜੀ ਕਹਿਤੇ ਹੈਂ ਤਿਸਕੇ ਅੰਤਸ਼ਕਰਣ ਮੈਂ ਸੁਖ ਹੂਆ ਹੈ ਔਰ ਤਿਸਕੇ (ਘਰ) ਰਿਦੇ ਮੇਂ ਏਕ ਰਸ ਸਬਦ ਬਾਜੇ ਹੈਂ ਤੇਰੇ ਸੰਬੰਧੀ ਗੀਤ ਗਾਇਨ ਕਰਤੇ ਹੈਂ॥੫॥ **ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥** ਸੱਚੀ ਪ੍ਰੀਤ ਤੋਂ ਬਿਨਾ ਦੇਹ (ਨਿਮਾਣੀ) ਮਾਨ ਤੇ ਰਹਤ ਹੈ ॥ **ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥** ਦੇਹੀ ਮਾਨ ਤੇ ਰਹਤ ਹੈ ਪ੍ਰੀਤੀ ਬਿਨਾ ਤੇ ਇਹੁ ਵਿਚਾਰੀ ਕਿਆ ਕਰੇ ਭਾਵ ਇਹ ਨਿਸ਼ਫਲ ਹੈ ਅਰਥਾਤ ਉਤਮ ਸ੍ਰੇਸ਼ਟ ਬ੍ਰਿਤੀ ਬਿਨਾ ਸੂਖਮ ਦੇਹ ਭਾਵ ਅੰਤਹ ਕਰਣ ਨਿਕੰਮਾ ਹੈ। ਜਿਵੇਂ

ਇਕ ਰਸ ਰਿਤੀ ॥ **ਪ੍ਰਭੂ ਸਮਰਥ ਇਨਾ ਹੀ ਕ੍ਰਿਪਾ ਕਰਿ ਬਨਵਾਰੀਆ** ॥ ਤੇਰੇ ਬਿਨਾ ਦੇਹ ਕੇ ਸਫਲ ਕਰਨੇ ਕੋ ਕੋਈ ਸਮਰਥ ਨਹੀਂ ਹੈ ਤਾਂਤੇ ਹੇ ਸੰਸਾਰ ਬਨਕੇ ਵਾਲੀ ਪਰਮੇਸ਼ੁਰ ਤੂੰ ਕ੍ਰਿਪਾ ਕਰ ਜਿਸ ਤੇ ਸਫਲ ਹੋਵੈਂ ॥ (ਬਨਵਾਰੀ) ਸ੍ਰੀ ਕ੍ਰਿਸ਼ਨ ਜੀ ॥

**ਏਸਨਉ ਹੋਰ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥** ਇਸ ਦੇਹੀ ਕੇ ਸਫਲ ਕਰਨੇ ਕੋ ਤੇ ਔਰ ਕੋਈ ਸਥਾਨ ਨਹੀ ਹੈ ਇਹ ਤੋ ਗੁਰ ਉਪਦੇਸ਼ ਸਾਥ ਲਾਗ ਕੇ ਹੀ ਗੁਰਮੁਖਾਂ ਨੇ ਸਵਾਰੀ ਹੈ ॥

**ਕਹੈ ਨਾਨਕੁ ਲਿਵੈ ਬਾਝੁ ਕਿਆ ਕਰੇ ਵੇਚਾਰੀਆ॥੬॥** ਸ੍ਰੀ ਗੁਰੂ ਜੀ ਕਹਤੇ ਹੈਂ ਏਕ ਪ੍ਰੀਤੀ ਥੋਂ ਬਿਨਾ ਇਹੁ ਬਿਚਾਰੀ ਜੜ ਦੇਹ ਕਿਆ ਕਰੇ ॥੬॥ **ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥** ਮੇਰੇ ਕੋ ਦੇਖਕਰਿ ਕੇ ਜਨਮ ਮੇਂ ਆਨੰਦ ਕੀ ਪ੍ਰਾਪਤੀ ਹੈ ਬਾਰੰਬਾਰ ਸਭ ਕੋਈ ਕਹਤਾ ਹੈ ਪਰੰਤੂ ਪੂਰਾ ਆਨੰਦ ਗੁਰੂ ਤੋਂ ਜਾਣਿਆ ਹੈ। ਭਾਵ ਸਰੂਪ ਗਿਆਨ ਕਾ ਆਨੰਦ ਪੂਰਾ ਹੈ ਗੁਰੂ ਤੇ ਪ੍ਰਾਪਤ ਹੋਤਾ ਹੈ। ਮਾਨੁਖ ਲੋਕ ਕੇ ਆਨੰਦ ਸੇ ਪ੍ਰਜਾਪਤਿ ਕੇ ਲੋਕ ਪਰਯੰਤ ਜੇਤੇ ਆਨੰਦ ਹੈਂ ਤਿਨ ਸਭ ਸੇ ਨਾਮ ਭਗਤੀ ਕਾ ਆਨੰਦ ਵੱਡਾ ਹੈ ॥ **ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥** ਅਰਥਾਤ ਆਨੰਦ ਗੁਰ ਉਪਦੇਸ਼ ਸੇ ਜਾਣਿਆ ਹੈ। ਪ੍ਰਸ਼ਨ– ਗੁਰੂ ਕੈਸੇ ਮਿਲਤੇ ਹੈਂ ? ਉਤਰ –ਹੇ ਪਿਆਰਿਆ ਜਬ ਵਾਹਿਗੁਰੂ ਕਿਰਪਾ ਕਰਤਾ ਹੈ ॥ **ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥** ਕਿਰਪਾ ਕਰਕੇ ਜਿਸਕੇ ਪਾਪ ਕਟੇ ਹੈਂ ਪੁਨਃ ਤਿਸਕੇ ਗਿਆਨ ਅੰਜਨ (ਸਾਰਿਆ) ਪਾਇਆ ਹੈ ॥ **ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥** ਜਿਨੋਂ ਕਾ ਅੰਦਰੋਂ ਮੋਹ ਟੁਟਾ ਹੈ ਤਿਨੋਂ ਕਾ (ਸਬਦ) ਵਾਕ ਸੱਚੇ ਨੇ ਸਵਾਰਿਆ ਹੈ ॥ **ਕਹੈ ਨਾਨਕੁ ਏਹੁ ਆਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥** ਸ੍ਰੀ ਗੁਰੂ ਜੀ ਕਹਿਤੇ ਹੈਂ ਇਹ ਜੋ ਸਰੂਪਾਨੰਦ ਹੈ ਸੋ ਆਨੰਦ ਗੁਰੋਂ ਤੇ ਜਾਣਿਆ ਹੈ ॥੭॥ **ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥** ਹੇ ਪ੍ਰਮੇਸ਼ੁਰ ਜਿਸਕੋ ਤੂੰ ਦੇਤਾ ਹੈਂ ਸੋ ਪੁਰਸ਼ **ਵੇਚਾਰਿਆ॥ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰੇ** ਪਾਵਤਾ ਹੈ ॥ ਸੋ ਜਨ ਪਾਵਤਾ ਹੈ ਤੂੰ ਜਿਸ ਨੂੰ ਦੇਤਾ ਹੈਂ ਹੋਰ ਬਿਚਾਰੇ ਕਿਆ

Sri Satguru Jagjit Singh Ji Elibrary NamdhariElibrary@gmail.com

ਕਰ ਸਕਤੇ ਹੈਂ ॥ **ਇਕਿ ਭ੍ਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ ॥** ਏਕ ਭਰਮ ਕਰਕੇ ਭੂਲੇਹੂਏ ਦਸੋ ਦਿਸ਼ੋ ਮੇਂ ਫਿਰਤੇ ਹੈਂ ਇਕ ਜੋ ਤੂਧ ਨਾਮੀਮੇਂ ਲਾਗੇ ਹੈਂ ਸੋ ਤਿਨੋ ਕਾ ਜਨਮ ਤੈਨੇ ਸਵਾਰਿਆ ਹੈ ॥ **ਗੁਰਪਰਸਾਦੀਮਨੁ ਭਇਆਨਿਰਮਲ ਜਿਨਾਭਾਣਾਭਾਵਏ।** ਜਿਨੋ ਕੋ ਗੁਰੋਂ ਕੀ ਕ੍ਰਿਪਾ ਸੇ ਤੇਰਾ ਭਾਣਾ ਭਾਉਂਦਾ ਹੈ ਤਿਨਾਂ ਦਾ ਮਨ ਨਿਰਮਲ ਭਇਆ ਹੈ ॥

**ਕਹੈ ਨਾਨਕ ਜਿਸੁ ਦੇਹਿ ਪਿਆਰੇ ਸੋਈਜਨੁ ਪਾਵਏ ॥੮॥**

ਸੀ ਗੁਰੂ ਜੀ ਕਹਤੇ ਹੈਂ ਜਿਸਕੋ ਤੂੰ ਭਾਵਣਾ ਮਾਨਣੇਕੋ ਦੇਤਾਹੈਂ ਹੇ ਪਿਆਰਿਆ ਸੋਈ ਪੁਰਖ ਤੇਰੇ ਕੋ ਪਾਵਤਾ ਹੈ ॥ ੮ ॥

**ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥**

ਹੇ ਸੰਤ ਪਿਆਰਿਓ ਆਵੋ ਮਿਲਕੇ (ਅਕਥ) ਵਾਹਿਗੁਰੂ ਕੀ ਕਹਾਣੀਕਰੀਏ ॥

**ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ॥**

ਪਰਮੇਸ੍ਵਰਕੀ ਕਥਾ ਕਰੀਏ ਅਰਥ ਔਰ ਏਹ ਬੀਚਾਰ ਕਰੀਏ ਕਿ(ਕਿਤੁ)ਕਿਸ ਸਾਧਨ ਦੁਆਰਾ ਹਰੀ ਕੋ ਪਾਈਤਾ ਹੈ ॥

**ਤਨੁਮਨੁਧਨੁ ਸਭੁਸਉਪਿ ਗੁਰਕਉ ਹੁਕਮਿਮੰਨਿਐਪਾਈਐ ॥** ਪਰੰਤੂ ਤਨ ਮਨ ਧਨ ਸਭ ਗੁਰੋਂ ਕੋ ਸੌਂਪ ਕਰਕੇ ਪ੍ਰਮੇਸ੍ਵਰ ਕੇ ਹੁਕਮ ਮੰਨਣੇ ਸੇ ਪਰਮੇਸ੍ਵਰ ਪਾਈਤਾ ਹੈ ॥ **ਹੁਕਮ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥** ਤਾਂਤੇ ਗੁਰੂ ਕਾ ਹੁਕਮ ਮੰਨੋ ਅਰੁ ਸਚੀ ਬਾਣੀ ਕੋ ਗਾਵੋ॥ **ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ॥ ੯ ॥** ਸ੍ਰੀ ਗੁਰੂ ਜੀ ਕਹਿਤੇਹੈਂ ਹੇ ਸੰਤੋ ਸੁਣੋ ਔ ਅਕਥਕੀ ਕਹਾਣੀ ਕਥਨ ਕਰੋ ॥੯॥ **ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥** ਹੇ ਚੰਚਲ ਮਨਾ ਚਤੁਰਾਈ ਕਰਕੇ ਭਗਵੰਤ ਕੋ ਕਿਸੀ ਨੇ ਨਹੀ ਪਾਇਆ ਹੈ ॥ **ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ।** ਹੇ ਮੇਰੇ ਮਨਾ ਤੂੰ ਸੁਨ ਚਤੁਰਾਈ ਕਰਕੇ ਵਾਹਿਗੁਰੂ ਕਿਸੀ ਨੇ

ਨਹੀਂ ਪਾਇਆ ਹੈ॥ ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ
ਭੁਲਾਇਆ ॥ ਏਹ ਜੋ ਮਾਇਆ ਹੈ ਸੋ ਮੋਹਣੀ ਹੈ ਜਿਸਨੇ ਇਸ ਸੰਸਾਰ
ਕੇ ਭਰਮ ਮੇਂ ਜੀਵ ਕੋ ਭੁਲਾਇਆ ਹੈ ॥ ਮਾਇਆ ਤ ਮੋਹਣੀ ਤਿਨੈ
ਕੀਤੀ ਜਿਨਿ ਠਗਉਲੀ ਪਾਈਆ ॥ ਪਰੰਤੂ ਮਾਇਆ ਮੋਹਨ
ਹਾਰੀ ਤਿਸ ਵਾਹਿਗੁਰੂ ਨੇ ਕੀਤੀ ਹੈ ਜਿਸਨੇ ਭਰਮ ਕੀ ਠਗੀ ਪਾਈ ਹੈ। ਠਗ
ਉਲੀ। ਠਗੀ। ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ
ਮੋਹ ਮੀਠਾ ਲਾਇਆ ॥ ਤਿਸ ਉਪਰੋਂ ਮੈਂ ਆਪਣਾ ਆਪ ਕੁਰਬਾਣ
ਕੀਤਾ ਹੈ ਜਿਸ ਵਾਹਿਗੁਰੂ ਨੇ ਮੋਹ ਮੀਠਾ ਲਾ ਦੀਆ ਹੈ ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ।੧੦।
ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਮਨ ਚੰਚਲ ਚਤੁਰਾਈ ਕਰਕੇ ਵਾਹਿਗੁਰੂ ਕੋ ਕਿਸੀ
ਨੇ ਨਹੀਂ ਪਾਇਆ ਹੈ ॥ ੧੦ ॥ ਏ ਮਨ ਪਿਆਰਿਆ ਤੂ ਸਦਾ
ਸਚੁ ਸਮਾਲੇ ॥ ਹੇ ਪਿਆਰਿਆ ਮਨਾ ਤੂੰ ਸਦਾ ਸੱਚ ਕੋ ਸਮਾਲ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਹੇ ਮਨ ਤੂੰ ਏਹ ਕੁਟੰਬੁ ਜੋ ਦੇਖਤਾ ਹੈਂ ਸੋ ਤੇਰੇ ਨਾਲ ਨਹੀਂ ਚਲੇਗਾ(ਜਿ)ਜੋ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
ਤੇਰੇ ਸਾਥ ਜੋ ਚਲਨੇ ਵਾਲਾ ਹੀ ਨਹੀਂ ਤੋ ਤੂੰ ਤਿਸ ਕੇ ਸਾਥ ਚਿਤ ਕੋ ਕਿਉਂ ਲਗਾਤਾ ਹੈਂ
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
ਐਸਾ ਕੰਮ ਤੋ ਕਦੇ ਨਾ ਕਰਨਾ ਚਾਹੀਏ ਜਿਸ ਕਰਕੇ ਅੰਤ ਕੋ ਪਸਚਾਤਾਪ ਕਰੀਏ
ਸਤਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥ ਹੇ ਮਨ
ਸਤਿਗੁਰੋਂ ਕਾ ਉਪਦੇਸ਼ ਤੂੰ ਸੁਣ ਜੋ ਅੰਤ ਕੋ ਤੇਰੇ ਸਾਥ ਸਹਾਇਕ ਹੋਵੇਗਾ।
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥
ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਪਿਆਰੇ ਮਨ ਤੂੰ ਸਦਾ ਸਚੁ ਕੋ ਸਮਾਲ ਔਰ ਐਸੇ
ਉਸਤਤੀ ਕਰ ॥੧੧॥ ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ॥
ਹੇ ਪਰਮੇਸ਼ੁਰ ਮਨ ਬਾਣੀ ਕਰਕੇ ਜਾਨਨੇ ਕੋ ਕਠਨ ਸੋ ਤੂੰ ਹੈਂ ਤੇਰਾ ਅੰਤ ਕਿਸੀ

Sri Satguru Jagjit Singh Ji Elibrary NamdhariElibrary@gmail.com

ਨੇ ਨਹੀਂ ਪਾਯਾ ਹੈ। (ਅਗਮ) ਪਰਮਾਤਮਾ॥ ਅੰਤੋ ਨ ਪਾਇਆ ਕਿਨੈ
ਤੇਰਾ ਆਪਣਾ ਆਪੂ ਜਾਣਹਿ ॥ ਤੇਰਾ ਅੰਤ ਕਿਸੀਨੇ ਨਹੀਂ ਪਾਯਾ
ਹੈ ਤੂੰ ਹੀ ਆਪਨੇ ਆਪਕੋ ਜਾਨਤਾ ਹੈਂ॥ ਜੀਅ ਜੰਤ ਸਭਿ ਖੇਲੁ ਤੇ-
ਰਾ ਕਿਆ ਕੋ ਆਖਿ ਵਖਾਣਏ॥ ਇਹ ਜੋ ਸੂਖਮ ਅਸਥੂਲ ਜੀਵ ਹੈਂ
ਸੋ ਤੇਰਾ ਹੀ ਸਭ ਖੇਲ ਕੀਆ ਹੂਆ ਹੈ ਕਿਆ ਕੋਈ ਤੇਰੇ ਪ੍ਰਸੰਗਾਂ ਕਾ ਵਖਯਾਨ ਕਰੇ॥
ਆਖਹਿ ਤ ਵੇਖਹਿ ਸਭੁ ਤੂ ਹੈ ਜਿਨਿ ਜਗਤੁ ਉਪਾਇਆ॥
ਆਖਨੇ ਹਾਰਾ ਔਰ ਵੇਖਣੇ ਵਾਲਾ ਸਭ ਤੂੰ ਹੀ ਹੈਂ ਜਿਸ ਤੈਨੇ ਏਹ ਜਗਤ
ਉਤਪੰਨ ਕੀਆ ਹੈ। (ਤ) ਔਰ॥ ਕਹੈ ਨਾਨਕੁ ਤੂੰ ਸਦਾ ਅਗੰਮੁ
ਹੈ ਤੇਰਾ ਅੰਤੁ ਨ ਪਾਇਆ ॥ ੧੨ ॥ ਸ੍ਰੀ ਗੁਰੂ ਜੀ ਕਹਿਤੇ ਹੈਂ
ਤੂੰ ਸਦਾ ਹੀ ਪਾਵਣਾ ਕਠਨ ਹੈਂ ਇਸੀ ਤੇ ਤੇਰਾ ਅੰਤ ਕਿਸੀ ਨੇ ਭੀ ਨਹੀਂ ਪਾਇ-
ਆ ਹੈ ॥ ੧੨ ॥ ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ
ਅੰਮ੍ਰਿਤੁ ਗੁਰ ਤੇ ਪਾਇਆ॥ ਦੇਵਤਾ ਔਰ ਪੁਰਸ਼ ਔਰ ਮੁਨੀ ਜਨ
ਜਿਸ (ਅਮ੍ਰਿਤ) ਆਤਮਾਨੰਦ ਕੋ ਖੋਜਤੇ ਹੈਂ ਸੋ ਆਤਮਾਨੰਦ ਹਮਨੇ ਗੁਰੋਂ ਸੇ
ਪਾਇਆ ਹੈ॥ ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ
ਮੰਨਿ ਵਸਾਇਆ॥ ਜਬ ਗੁਰੋਂ ਨੇ ਕ੍ਰਿਪਾ ਕੀਨੀ ਤੋ ਆਤਮਾਨੰਦ ਕੋ ਪਾ-
ਇਆ ਹੈ। ਪੁਨਾ ਸੱਚਾ ਸੁਖ ਮਨਮੇਂ ਵਸਾਇ ਲੀਆ ਹੈ॥ ਜੀਅ ਜੰਤ
ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥
ਸੂਖਮ ਅਸਥੂਲ ਜੀਵ ਸਭ ਤੈਨੇ ਹੀ ਉਪਾਏ ਹੈਂ ਇਕਨਾਂ ਗੁਰਮੁਖਾਂ ਨੇ ਤਾਂ ਤੇਰੇ
ਸਰੂਪ ਕੋ ਦੇਖ ਲੀਆ ਏਕ ਜਗਿਆਸੂ ਸਤਿਸੰਗ ਕੋ ਅਬੀ ਪਰਸਣ ਆਇਆ
ਹੈ। (ਪਰਸਣਿ) ਪੂਜਨੇ ਹੇਤ ਦਰਸਣ ਕਰਨੇ॥ ਲਬੁ ਲੋਭੁ ਅਹੰਕਾਰੁ
ਚੂਕਾ ਸਤਿਗੁਰੂ ਭਲਾ ਭਾਇਆ॥ ਜਿਸਕਾ ਲਬ ਲੋਭ ਤਥਾ ਹੰ-
ਕਾਰ ਦੂਰ ਹੂਆ ਹੈ ਸੋ ਸਤਿਗੁਰੋਂ ਕੋ ਭਲਾ ਭਾਇਆ ਹੈ ਵਾ ਜਿਸਕੋ ਸਤਿਗੁਰ
ਕਾ ਉਪਦੇਸ਼ ਪਿਆਰਾ ਲਾਗਾ ਹੈ॥ ਕਹੈ ਨਾਨਕ ਜਿਸਨੋ ਆਪਿ
ਤੁਠਾ ਤਿਨਿ ਅੰਮ੍ਰਿਤ ਗੁਰਤੇ ਪਾਇਆ॥ ੧੩ ॥
ਸ੍ਰੀ ਗੁਰੂ ਜੀ ਕਹਤੇ ਹੈਂ ਜਿਸਕੋ ਆਪ ਕ੍ਰਿਪਾਲ ਹੂਆ ਹੈ ਤਿਸਨੇ ਆਤਮਾਨੰਦ

Sri Satguru Jagjit Singh Ji Elibrary NamdhariElibrary@gmail.com

ਗੁਰੋਂ ਤੇ ਪਾਇਆ ਹੈ ॥ ੧੩ ॥ **ਭਗਤਾ ਕੀ ਚਾਲ ਨਿਰਾਲੀ॥** ਭਗਤੋਂ ਕੀ ਚਾਲ ਸੰਸਾਰ ਸੇ ਨਿਰਾਲੀ ਹੋਤੀ ਹੈ। **ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥** ਭਗਤੋਂ ਕੀ ਚਾਲ ਨਿਰਾਲੀ ਹੈ ਕਿਉਂਕਿ ਕਠਨ ਹੈ ਜੋ ਉਨ ਭਗਤੋਂ ਨੇ ਭਗਤੀ ਕੇ ਕਠਨ ਰਸਤੇ ਮੇਂ ਚ-ਲਣਾ ਹੈ॥ **ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ ਬਹੁਤ ਨਾਹੀ ਬੋਲਣਾ॥** ਪੁਨਃ ਨਿਰਬਾਹ ਮਾਤ੍ਰ ਸੇ ਅਧਿਕ ਖਾਣਾ ਲਬ ਔਰ ਸੰਚੇ ਰੂਪ ਲੋਭ ਔਰ ਹੰਕਾਰ ਪੁਨਃ ਤ੍ਰਿਸ਼ਨਾ ਕੋ ਤਿਆਗ ਕੇ ਤਥਾ (ਬਹੁਤ) ਬੇ ਮਰਯਾਦਾ ਬੋਲਣਾ ਭੀ ਨਹੀਂ ਕਹਿਤੇ ਹੈਂ॥ **ਖੰਨਿਅਹ ਤਿਖੀ ਵਾਲਹ ਨਿਕੀ ਏਤੁ ਮਾਰਗਿ ਜਾਣਾ।** ਜਿਸਕੀ ਧਾਰ ਖੰਡੇ ਸੇ ਤੇ ਤਿੱਖੀ ਹੈ ਔਰ ਵਾਲ ਸੇ ਬਰੀਕ ਸਮਝਣਾ ਹੈ ਜਿਸ ਭਗਤੀ का ਇਸ ਰਸਤੇ ਪਰ ਤਿਨੋਂ ਭਗਤੋਂ ਕਾ ਚਲਨਾ ਹੈ। (ਖੰਨਿਅਹੁ) ਖੰਡਾ ਤਲਵਾਰ (ਏਤੁ) ਇਸ। **ਗੁਰਪ੍ਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥** ਗੁਰੋਂ ਕੀ ਕਿਰਪਾ ਸੇ ਜਿਨੋਂ ਨੇ ਆਪਾ ਭਾਵ ਤਜਿਆ ਹੈ ਔਰ ਹਰਿ ਕੀ ਕੀਰਤੀ ਮੇਂ ਜਿਨਕੀ ਵਾਸਨਾ ਸਮਾਈ ਹੁਈ ਹੈ ਭਾਵ ਔਰ ਪਦਾਰਥੋਂ ਕੀ ਵਾਸਨਾ ਜਿਨਕੋ ਨਹੀਂ ਹੈ॥ **ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗ ਨਿਰਾਲੀ॥੧੪॥** ਸ੍ਰੀ ਗੁਰੂ ਜੀ ਕਹਿਤੇ ਹੈਂ ਭਗਤੋਂ ਕੀ (ਚਾਲ) ਰੀਤੀ (ਜੁਗਹੁ ਜੁਗ) ਸਭ ਜੁਗੋਂ ਮੇਂ ਭਾਵ ਸਦਾ ਸਦਾ ਨਿਰਾਲੀ ਹੈ॥ ੧੪ ॥ ਭਗਤ ਜਨ ਐਸੇ ਬੇਨਤੀ ਕਰਤੇ ਹੈਂ॥

**ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ॥** ਹੇ ਸੁਆਮੀ ਜੈਸੇ ਤੁਮ ਚਲਾਂਵਦੇ ਹੋ ਤਿਸੀ ਤਰਹਿ ਹਮ ਚਲਤੇ ਹੈਂ ਹੋਰ ਮੈਂ ਕਿਆ ਜਾਨਤਾ ਹੂੰ ਜੋ ਤੇਰੇ ਮੈਂ ਗੁਣ ਕੌਨ ਕੌਨ ਹੈਂ॥ **ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ॥** ਜਿਸ ਪ੍ਰਕਾਰ ਤੂੰ ਚਲਾਵਤਾ ਹੈਂ ਤਿਸੀ ਪ੍ਰਕਾਰ ਇਹ ਜੀਵ ਚਲਤੇ ਹੈਂ। ਪੁਨਾ ਜਿਨਾਂ ਪੁਰਸ਼ਾਂ ਕੋ ਭਗਤੀ ਕ ਰਸਤੇ ਪਾਵਤਾ ਹੈਂ ਸੋਈ ਪੈਂਦੇ ਹੈਂ।

**ਕਰਿ ਕ੍ਰਿਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ।** ਕ੍ਰਿਪਾ ਕਰਕੈ ਜਿਨਕੋ ਨਾਮ ਮੇਂ ਲਾਵਤਾ ਹੈਂ ਸੋ ਪੁਰਸ਼ ਹੇ ਹਰੀ

ਤੇਰੇ ਨਾਮ ਕੋ ਧਿਆਵਤੇ ਹੈਂ ॥ **ਜਿਸਨੋ ਕਥਾ ਸੁਣਾਇਹਿ ਆਪਣੀ ਸਿ ਗੁਰ ਦੁਆਰੈ ਸੁਖੁ ਪਾਵਹੇ॥** ਪੁਨਾ ਜਿਸਕੋ ਤੂੰ ਆਪਣੀ ਕਥਾ ਸੁਣਾਵਤਾ ਹੈਂ ਸੋ ਪੁਰਸ਼ ਗੁਰੋਂ ਦੁਆਰੇ ਸੁਣਕੇ ਸੁਖ ਪਾਵਤੇ ਹੈਂ ॥ **ਕਹੁ ਨਾਨਕ ਸਚੇ ਸਾਹਿਬ ਜਿਉ ਭਾਵਤਿ ਵੈ ਚਲਾਵਹੇ ॥੧੫॥** ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਮੇਰੇ ਸੱਚੇ ਸਾਹਿਬ ਜਿਸਤਰਾਂ ਤੇਰੇ ਕੋ ਭਾਵਤਾ ਹੈ ਤਿਸੀ ਪ੍ਰਕਾਰ ਤੂੰ ਜੀਆਂ ਕੋ ਚਲਾਵਤਾ ਹੈਂ ॥ ੧੫ ॥

**ਏਹੁ ਸੋਹਿਲਾ ਸਬਦ ਸੁਹਾਵਾ ॥** ਏਹ (ਸਬਦੁ) ਗੁਰੂ ਉਪਦੇਸ ਰੂਪ ਜਸੁ ਬਹੁਤ ਸੁੰਦਰ ਹੈ (ਸੋਹਿਲਾ) ਜਸਕੇ ਬਚਨ (ਉਤਸਾਹ) ਅਨੰਦ (ਸੁਹਾਵਾ) ਸੋਹਨਾ ॥ **ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥** ਗੁਰ ਉਪਦੇਸ ਰੂਪ ਜਸੁ ਸਦਾ ਹੀ ਸੁਹਾਵਾ ਹੈ ਪਰੰਤੂ ਜਿਸ ਕੋ ਸਤਿਗੁਰੋਂ ਨੇ ਉਪਦੇਸ ਸੁਣਾਇਆ ਹੈ ਤਿਸਨੇ ਸੁਨਾ ਹੈ ॥ **ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥** ਇਹ ਤਿਨ ਕੇ ਮਨ ਮੈਂ ਵਸਿਆ ਹੈ ਜਿਨਕੋ ਧੁਰੋ ਹੀ ਲੇਖੋਂ ਮੈਂ ਲਿਖਿਆ ਆਇਆ ਹੈ। **ਇਕ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥** ਇਕ ਬਹੁਤ ਗਲਾਂ ਕਰਤੇ ਫਿਰਤੇ ਹੈਂ ਪਰੰਤੂ ਗਲਾ ਕਰਕੇ ਕਿਸੀ ਨੇ ਨਹੀਂ ਪਾਇਆ ਹੈ ॥ **ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ॥੧੬॥** ਸ੍ਰੀ ਗੁਰੂ ਜੀ ਕਹਤੇ ਹੈਂ ਇਹ ਗੁਰ ਉਪਦੇਸੁ ਰੂਪ ਜੋ ਜਸੁ ਹੈ ਜਿਸ ਪਰ ਗੁਰੂ ਕਿਰਪਾਲ ਹੂਏ ਹੈਂ ਤਿਸੀ ਕੋ ਹੀ ਸੁਨਾਇਆ ਹੈ ॥ ੧੬ ॥ **ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ॥** ਸੋ ਜਨ ਪਵਿਤ੍ਰ ਹੂਏ ਹੈਂ ਜਿਨੋਂ ਨੇ ਹਰਿ ਕੋ ਧਿਆਇਆ ਹੈ॥ **ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥** ਹਰਿ ਜਿਨੋ ਨੇ ਧਿਆਇਆ ਹੈ ਸੋ ਪਵਿਤ੍ਰ ਹੋਏ ਹੈਂ ਪਰੰਤੂ ਜਿਨੋਂ ਨੇ ਗੁਰੋਂ ਦੁਆਰੇ ਧਿਆਇਆ ਹੈ ਤਿਨਕਾ ਧਿਆਨ ਸਫਲ ਹੈ ॥ **ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ॥**

Sri Satguru Jagjit Singh Ji Elibrary NamdhariElibrary@gmail.com

ਮਾਤਾ ਪਿਤਾ ਸਿਉ ਪੁਨਾ ਕੁਟੰਬ ਕੇ ਸੰਜੁਗਤ ਹੀ ਪਵਿਤ੍ਰ ਹੂਏ ਹੈਂ ਔਰ ਉਨ ਕੀ ਸੰਗਤ ਭੀ ਸਭ ਪਵਿਤ੍ਰ ਹੈ (ਸਿਉ) ਸਾਥ(ਸਬਾਈਆ)ਸਭੀ ॥ **ਕਹਿਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥** ਕਹਣੇ ਵਾਲੇ ਸੁਨਨੇ ਵਾਲੇ ਸਭ ਪਵਿਤ੍ਰ ਹੈਂ ਔਰ ਵੁਹ ਭੀ ਪਵਿਤ੍ਰ ਹੈਂ ਜਿਨੋਂ ਨੇ ਮਨ ਮੈਂ ਵਸਾਇਆ ਹੈ ॥ **ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ॥੧੭॥** ਸ੍ਰੀ ਗੁਰੂਜੀ ਕਹਤੇ ਹੈਂ ਸੋ ਪੁਰਸ਼ ਪਵਿਤ੍ਰ ਹੈਂ ਜਿਨੋਂ ਨੇ ਗੁਰੋਂ ਦ੍ਵਾਰੇ ਹਰੀ ਹਰਿ ਨਾਮ ਕੋ ਧਿਆਇਆ ਹੈ ॥ **ਕਰਮੀ ਸਹਜੁ ਨ ਊਪਜੈ ਵਿਣ ਸਹਜੈ ਸਹਸਾ ਨ ਜਾਇ॥** ਕੇਵਲ ਕਰਮ ਕਾਂਡੋਂ ਕੋ (ਸਹਿਜ) ਗਿਆਨ ਨਹੀਂ ਉਤਪੰਨ ਹੋਤਾ ਔਰ ਬਿਨਾ ਗਜਾਨ ਤੇ ਮਨਕਾ ਸੰਦੇਹ ਨਹੀਂ ਜਾਤਾ ਹੈ ॥ **ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਇ॥** ਨਹੀਂ ਸੰਦੇਹ ਜਾਤਾ ਹੋਰ ਕਿਸੀ ਉਪਾਉ ਸੇ ਬਹੁਤੇਰੇ ਕਰਮ ਕਮਾਇ ਰਹੇ ਹੈਂ ॥ ਪ੍ਰਸ਼ਨ– **ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਇ॥** ਸੰਦੇਹ ਕਰਕੇ ਮਨ ਮਲੀਨ ਹੂਆ ਹੂਆ ਹੈ ਕਿਸ ਉਪਾਇ ਕਰਿ ਧੋਇਆ ਜਾਇ ਭਾਵ ਜੀਵ ਸੁਪ੍ਰਕੈਸੇ ਹੋਵੇ ॥ ਉਤਰ–

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥** ਹੇ ਭਾਈ ਮਨਕੋ ਧੋਵੋ ਗੁਰਉਪਦੇਸ਼ ਮੇਂ ਲਗਾਇਕੇ ਪੁਨਾ ਹਰੀਨਾਮ ਮੇਂ ਚਿਤ ਕੋ ਲਗਾਇ ਰਹੋ ॥ **ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੮॥** ਸ੍ਰੀ ਗੁਰੂ ਜੀ ਕਹਤੇ ਹੈਂ ਗੁਰੋਂ ਕੀ ਕ੍ਰਿਪਾ ਸੇ ਗਿਆਨ ਉਤਪਤ ਹੋਤਾ ਹੈ ਏਹ ਸੰਦੇਹ ਜੋ ਹੈ ਸੋ ਇਸ ਪ੍ਰਕਾਰ ਜਾਤਾ ਹੈ (ਇਵ) ਇਸ ਪ੍ਰਕਾਰ (ਪਰਸਾਦ) ਕ੍ਰਿਪਾ ॥੧੮॥ **ਜੀਅਹੁ ਮੈਲੇ ਬਾਹਰਹੁ ਨਿਰਮਲ॥** ਜੋ ਚਿੱਤ ਸੇ (ਮੈਲੇ) ਖੋਟੇ ਹੈਂ ਬਾਹਰੋਂ ਸਾਫ ਨਜ਼ਰ ਆਵਤੇ ਹੈਂ ॥ **ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥** ਜੋ ਬਾਹਰੋਂ ਤੋ ਸਾਫ ਔਰ ਅੰਦਰੋਂ ਕਪਟੀ ਹੈਂ

ਨੋਂ ਨੇ ਆਪਨਾ ਜਨਮ ਸੰਸਾਰ ਜੂਏ ਮੈਂ ਹਾਰਿਆ ਹੈ ॥ ਏਹ ਤ੍ਰਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥ ਉਨਕੋ ਤ੍ਰਿਸ਼ਨਾ ਰੂਪ ਇਹ ਵਡਾ ਰੋਗ ਲਗਾ ਹੈ ਤਿਨਾਂ ਨੇ ਇਸੀ ਸੇ ਮਨ ਸੇ ਮਰਨਾ ਬਿਸਰਾਇ ਦੀਆ ਹੈ॥ *ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ। ਵੇਦੋਂ ਮੈਂ ਜੋ ਨਾਮ ਉਤਮ ਹੈ ਸੋ ਤੋ ਸੁਨਤੇ ਹੀ ਨਹੀਂ ਹੈਂ ਔਰ ਭੂਤੋਂ ਕੀ ਤਰਹ ਫਿਰਤੇ ਹੈਂ ਭਾਵ ਅਸੁਧ ਹੈਂ॥

ਕਹੈ ਨਾਨਕੁ ਜਿਨਿ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥ ੧੯ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਜਿਨੋਂ ਨੇ ਸੱਚ ਕੋ ਤਿਆਗਿਆ ਹੈ ਔਰ ਝੂਠ ਮੈਂ ਲਾਗੇ ਹੈਂ ਤਿਨੋਂ ਪੁਰਸ਼ੋਂ ਨੇ ਜਨਮ ਜੂਏ ਮੈਂ ਹਾਰਿਆ ਹੈ ॥ ੧੯ ॥ ਜੀਅਹੁ ਨਿਰਮਲ ਬਾਹਰਹੁ ਨਿਰਮਲ ॥ ਜੋ ਜੀ ਔਰ ਬਾਹਰ ਦੋਨੋਂ ਸੇ ਨਿਰਮਲ ਹੈਂ ॥ ਬਾਹਰਹੁ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥ ਬਾਹਰ ਸੇ ਭੀ ਸਫਾ ਔਰ ਅੰਦਰ ਸੇ ਭੀ ਸਫਾ ਹੈਂ। ਔਰ ਸਤਿਗੁਰੋਂ ਸੇ ਉਪਦੇਸ਼ ਲੇਕਰ ਸੁਭ ਕਰਨੀ ਕਮਾਣੀ ਹੈ ॥ ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥ ਉਨਕੋ ਝੂਠ ਕੀ ਖਬਰ ਹੀ ਨਹੀਂ ਪਹੁੰਚਤੀ ਕਿਉਂਕਿ ਤਿਨਕੀ ਮਨਸਾ ਜੋ ਸੱਚ ਮੈਂ ਸਮਾਈ ਹੁਈ ਹੈ ॥ ਜਨਮ ਰਤਨ ਜਿਨੀ ਖਟਿਆ ਭਲੇ ਸੇ ਵਣਜਾਰੇ ॥ ਮਨੁਖ ਜਨਮ ਅਮੋਲਕ ਜਿਨੋਂ ਨੇ ਖਟਿਆ ਅਰਥਾਤ ਸਫਲ ਕੀਆ ਹੈ ਸੇ ਬਣਜਾਰੇ ਜੀਵ ਭਲੇ ਹੈਂ। (ਵਣਜਾਰਾ) ਗੁਰੂ ਉਪਦੇਸ਼ ਕਾ ਗ੍ਰਾਹਕ ਜਗਿਆਸੂ ਜਨ ॥ ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ । ੨੦॥ ਸ੍ਰੀ ਗੁਰੂ ਜੀ ਕਹਿਤੇ ਹੈਂ ਜਿਨਕਾ ਮਨ ਨਿਰਮਲ ਹੈ ਵਹੁ ਸਦਾ ਹੀ ਗੁਰਉਪਦੇਸ਼ ਕੇ ਸਾਥ ਰਹਿਤ ਹੈਂ ॥ ੨੦ ॥ ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥ ਜੋ ਕੋਈ ਗੁਰੂ ਕਾ ਸਿਖ ਗੁਰੋਂ ਕੇ ਸਾਮਨੇ ਹੋਵੇ।

*ਵੇਦੋਂ ਕੇ ਨਿੰਦਕ ਤੱਤ ਖਾਲਸਾ ਜੀ ! ਅਪਨੇ ਗੁਰੂ ਕੇ ਹੁਕਮ ਕੋ ਸੁਨ ਕੇ ਵੇਦੋਂ ਕੀ ਉਸਤਤੀ ਕਰਤੇ ਹੈਂ ॥

Sri Satguru Jagjit Singh Ji Elibrary NamdhariElibrary@gmail.com

ਹੋਵੈ ਤ ਸਨਮੁਖ ਸਿਖ ਕੋਈ ਜੀਅਹੁ ਰਹੈ ਗੁਰਨਾਲੇ।
ਜੋ ਕੋਈ ਸਨਮੁਖ ਸਿਖ ਹੋਵੇ ਔਰ ਜੀਅ ਮੇ ਗੁਰੂ ਕੇ ਸਾਥ ਰਹੇ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰਆਤਮੈਸਮਾਲੇ॥
ਪੁਨਹ ਗੁਰੋਂ ਕੇ ਚਰਨੋਂ ਕਾ ਰਿਦੇ ਮੈਂ ਧਿਆਨ ਕਰਕੇ ਅੰਤਰ ਆਪਨੇ ਸਰੂਪ ਕੋ ਚਿੰਤਨ ਕਰੇ ॥ ਆਪੁ ਛਡਿ ਸਦਾਰਹੈ *ਪਰਣੈ ਗੁਰਬਿਨ ਅਵਰ ਨ ਜਾਣੈ ਕੋਇ ॥ ਆਪਾ ਭਾਵ ਕੋ ਛੋੜਕੇ ਸਦਾ ਗੁਰੋਂ ਕੇ ਆਸਰੇ ਰਹੇ ਔਰ ਗੁਰੂ ਸੇ ਬਿਨਾ ਔਰ ਨਾ ਕਿਸੀ ਕੋ ਰਖਕ ਜਾਣੇ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖਸਨਮੁਖਹੋਇ ॥੨੧॥
ਸ੍ਰੀਗੁਰੂ ਜੀ ਕਹਿਤੇ ਹੈਂ ਸੁਣੋ ਹੇ ਸੰਤੋ ਸੋ ਸਿਖ ਗੁਰੋਂ ਕੇ ਸਨਮੁਖ ਹੋਤਾਹੈ ॥੨੧॥
ਜੇਕੋ ਗੁਰਤੇ ਵੇਮੁਖੁ ਹੋਵੈ ਬਿਨਸਤਿਗੁਰ ਮੁਕਤਿਨਪਾਵੈ।
ਜੋ ਕੋਈ ਸਾਰਤ ਗੁਰੋਂ ਤੇ ਬੇਮੁਖ ਹੋਵੇਗਾ ਤੋ ਬਿਨਾ ਸਤਿਗੁਰੋਂ ਕੀ ਸਰਨ ਸੇ ਮੁਕਤੀ ਕੋ ਨਹੀਂ ਪਾਵੇਗਾ ॥ ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁਬਿਬੇਕੀਆਜਾਇ॥ ਹੋਰ ਥੇ ਕੋਈ ਭੀ ਮੁਕਤਿ ਕੋ ਨਹੀ ਪਾਵਤਾ ਹੈ ਕੋਈ ਬਿਬੇਕੀਆਂ ਸੇ ਜਾਕਰਕੇ ਪੁਛ ਲਏ ਭਾਵ ਵਹੁ ਭੀ ਏਹੀ ਕਹਿਤੇ ਹੈਂ ॥
ਅਨੇਕ ਜੂਨੀ ਭਰਮਿ ਆਵੈ ਵਿਣ ਸਤਿਗੁਰ ਮੁਕਤਿ ਨ ਪਾਏ ॥ ਅਰਥ ਸਪਸ਼ਟ ਹੈ ॥ ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦ ਸੁਣਾਏ ॥ ਜੋ ਫਿਰ ਗੁਰੋਂ ਕੀ ਚਰਨੀ ਲਾਗੇ ਔਰ ਸਤਿਗੁਰੂ ਉਪਦੇਸ਼ ਸੁਨਾਵੇ ਤੋ ਮੁਕਤੀ ਕੋ ਪਾਵੇਗਾ ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥ ੨੨ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਬੀਚਾਰ ਕਰਕੇ ਦੇਖੋ ਸੰਤ ਗੁਰੋਂ ਸੇ ਬਿਨਾਂ ਇਹ ਜੀਵ ਕਭੀ ਭੀ ਮੁਕਤੀਨਹੀਂ ਪਾਵਤਾ ਹੈ॥ ੨੨ ॥
ਆਵਹੁਸਿਖ ਸਤਿਗੁਰੂਕੇ ਪਿਆਰਿਹੋਗਾਵਹੁਸਚੀਬਾਣੀ॥
ਆਵਹੁ ਹੇ ਸਿਖੋ ਸਤਿਗੁਰੂ ਕੇ ਪਿਆਰਿਓ ਸੱਚੀ ਬਾਣੀ ਕੋ ਗਾਵਹੁ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ ॥

*(ਪਰਣ) ਆਸਰਾ।

Sri Satguru Jagjit Singh Ji Elibrary NamdhariElibrary@gmail.com

ਬਾਣੀ ਤੋ ਗੁਰੋਂ ਕੀ ਗਾਵਹੁ ਪਰੰਤੂ ਬਾਣੀਆਂ ਕੇ ਬੀਚ ਸੇ ( ਸਿਰਿ ) ਸਿ ਰੋਮਣੀ ਬਾਣੀ ਜਾਣੋ ॥ **ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥** ਜਿਨਾਂ ਕਉ (ਨਦਰਿ) ਨਦਰੀ ਪਰਮੇਸ਼ਰ ਕੀ (ਕਰਮ) ਕਿਰਪਾ ਦ੍ਰਿਸ਼ਟੀ ਹੋਵੈ ਤਿਨਕੇ ਰਿਦੇ ਮੈਂ ਸਮਾਵਤੀ ਹੈ। ( ਕਰਮ ) ਕਿਰਪਾ।

**ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ *ਸਾਰਿਗਪਾਣੀ ॥** ਨਾਮ ਅਮ੍ਰਿਤਕੋ ਪਾਨ ਕਰਕੇ ਸਦਾ ਹੀ ਹਰੀ ਕੇ ਅਨੰਦ ਮੇ ਰਹੋ ਔਰ (ਸਾਰਿਗਪਾਨੀ) ਸਾਰੰਗ ਧਨਖਧਾਰੀ ਅਰਥਾਤ ਪਰਮੇਸ਼ਰਕੋ ਜਪਤੇ ਰਹੋ॥

**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥ ੨੩ ॥** ਸ੍ਰੀ ਗੁਰੂ ਜੀ ਕਹਿਤੇ ਹੈਂ ਏਹੀ ਜੋ ਭਗਵੰਤ ਸੰਬੰਧੀ ਸੱਚੀ ਬਾਣੀ ਹੈ ਇਸਕੋ ਸਦਾ ਗਾਵੋ ॥ ੨੩ ॥

**†ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥** (ਸਤਿਗੁਰੂ ਬਿਨਾਂ) ਤ੍ਰਹੀਏ ਸਤ ਔਰ ਸਰੂਪ (ਗੁਰੂ) ਪੂਜਯ ਰੂਪ ਪਰਮੇਸ਼ਰ ਤੋਂ ਬਿਨਾਂ ਭਾਵ ਜਿਸ ਬਾਨੀ ਮੇ ਪਰਮੇਸ਼ਰ ਦੇ ਜਨਮ ਅਰੁ ਕਰਮ ਤਥਾ ਨਾਮ ਨਹੀਂ ਹੈਂ ਸੋ ਕਚੀ ਹੈ ਕਿਆ ਅਧੋਗਤੀ ਕੋ ਪ੍ਰਾਪਤਿ ਕਰਨੇ ਵਾਲੀ ਹੈ ਇਸ ਪਰ ਪਰਮਾਣ ਇਕਾਦਸ਼ ਸਕੰਧ ਮੇਂ ਕ੍ਰਿਸ਼ਨ ਜੀ ਕਾ ਕਥਨ ਊਧਵ ਪ੍ਰਤੀ ਯਥਾ–
ਯਸਜਾਨਮੇ ਪਾਵਨ ਮੰਗ ਕਰਮ ਸ੍ਵਿਕਤਜੁ ਭਦ੍ਰਵਾ ਪ੍ਰਣਨਿਰੋਧਮਸਜ ਲੀਲਾ ਵਤਾਰੇ ਅਸ੍ਵਿਕਤ ਜਨਮ ਬਾਸਜਾ ਦੁੰਧਜਾਂ ਗਿਰੰਤਾਂ ਬਿਭ੍ਰਯਾਨਨਧਰਹ ॥੨੦
(ਸ੍ਰੀ ਮਤ ਭਾਗਵਤ ਅਧਜਾਇ ੧੧ ਸਲੋਕ ੨੦ )

**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥** ਬਾਣੀ ਤੋ ਸਤਿਗੁਰੋਂ ਬਿਨਾਂ ਕਚੀ ਹੈ ਪਰੰਤੂ ਔਰ ਕੋਈ ਭਰਮਾਵੇ ਤੋ ਭਰਮਣਾ ਨਹੀਂ ਇਹੀ ਨਿਸਚੇ ਕਰੋ ਕਿ ਇਹ ਬਾਣੀ ਕਚੀ ਹੈ ॥

ਨੋਟ—ਜਨਮ ਕਰਮ ਬਹੁਤੇਰੇ। ਜੋ ਬਾਣੀ ਮੈਂ ਨਾਹੀ ਮੇਰੇ। ਬੰਧਿਆ ਬਾਲ ਭਾਂਹਿ ਬਿਚਾਰੇ ਨਿਸਫਲ ਜਾਨ ਨ ਪੰਡਿਤ ਧਾਰੇ। ਕਿਉਂ ਤੱਤ ਜੀ ਆਪਕੇ ਗੁਰੂ ਗ੍ਰੰਥ ਸਾਹਿਬ ਕੀ ਟੀਕਾ ਕਿਆ ਕੈਹਤੀ ਹੈ ਸਮਝੋ ॥

**ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥**

---

* ਸਾਰੰਗਪਾਨੀ, ਧਨੁਖਧਾਰੀ ਸ੍ਰੀ ਰਾਮਚੰਦਰ ਵਾ ਸ੍ਰੀ ਕ੍ਰਿਸ਼ਨ ਚੰਦ੍ਰਕਾ ਧਜਾ ਹੈ। ਤਤ ਖਾਲਸਾ ਜੀ ! ਅਬ ਬਤਾਓ ਕਿਆ ਉਤਰ ਹੈ ?

†ਤੱਤ ਖਾਲਸਾ ਇਸ ਤੁਕ ਕੇ ਅਰਥੋਂ ਕੋ ਚਿਤ ਦੇਕਰ ਬਿਚਾਰੇ ਖਾਸਕਰ "ਹਮ ਹਿੰਦੂ ਨਹੀਂ" ਕਾ ਕਰਤਾ ਜੈਸੇ ਜੋ ਇਸਕੇ ਅਰਥ ਮਨਘੜਤ ਕਰਤੇ ਹੈਂ ਦੇਖੋ ਪੁਰਾਣੋਂ ਕਾ ਸਿਧਾਂਤ ਹੈ ॥

Sri Satguru Jagjit Singh Ji Elibrary NamdhariElibrary@gmail.com

ਜਿਸ ਬਾਣੀ ਕੇ ਕਹਨੇ ਵਾਲੇ ਕਚੇ ਹੈਂ ਤਿਸਕੇ ਸੁਨਨੇਹਾਰੇ ਭੀ ਕਚੇ ਹੈਂ। ਔਰ ਤਿਸ ਕੀ ਕਥਾ ਭੀ ਮੁਖ ਕਰਕੇ ਹੀ ਹੈ॥ **ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥** ਜਿਹਬਾ ਕਰਕੇ ਤੋ ਨਿਤ ਹਰਿ ਹਰਿ ਬੋਲਤੇ ਹੈਂ ਪਰੰਤੂ ਅਪਨਾ ਕਹਾ ਹੂਆ ਜੋ ਹਰਿਹਰਿ ਸਬਦ ਹੈ ਸੋ ਕੁਛ ਜਾਨਤੇ ਨਹੀਂ ਭਾਵ ਧਾਰਨਾ ਨਹੀਂ ਕਰਤੇ ਹੈਂ॥ **ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥** ਜਿਨਕਾ ਚਿਤ ਮਾਇਆ ਨੇ ਹਿਰ ਲੀਆ ਹੈ ਸੋ ਪਏ ਬੋਲਤੇ ਹੈਂ (ਰਵਾਣੀ) ਪੌਣ ਕੀ ਨਿਆਈਂ ਅਰਥਾਤ ਬਿਅਰਥ ਹੀ ਵਾ (ਰਵਾਣੀ ਰਵਤ ਪਏ ਅਨੁਸਾਰ ਬੋਲਤੇ ਹੈਂ (ਰਵਾਣੀ) ਵਾਉ ਵਿਰੋਲੇ ਵਤ ਭੰਬਾਉਣੇ ਵਾਲੀ ਬਾਣੀ॥ **ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥** ਸ੍ਰੀ ਗੁਰੂ ਜੀ ਕਹਿਤੇ ਹੈਂ ਬਿਨਾ ਸਤਿਗੁਰੋਂ ਸੇ ਹੋਰ ਸਭ ਕਚੀ ਹੀ ਬਾਣੀ ਹੈ॥ ੨੪॥ **ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥** ਗੁਰੋਂ ਕਾ ਉਪਦੇਸ (ਰਤਨ) ਅਮੋਲਕ ਹੈ ਜਿਸਮੇਂ ਗਿਆਨ ਆਦਿ ਹੀਰੇ ਜੜੇ ਹੁਏ ਹੈਂ ਭਾਵ ਉਪਦੇਸ਼ ਮੇਂ ਹੀ ਸਭ ਸਾਧਨ ਹੈਂ। **ਸਬਦੁ ਰਤਨੁ ਜਿਤੁ ਮਨੁ ਲਾਗਾ ਏਹੁ ਹੋਆ ਸਮਾਉ ॥** ਜਬ ਉਪਦੇਸ ਅਮੋਲਕ ਮੇਂ ਮਨ ਲਾਗਾ ਹੈ ਤਬ [ਇਹ] ਇਸ ਜੀਵ ਕਾ ਪ੍ਰਮੇਸਰ ਮੇਂ ਸਮਾਵਣਾ ਹੋਇਆ ਹੈ॥ **ਸਬਦਿ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥** ਜਿਸਕਾ ਗੁਰ ਉਪਦੇਸ ਸਾਥ ਮਨ ਮਿਲਿਆ ਹੈ ਸੋ ਤਿਸਨੇ ਸਚੇ ਪਰਮੇਸਰ ਮੇਂ ਪ੍ਰੇਮ ਲਾਇਆ ਹੈ। (ਭਾਉ) ਪ੍ਰੇਮ, ਗਿਆਨ॥ **ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥** ਵਹੁ ਗੁਰ ਕਾ ਸਬਦ ਆਪੇ ਹੀ ਹੀਰਾ ਗਿਆਨ ਔ ਆਪੇ ਹੀ (ਰਤਨ) ਬੈਰਾਗ ਰੂਪ ਹੈ ਪਰੰਤੂ ਜਿਸਕੋ ਪਰਮੇਸਰ ਸਮਝਾਇ ਦੇਵੇ ਸੋ ਜਾਨਤਾ ਹੈ **ਕਹੈ ਨਾਨਕ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥** ਸ੍ਰੀ ਗੁਰੂ ਜੀ ਕਹਿਤੇ ਹੈਂ ਗੁਰ ਉਪਦੇਸ ਬੈਰਾਗ ਰੂਪ ਹੈ ਇਸਕੇ ਸਾਥ ਹੀਰਾ ਰੂਪ ਗਿਆਨ ਜੜਿਆ ਹੂਆ ਹੈ॥ ੨੫॥

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥** ਸਿਵ ਈਸ਼ਰ ਆਪ ਜੋ ਕਰਤਾ ਹੈ ਸੋ (ਸਕਤਿ) ਉਪਾਇਕੈ ਮਾਇਆ ਦੁਆਰਾ ਜੀਵ ਅਰਥਾਤ ਆਕਾਰ ਭਾਵ ਕਰਕੈ ਅਪਨਾ ਹੁਕਮ ਭੀ ਤਿਨੀ

ਉ ਪਰ ਕਰਤਾ ਆਪਹੀ ਵਰਤਾਵਤਾ ਹੈ॥ **ਹੁਕਮ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਇ।** ਹੁਕਮ ਵਰਤਾਵਤਾ ਹੈ ਆਪਿ ਜੀਵ ਕੇ ਕਰਮ ਦੇਖਤਾ ਹੈ ਪਰੰਤੂ ਇਹ ਬੂਝ ਕਿਸੇ ਗੁਰਮੁਖ ਕੋ ਸਮਝਾਵਤਾ ਹੈ ਭਾਵ ਕਿ ਜੀਵਕੇ ਕਰਮੋਂ ਕਾ ਈਸ਼ਰ ਫਲ ਪ੍ਰਦਾਤਾ ਹੈ॥ **ਤੋੜੈ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਇ ॥** ਇਹ ਜੀਵ ਤਬ ਬੰਧਨ ਤੋੜ ਕੇ ਮੁਕਤ ਹੋਤਾ ਹੈ ਜਬ ਗੁਰ ਉਪਦੇਸ ਕੋ ਮਨ ਮੇ ਬਸਾਵਤਾਹੈ ॥ **ਗੁਰਮੁਖਿ ਜਿਸਨੋ ਆਪਿ ਕਰੈ ਸੋ ਹੋਵੈ ਏਕਸ ਸਿਉ ਲਿਵ ਲਾਇ ॥**

ਜਿਸਕੋ ਆਪ ਵਾਹਿਗੁਰੂ ਗੁਰਮੁਖ ਕਰਤਾਹੈ ਸੋ ਹੋਤਾਹੈ ਜੋ ਏਕ ਕੇ ਸਾਥ ਲਿਵ ਲਾਵਤਾਹੈ (ਏਕਸ) ਏਕ ਕੀ । ਏਕਕੋ ॥ਏਕ ਕੇ ਏਕ ਕਾ (ਸਿਉ)ਸਾਥ (ਲਿਵ)ਧਜਾਨ। ਏਕਬਸਤੂ ਓਰ ਬ੍ਰਿਤੀ॥ **ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਇ॥੨੬॥** ਸ੍ਰੀ ਗੁਰੂ ਜੀ ਕਹਤੇ ਹੈਂ ਵਹੁ ਕਰਤਾ ਅਪਨੇ ਹੁਕਮ ਕੋ ਆਪ ਹੀ ਸਮਝਾਵਤਾ ਹੈ ॥ ੨੬ ॥ **ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥** ਸਤਾਈ ਸਿਮ੍ਰਿਤੀਆਂ ਔ ਖਟ ਸ਼ਾਸਤ੍ਰ ਪਾਪ ਔ ਪੁੰਨੋ ਕੋ ਤਥਾ ਤਿਨ ਕੇ ਫਲੋਂ ਕੋ ਬੀਚਾਰਤੇ ਹੈਂ ਪਰੰਤੂ ਤਿਨਾਂ ਦੁਆਰਾ ਤਤ ਸਰੂਪ ਕੀ(ਸਾਰ)ਯਥਾਰਥ ਖਬਰ ਨਹੀ ਜਾਨੀ ਜਾਤੀ ॥ (ਤਤੈ) ਬ੍ਰਹਮ ਕੀ ॥

**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥** ਕਿਉਂ ਕਿ ਗੁਰੋਂ ਬਿਨਾ ਤਿਨ ਸ਼ਾਸਤ੍ਰੋਂ ਕੇ ਕੇਵਲ ਬਿਚਾਰਨੇ ਸੇ ਤਤ ਕੀ ਸਾਰ ਪੀਛੇ ਨਹੀਂ ਜਾਨੀ ਔ ਅਬ ਭੀ ਤਤ ਸਰੂਪਕੀ ਸਾਰ ਗੁਰੂ ਬਿਨਾ ਕਿਸੈ ਨਹੀਂ ਜਾਨੀਹੈ॥ **ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥** ਕਿਉਂ ਕਿ ਤੀਨੋਂ ਗੁਣੋਂ ਕੇ ਭਰਮ ਮੇਂ ਸੰਸਾਰ ਸੋਇਆ ਹੈ ਅਰਥਾਤ ਅਗਿਆਤ ਹੋ ਰਹਿਆ ਹੈ ਇਸੀ ਸੇ ਸੰਸਾਰ ਕੀ ਅਵਸਥਾ ਸੁਤਿਆਂ ਹੀ ਬੀਤ ਗਈ ਹੈ ॥ **ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥** ਗੁਰੂ ਕੀ ਕ੍ਰਿਪਾਸੇ ਸੋ ਪੁਰਸ਼ ਜਾਗੇ ਹੈਂ ਜਿਨਕੇ ਮਨ ਮੇਂ ਹਰੀ ਬਸਿਆ ਹੈ ਔਰ ਮੁਖਸੇ ਬਾਣੀ ਕਰਕੇ ਭੀ ਨਾਮ ਅੰਮ੍ਰਿਤ ਕੋ ਬੋਲਤੇ ਹੈਂ ॥ **ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ**

Sri Satguru Jagjit Singh Ji Elibrary NamdhariElibrary@gmail.com

॥ ੨੭ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਸੋ ਤਤ ਸਰੂਪ ਕੋ ਪਾਵਤਾ ਹੈ ਜਿਸ ਕੀ ਰਾਤ ਦਿਨ ਹਰੀ ਮੇਂ ਬ੍ਰਿਤੀ ਲਾਗਤੀ ਹੈ ਔਰ ਤਿਸਕੀ ( ਜਾਗਤ ) ਗਿਆਤ ਮੇਂ ਅਵਸਥਾ ਬਤੀਤ ਹੁਈ ਹੈ ॥ ੨੭ ॥ **ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੈ ਸੋ ਕਿਉ ਮਨਹੁ ਵਿਸਾਰੀਐ ॥** ਜੋ ਮਾਤਾ ਕੇ ਪੇਟ ਮੇਂ ਪ੍ਰਤਿਪਾਲਾ ਕਰਤਾ ਹੈ ਸੋ ਐਸਾ ਸਮ੍ਰਥ ਮਨ ਤੇ ਕਿਉਂ ਵਿਸਾਰੀਐ ॥ **ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰ ਪਹੁਚਾਵਏ ॥** ਏਤਾ ਵਡਾ ਦਾਤਾ ਮਨ ਸੇ ਕਿਉਂ ਵਿਸਾਰਿਆ ਹੈ ਜੋ ਜਠਰਾ ਅਗਨੀ ਮੇਂ ਆਹਾਰੁ ਪਹੁਚਾਵਤਾ ਹੈ ॥ **ਓਸਨੋ ਕਿਹੁ ਪੋਹਿ ਨ ਸਕੀ ਜਿਸਨਉ ਆਪਣੀ ਲਿਵ ਲਾਵਏ ॥** ਜਿਸ ਪੁਰਸ਼ ਕੋ ਅਪਣੀ ਪ੍ਰੀਤ ਲਾਵਤਾ ਹੈ ਉਸ ਪੁਰਸ਼ ਕੋ ਕੁਛ ( ਪੋਹ ) ਬਿਆਪ ਨਹੀਂ ਸਕਤਾ ਹੈ ਭਾਵ ਕੋਈ ਬਿਘਨ ਨਹੀਂ ਲਾਗਤਾ ਹੈ ॥ (ਪੋਹ)ਛੋਹੇ, ਸਪਰਸ਼ ॥ **ਆਪਣੀ ਲਿਵ ਆਪੇ ਲਾਇ ਗੁਰਮੁਖਿ ਸਦਾ ਸਮਾਲੀਐ ॥** ਪ੍ਰੰਤੂ ਆਪਣੀ ਪ੍ਰੀਤ ਵਹੁ ਪ੍ਰਮੇਸ਼ੁਰ ਆਪਹੀ ਲਾਵਤਾ ਹੈ ਇਸਤੇ ਗੁਰਮੁਖ ਹੋਇਕੇ ਤਿਸੀ ਵਾਹਿਗੁਰੂ ਕੋ ਸਦੈਵ ਸੰਭਾਲਤੇ ਰਹੀਏ॥ **ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥ ੨੮ ॥** ਸ੍ਰੀ ਗੁਰੂ ਜੀ ਕਹਿਤੇ ਹੈਂ ਏਤਾ ਵਡਾ ਦਾਤਾ ਕਿਉਂ ਮਨਸੇ ਵਿਸਾਰੀਏ ਭਾਵ ਸਿਮਰਤੇ ਰਹੀਏ ॥ ੨੮ ॥ **ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥** ਜੈਸੀ ਅਗਨੀ ਮਾਤਾ ਕੇ ਗਰਭ ਮੇਂ ਹੈ ਤੈਸੀ ਹੀ ਅਗਨੀ ਰੂਪ ਬਾਹਰ ਨਿਕਸੇ ਕੋ ਮਾਇਆ ਜਲਾਵਤੀ ਹੈ ॥

**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥** ਮਾਇਆ ਔ ਅਗਨੀ ਏਹੁ ਸਭ ਪ੍ਰਕਾਰ ਇਕੋ ਜੇਹੀ ਹੈ ਇਹੁ ਆਦਸੇ ਪ੍ਰਮੇਸ਼ੁਰ ਨੇ ਖੇਲ ਹੀ ਰਚਾਇਆ ਹੂਆ ਹੈ ॥ **ਜਾਂ ਤਿਸੁ ਭਾਣਾ ਤਾਂ ਜੰਮਿਆ ਪਰਵਾਰਿ ਭਲਾ ਭਾਇਆ ॥** ਜਾਂ ਤਿਸ ਪ੍ਰਮੇਸ਼ਰ ਕੋ ਭਾਇਆ ਤਾਂ ਜਨਮਿਆ ਤੋ ਪਰਵਾਰ ਕੋ ਇਸ ਕਾ ਜਨਮਣਾ ਭਲਾ ਭਾਇਆ ਹੈ ॥

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥** ਜਬ ਇਸਕੀ ਪ੍ਰਮੇਸ਼ੁਰ ਸੇ ਬ੍ਰਿਤੀ ਛੁਟੀ ਤੋ ਮਾਇਆ ਨੇ ਆਪਣਾ

Sri Satguru Jagjit Singh Ji Elibrary NamdhariElibrary@gmail.com

ਹੁਕਮ ਵਰਤਾਇਆ ਤਉ ਪਦਾਰਥੋਂ ਕੀ ਤ੍ਰਿਸ਼ਨਾ ਲਾਗ ਗਈ ॥

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ਇਹੀ ਮਾਇਆ ਹੈ ਜਿਸ ਕਰਕੇ ਹਰੀ ਬਿਸਰ ਜਾਏ ਔ ਮੋਹ ਉਤਪੰਨ ਹੋਵੈ ਜਿਸ ਮੋਹ ਨੇ ਦੂਜਾ ਭਾਵ ਜੀਵ ਕੋ ਲਾਇਆ ਹੈ ਭਾਵ ਕਾਰਜ ਦੁਆਰੇ ਜਾਣੀਤੀ ਹੈ ਹੋਰ ਕੋਈ ਰੰਗ ਰੂਪ ਨਹੀਂ ॥ ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥ ੨੮ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਗੁਰੋਂ ਕੀ ਕ੍ਰਿਪਾ ਕਰਕੇ ਜਿਨੋਂ ਕੀ ਪ੍ਰੀਤ ਹਰੀ ਮੈਂ ਲਾਗੀ ਹੈ ਤਿਨੋਂ ਨੇ ਮਾਇਆ ਕੇ ਬੀਚ ਰਹਿਤੇ ਹੀ ਪ੍ਰਭ ਕੋ ਪਾਯਾ ਹੈ ॥ ੨੮ ॥ ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥ ਹਰੀ ਆਪ ਅਮੋਲਕ ਹੈ ਇਸੀ ਤੇ ਉਸਕਾ ਮੋਲ ਨਹੀਂ ਪਾਇਆ ਜਾਤਾ ਹੈ ॥ ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥ ਮੁਲ ਨਹੀਂ ਪਾਇਆ ਜਾਤਾ ਹੈ ਕਿਸੇ ( ਵਿਟਹੁ ) ਪਾਸੋਂ ਬਹੁਤੇਰੇ ਲੋਕ ਬਿਲਲਾਇ ਰਹੇ ਹੈਂ ਭਾਵ ਅਤੀ ਯਤਨ ਕਰ ਚੁਕੇ ਹੈਂ ॥

ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥ ਜੇ ਸਤਗੁਰੂ ਐਸਾ ਮਿਲ ਜਾਏ ਭਾਵ ਜੈਸਾ ਬੇਦ ਕਥਨ ਕਰਦਾ ਹੈ ਅਰਥਾਤ ਸ੍ਰੋਤ੍ਰੀ ਬ੍ਰਹਮ ਨੇਸ਼ਟੀ ਸਿਰ ਸੌਂਪ ਦੇਈਏ ਤੋ ਮਨ ਵਿਚੋਂ ਆਪਾ ਭਾਵ ਚਲਾ ਜਾਏ ॥ ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥ ਹਰੀ ਹੀ ਮਨ ਮੈਂ ਆਇ ਵਸਤਾ ਪੁਨਾ ਤਿਸ ਕਉ ਇਹ ਜੀਉ ਮਿਲ ਰਹਿਤਾ ਹੈ ਜਿਸਕਾ ਜੀਵ ਆਪ ਸੇ ਭਿੰਨ ਕੀਆ ਹੂਆ ਥਾ ॥

ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥ ੩੦ ॥ ਆਪ ਹਰੀ ਅਮੋਲਕ ਹੈ ਤਿਨਕੇ ਭਾਗ ਵਡੇ ਹੈਂ ਸ੍ਰੀ ਗੁਰੂ ਜੀ ਕਹਿਤੇ ਹੈਂ ਜਿਨਕੇ (ਪਲੈ) ਅੰਤਸ਼ਕਰਣ ਮੈਂ (ਪਾਇ) ਪ੍ਰਾਪਤ ਹੋਤਾ ਹੈ ॥ ੩੦ ॥ ਹਰਿ ਰਾਸਿ ਮੇਰੀ ਮਨੁ ਵਣਜਾਰਾ ॥ ਹਰੀ ਮਨ ਮੇਰਾ ਵਣਜਾਰਾ ਹੈ ਔਰ ਹਰੀ ਨਾਮ ਕੀ ਸ਼ਰਧਾ ਮੇਰੀ ਰਾਸ ਹੈ (ਰਾਸ) ਪੂੰਜੀ ॥ ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ

Sri Satguru Jagjit Singh Ji Elibrary NamdhariElibrary@gmail.com

ਰਾਸਿ ਜਾਣੀ ॥ ਹਰੀ ਦੀ ਸਰਧਾ ਰਾਸ ਹੈ ਮੇਰੀ ਔ ਮਨ ਮੇਰਾ ਵਣਜਾਰਾ ਹੈ ਪਰੰਤੂ ਸਤਿਗੁਰੋਂ ਸੇ ਸਰਧਾ ਰੂਪ ਰਾਸ ਜਾਣੀ ਹੈ ॥ **ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ॥** ਹੇ ਜੀਵ ਤੁਮਕੋ ਹਰਿ ਹਰਿ ਨਾਮ ਕੋ ਨਿਤ ਹੀ ਜਪੋ ਪੁਨਾ (ਦਿਹਾੜੀ) ਦਿਨ ਦਿਨ ਵਿਖੇ ਏਹੀ ਲਾਭ ਖਟੋ॥ **ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥** ਏਹ ਹਰੀ ਰੂਪ ਧਨ ਤਿਨਾਂ ਕੋ ਮਿਲਿਆ ਹੈ ਜਿਨ ਕਉ ਹਰੀ ਨੇ ਆਪ ਭਾਇਆ ਚਾਹਿਆ ਹੈ ॥ **ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥** ਸ੍ਰੀ ਗੁਰੂ ਜੀ ਕਹਿਤੇ ਹੈਂ ਮੇਰੀ ਤੋ ਹਰੀ ਰਾਸ ਹੈ ਔ ਮਨ ਮੇਰਾ ਵਣਜਾਰਾ ਹੂਆ ਹੈ ॥ ੩੧ ॥ **ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ** ਜਾਇ ॥ ਹੇ ਮੇਰੀ ਰਸਨਾ ਤੂੰ ਹੋਰ ਰਸੋਂ ਮੈਂ ਰਾਚ ਰਹੀ ਹੈ ਇਸੀ ਸੇ ਤੇਰੀ ਪਿਆਸ ਨਹੀਂ ਜਾਤੀ ਹੈ ॥੩੧॥ **ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ** ਪਾਇ ॥ (ਜਿਚਰ) ਜਬ ਤਕ ਤੇਰੇ ਹਰੀ ਰਸੁ ਪਲੇ ਨਹੀਂ ਪੜਤਾ (ਤਿਚਰ) ਤਬ ਤਕ ਤੇਰੀ ਤ੍ਰਿਸ਼ਨਾ ਹੋਰ ਕਿਸੇ ਕਰਕੇ ਜਾਤੀ ਨਹੀਂ ਹੈ॥ **ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ** ਲਾਗੈ ਆਇ॥ ਜੋ ਰਸਕੋ ਪਾਇ (ਪਲੇ) ਅੰਤਸ਼ਕਰਣ ਮੈਂ ਧਾਰਕੇ ਔ ਹਰੀ ਰਸ ਕੋ ਹੀ ਪਾਨ ਕਰੇ ਭਾਵ ਜਪੇ ਫੇਰ ਤ੍ਰਿਸ਼ਨਾ ਕਬੀ ਨਾ ਆਇਕੇ ਲਾਗੇਗੀ ॥ **ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ** ਆਇ ॥ ਜਿਸਕੋ ਸੋ ਪਰਮੇਸ਼ਰ ਕੀ ਕਿਰਪਾ ਤੇ ਸਤਿਗੁਰੂ ਆਇ ਮਿਲਤੇ ਹੈਂ ਏਹ ਜੋ ਹਰੀ ਕਾ ਰਸ ਹੈ ਸੋ ਪੁਰਸ਼ ਤਬ ਪਾਇ ਲੇਤਾ ਹੈ ॥ **ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥ ੩੨ ॥** ਸ੍ਰੀ ਗੁਰੂ ਜੀ ਕਹਿਤੇ ਹੈਂ ਹੋਰ ਸਭ ਦ੍ਵੈਤਕੇ ਰਸ ਵਾ ( ਅਨਰਸ ) ਕੁਰਸ ਬੀਸਰ ਜਾਤੇ ਹੈਂ ਜਬ ਹਰੀ ਰਸ ਮਨ ਮੈਂ ਆਇ ਬਸਤਾ ਹੈ ॥ ੩੨ ॥ **ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥** ਹੇ ਮੇਰਿਆ ਸਰੀਰਾ ਹਰੀ ਨੇ ਜਬ ਤੁਮਾਰੇ ਮੈਂ ਜੋਤ ਰਖੀ ਹੈ ਤਾਂ ਤੂੰ ਇਸ ਜਗਤ ਮੈਂ ਆਇਆ ਹੈਂ ॥ **ਹਰਿ ਜੋਤਿ ਰਖੀ ਤੁਧੁ ਵਿਚਿ ਤਾ**

ਤੂ ਜਗਮਹਿ ਆਇਆ ॥ ਹਰੀਨੇ ਜਬ ਤੇਰੇ ਮੈਂ ਅਪਨੀ ਸਤਾ ਰਖੀਹੈ ਤਾਂ ਤੂੰ ਜਗਤ ਮੈਂ ਆਇਆ ਹੈਂ ॥ ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥ ਹਰੀ ਆਪਹੀ ਮਾਤਾ ਰੂਪ ਹੈ ਔਰ ਆਪ ਹੀ ਪਿਤਾ ਸਰੂਪ ਹੈ ਜਿਸਨੇ ਹੇ ਜੀਉ ਤੇਰੇ ਕੋ ਉਤ ਪਤ ਕਰਕੇ ਇਹ ਸੰਸਾਰ ਦਿਖਾਇਆਹੈ॥ ਗੁਰ ਪ੍ਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ॥ ਜੋ ਜਗਤ (ਚਲਤੁ) ਕੌਤਕ ਭਾਵ ਮਦਾਰੀ ਕੀ ਖੇਡ ਸਮ ਹੂਆ ਹੂਆ ਹੈ ਔਰ ਸੱਤ ਪ੍ਰਤੀਤ ਹੋ ਰਹਿਆਥਾ ਔਰ ਜਬ ਗੁਰੋਂ ਕੀ ਕਿਰਪਾ ਕਰਕੇ ਪਰਮੇਸ਼ਰ ਨੂੰ ਜਾਣਿਆ ਤਬ ਇਹ ਸਾਰ ਮਦਾਰੀ ਕੀ (ਚਲਤ) ਬਾਜੀ ਰੂਪ ਨਜਰ ਆਇਆ ਹੈ ਭਾਵ ਜਗਤ ਕੋ ਝੂਠਾ ਜਾਣਿਆ ਹੈ। (ਚਲਤੁ) ਚਲਿਤ੍ਰ। ਚਰਿਤ੍ਰ॥ ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੨੩॥ ਸ੍ਰੀ ਗੁਰੂ ਜੀ ਕਹਿਤੇ ਹੈਂ ਸ੍ਰਿਸ਼ਟ ਕਾ ਮੂਲ ਜੋ ਅਗਿਆਨ ਹੈ ਤਿਸੁ ਕਰ ਪਹਿਲੇ ਜਗਤੁ ਰਚਿਆ ਪੁਨਾ ਤੇਰੇ ਸਰੀਰ ਮੈਂ ਅਪਨੀ (ਜੋਤਿ) ਸਤਾ ਰਾਖੀ ਹੈ ਤਾਂ ਤੂੰ ਜਗ ਮੈਂ ਆਇਆ ਹੈਂ ॥੨੩॥ ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥ ਪ੍ਰਭੁ ਕਾ ਜਬ ਆਉਣਾ ਭਾਵ ਪ੍ਰਗਟ ਹੋਣਾ ਸੁਣਿਆ ਤੋ ਮਨ ਮੈਂ ਬਹੁਤ ਚਾਉ ਹੂਆ ਹੈ ॥ ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥ ਹੇ ਸੰਤ ਰੂਪ ਸਖੀ ਹਰੀ ਕੇ ਮੰਗਲ ਕੋ ਗਾਇਨਕਰ ਘਰੁ ਸ਼ਰੀਰ ਔਰ ਮੰਦਰ ਰਿਦਾ ਜਿਨੋਂ ਨੇ ਗਾਇਆਹੈ ਉਨਕਾ ਸੋਭੀਤ ਭਿਆਹੈ ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥ ਹਰੀ ਕੇ ਮੰਗਲ ਨਿਤ ਹੀ ਗਾਉ ਹੇ ਸਖੀ ਇਸੀ ਤੇ ਸੋਗ ਦੂਖੁ ਨਹੀਂ ਬਜਾਪੇਂਗੇ ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ਗੁਰੋਂ ਕੀ ਚਰਨੀ ਲਾਗੇ ਹੈਂ ਦਿਨ ਬਡੇ ਹੀ ਸਭਾਗੇ ਆਏ ਹੈਂ ਅਪਨਾ ਜੋ ਪਤੀ ਹੈ ਤਿਸਕੋਂ ਜਪਤੇ ਹਾਂ ॥ ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥ ਇਕ ਰਸ ਗੁਰ ਉਪਦੇਸ਼ ਕੀ ਬਾਣੀ ਜਾਣੀ ਹੈ ਭਾਵ ਨਿਰੰਤ੍ਰ ਬੀਚਾਰ ਕੀਆ ਹੈ ਇਸੀ ਤੇ ਹਰਿ ਹਰਿ ਨਾਮੁ ਕੇ ਰਸ ਕੋ ਭੋਗਤੇ ਹੈਂ॥ ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ

Sri Satguru Jagjit Singh Ji Elibrary NamdhariElibrary@gmail.com

॥ ੩੪ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਪ੍ਰਭੂ ਆਪ ਹੀ ਮਿਲਿਆ ਹੈ ਜੋ ਬ੍ਰਹਮ ਇਕੋਂ ਕੇ ਕਰਨੈ ਜੋਗ ਹੈ ॥ ੩੪ ॥ **ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇਕੈ ਕਿਆ ਤੁਧੁ ਕਰਮੁ ਕਮਾਇਆ ॥** ਹੇ ਮੇਰੇ ਸਰੀਰਾ ਇਸ ਜਗ ਮੈਂ ਆਇਕੇ ਤੈਨੇ ਕਿਆ ਸ਼ੁਭ ਕਰਮ ਕਮਾਇਆ ਹੈ।

**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥** ਕਿਆ ਕਰਮ ਕਮਾਯਾ ਹੈ ਤੈਨੇ ਹੇ ਸਰੀਰਾ ਜਬ ਸੇ ਤੂੰ ਜਗਤ ਮੈਂ ਆ ਯਾ ਹੈਂ।

**ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥** ਜਿਸ ਹਰੀ ਨੇ ਤੇਰਾ ਇਹ (ਰਚਨੁ) ਬਨਾਉ ਬਣਾਇਆ ਹੈ ਸੋ ਹਰੀ ਤੈਨੇ ਮਨ ਮੈਂ ਨਹੀਂ ਵਸਾਇਆ ਹੈ ਹੋਰ ਕਾਰਜ ਸਭੀ ਬਿਅਰਥ ਹੈਂ ॥

**ਗੁਰਪਰਸਾਦੀ ਹਰਿ ਮਨਿ ਵਸਿਆ ਪੂਰਬਿ ਲਿਖਿਆ ਪਾਇਆ ॥** ਗੁਰੋਂ ਕੀ ਕਿਰਪਾ ਕਰਕੇ ਜਿਨੋਂ ਕੇ ਹਰੀ ਮਨ ਮੈਂ ਵਸਿਆ ਹੈ ਸੋ ਤਿਨੋਂ ਨੇ ਪੂਰਬਲੇ ਲੇਖ ਲਿਖੇ ਅਨੁਸਾਰ ਹੀ ਪਾਇਆ ਹੈ ॥

**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥ ੩੫ ॥** ਸ੍ਰੀ ਗੁਰੂ ਜੀ ਕਹਿਤੇ ਹੈਂ ਤਿਨਕਾ ਇਹ ਸਰੀਰ ਪਰਵਾਨੁ ਹੋਇਆ ਹੈ ਜਿਨੋਂ ਨੇ ਸਤਗੁਰੋਂ ਸੇ ਚਿਤ ਲਾਇਆ ਹੈ ॥ ੩੫ ॥ **ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥** ਹੇ ਮੇਰੇ ਨੇਤਰੋ ਹਰੀ ਨੇ ਤੁਮਾਰੇ ਮੈਂ ਪ੍ਰਕਾਸ਼ ਰੂਪ ਜੋਤਿ ਧਰੀ ਹੈ ਇਸਤੇ ਤੁਸੀ ਹਰੀ ਬਿਨਾਂ ਹੋਰ ਕੋਈ ਨਾ ਦੇਖੋ ॥ **ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ।** ਹਰੀ ਬਿਨਾਂ ਹੋਰ ਕੋਈ ਨਾ ਦੇਖੋ ਹਰੀ (ਨਦਰੀ) ਕਿਰਪਾ ਕਰਨੇ ਵਾਲਾ ਹੈ ਸੋਈ (ਨਿਹਾਲਿਆ) ਦੇਖਿਆ ਚਾਹੀਏ ਭਾਵ ਹਰੀ ਕੋ ਦੇਖੋ। (ਨਿਹਾਲਿਆ) ਦੇਖਿਆ ਚਾਹੀਏ ॥ **ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥** ਇਹ (ਵਿਸ) ਸਮੂਹ ਵਾ ਜਹਰ ਰੂਪ ਭਾਵ ਦੁਖਦਾਈ ਸੰਸਾਰ ਜੋ ਤੁਮ ਦੇਖਤੇ ਹੋ ਏਹ ਸਭ ਹਰੀ ਕਾ ਰੂਪ ਅਬ ਹੈ ਪੀਛੇ ਭੀ ਮਹਾਤਮਾ ਕੋ ਹਰੀ

ਰੂਪ ਹੀ ਇਹ ਨਜਰੀ ਆਇਆ ਹੈ ॥ (ਵਿਸ) ਸਹਰ, ਸੰਪੂਰਨ ॥ **ਗੁਰ ਪ੍ਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥** ਗੁਰ ਪ੍ਰਸਾਦੀ ਗੁਰਾਂਦੀ ਕਿਰਪਾ ਤੇ ਜਾਣਿਆ ਹੈ ਜਾਂ ਦੇਖਿਆ ਤੋ ਏਕ ਪਰਮੇਸ਼ਰ ਹੀ ਹੈ ਪੁਨਹ ਹਰੀ ਬਿਨਾਂ ਹੋਰ ਕੋਈ ਨਹੀਂ ਹੈ ॥ **ਕਹੈ ਨਾਨਕੁ ਇਹ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥ ੩੬ ॥** ਸ੍ਰੀ ਗੁਰੂ ਜੀ ਕਹਿਤੇ ਹੈਂ ਇਹ ਅਸਥੂਲ ਨੇਤ੍ਰ ਅੰਧੇ ਥੇ ਸਤਿਗੁਰੋਂ ਕੇ ਮਿਲਨੇ ਸੇ ਦਿਬ ਦ੍ਰਿਸ਼ਟੀ ਗਿਆਨ ਦ੍ਰਿਸ਼ਟਾ ਹੋਗਈ ਹੈ ਭਾਵ ਸਭਕੋ ਪਰਮੇਸ਼ਰ ਰੂਪ ਦੇਖਤੇ ਹੈਂ ॥ ੩੬ ॥

**ਏ ਸਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥**

ਹੇ ਮੇਰੇ ਕਰਣੋ ਤੁਸੀਂ ਸਚੇ ਹਰੀਨੇ ਅਪਨੇ ਨਾਮ ਕੇ ਸੁਨਨੇ ਕੋ (ਪਠਾਏ) ਭੇਜੇ ਹੋ ॥ **ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥** ਤੁਸੀ ਜੋ ਸਰੀਰ ਕੇ ਸਾਥ ਲਾਏ ਹੋ ਸੋ ਸਾਚੇ ਨਾਮ ਕੇ ਸੁਨਨੇ ਲੀਏ ਭੇਜੇ ਹੋ ਤਾਂ ਤੇ ਸੁਣੋ ਸੱਚ ਸਰੂਪ ਕੀ (ਬਾਣੀ) ਉਪਦੇਸ ॥ **ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥** ਜਿਸਕੇ ਸੁਨਨੇ ਸੇ ਜਗਿਆਸੂ ਜਨਾਂ ਕਾ ਮਨ ਤਨ ਹਰਿਆ ਹੋਇਆ ਹੈ ਔ ਰਸਨਾ ਰਸਮੇਂ ਸਮਾਈ ਹੈ ॥ **ਸਚੁ ਅਲਖ ਵਿਡਾਣੀ ਤਾਕੀ ਗਤਿ ਕਹੀ ਨ ਜਾਏ ॥** ਸੋ ਸਚਾ ਅਲਖ ਆਸਚਰਜ ਰੂਪ ਹੈ ਤਿਸਕੀ ਤੋ ਗਤੀ ਕਹੀ ਨਹੀਂ ਜਾਤੀ ਹੈ। (ਅਲਖ) ਜੋ ਲਖਿਆ ਨਾ ਜਾਵੇ। ਜੋ ਨਿਸਾਨਾ ਨਾ ਬਨ ਸਕੇ (ਵਿਡਾਣੀ) ਬਿਗਾਨੀ। ਆਸਚਰਜ ॥ **ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥ ੩੭ ॥** ਸ੍ਰੀਗੁਰੂ ਜੀ ਕਹਿਤੇ ਹੈਂ। ਨਾਮ ਅਮ੍ਰਿਤ ਕੋ ਸੁਨੋ ਤੋ ਪਵਿਤ੍ਰ ਹੋਵੋਗੇ ਕਿਉਂਕਿ ਤੁਸੀ ਸੱਚੇ ਨਾਮ ਸੁਨਣੇ ਕੋ ਹੀ ਭੇਜੇ ਹੋ ॥ ੩੭ ॥

**ਹਰਿ ਜੀਉ ਗੁਫਾ ਅੰਦਰਿ ਰਖਿਕੈ ਵਾਜਾ ਪਵਣੁ ਵਜਾਇਆ ॥** ਹਰਿ ਪਿਆਰੇ ਨੇ ਜੀਉ ਨੂੰ ਸਰੀਰ ਰੂਪਿ ਗੁਫਾ ਅੰਦਰ ਰਖਕੇ ਵਿਚ ਬਾਜਾ ਪੌਨਕਾ ਵਜਾਇਆ ਹੈ। ਭਾਵ ਪ੍ਰਾਨ ਪੌਣ ਕਰਕੇ ਸਭਚੇਸ਼ਟਾ ਕਰਾਈ ਹੈ ॥ **ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟ ਕੀਏ**

**ਦਸਵਾ ਗੁਪਤੁ ਰਖਾਇਆ॥** ਵਾਜਾ ਪੌਣ ਕਾ ਵਜਾਇਆ ਹੈ ਔ ਸਰੀਰ ਕੇ ਨੌ ਦੁਆਰੇ ( ਪ੍ਰਗਟ ) ਖੁਲੇ ਕੀਏ ਹੈਂ ਪੁਨਃ ਦਸਵਾਂ ਜੋ ਦਰ ਹੈ ਗੁਪਤ ਹੀ ਰਖਿਆ ਹੈ। ਦਸ ਦੁਆਰ ਯਿਹ ਹੈਂ ਦੋ ਨੇਤ੍ਰ, ਦੋ ਨਾਸਕਾ, ਦੋ ਕਾਨ, ਇਕ ਮੁਖ ਇਕ ਗੁਦਾ, ਇਕ ਲਿੰਗ ਯਿਹ ਨਉ ਤੋ ਪ੍ਰਗਟ ਛਿਦ੍ਰ ਹੈਂ ਇਕ ਤਾਲੂ ਕਾ ਗੁਪਤ ਛਿਦ੍ਰ ਹੈ। ਨੌਂ ਦੁਆਰੋਂ ਕੇ ਰਸਤੇ ਦੇਵਤੋਂ ਨੇ ਪ੍ਰਵੇਸ਼ ਕੀਆ ਹੈ ਦਸਵੇਂ ਦੁਆਰ ਕੇ ਰਸਤੇ ਪਰਮਾਤਮਾ ਨੇ ਕੀਆ ਹੈ॥ ਜੈਸੇ ਕਾਨੋਂ ਕੇ ਰਸਤੇ ਦਿਸਾਨੇ, ਨੇਤ੍ਰ ਕੇ ਰਸਤੇ ਸੂਰਜਨੇ, ਨਾਸਿਕਾ ਕੇ ਰਸਤੇ ਅਸ੍ਵਨੀ ਕੁਮਾਰੋਂ ਨੇ, ਮੁਖਕੇ ਰਸਤੇ ਅਗਨੀ ਔ ਵਰਣ ਨੇ। ਲਿੰਗ ਕੇ ਰਸਤੇ ਪ੍ਰਜਾਪਤਿਨੇ, ਗੁਦਾਕੇ ਰਸਤੇ ਧਰਮ ਰਾਜ ਨੇ, ਤਾਲੂ ਕੇ ਰਸਤੇ ਪਰਮਾਤਮਾ ਨੇ॥ **ਗੁਰ ਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥**

ਜਿਨੋਂ ਨੇ ਗੁਰੋਂ ਦੁਆਰੇ ਸਰਧਾ ਲਾਈ ਹੈ ਤਿਨਾਂ ਇਕਨਾਂਕੋ ਗੁਰਾਂ ਨੇ ਪ੍ਰਤੱਖ ਦਸਵਾਂ ਦੁਆਰੁ ਵ ਸੁਰਗ ਆਦਿ ਨਵੋਂ ਕਾ ਆਸਰਾ ਰੂਪ ਦਸਵਾਂ ਚੇਤਨ ਦਿਖਾਇਆ ਹੈ॥ ( ਭਾਵਨੀ ) ਸਰਧਾ, ਪ੍ਰੀਤ, ਮਨ ਕੀ ਵਾਸਨਾ॥

**ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸਦਾ ਅੰਤੁ ਨ ਜਾਈ ਪਾਇਆ॥** ਤਿਸਦੇ ਬੀਚ ਅਨੇਕਹੀ ਤਰਾਂ ਕਾ ਨਾਮ ਰੂਪ ਸੰਸਾਰ ਹੈ ਪੁਨਃ ਨੌ ਨਿਧੋਂ ਕਾ ਕਰਤਾ ਹੈ ਵੁਹ ਕੈਸਾ ਹੈ ਕਿ ਤਿਸਕਾ ਅੰਤ ਨਹੀਂ ਪਾਇਆ ਜਾਤਾ ਭਾਵ ਸੇ ਬੇਅੰਤ ਪਰਮੇਸ਼ਰ ਦੇਖਿਆ ਹੈ ਵਾ ਦਸਵਾਂ ਦੁਆਰ ਮੈਂ ਪੂਰਬੋਕਤ ਸਭ ਕੁਛ ਹੈ॥ **ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿਕੈ ਵਾਜਾ ਪਵਣੁ ਵਜਾਇਆ॥੩੮॥**

ਸ੍ਰੀ ਗੁਰੂ ਜੀ ਕਹਿਤੇ ਹੈਂ ਹਰਿ ਪਿਆਰੇ ਨੇ ਜੀਉ ਕੋ ਸਰੀਰ ਰੂਪਿ ਗੁਫਾ ਕੇ ਅੰਤਰ ਰਖਕੇ ਪੁਨਾ ਪਵਣ ਕਾ ਵਾਜਾ ਵਜਾਇਆ ਹੈ॥ ੩੮॥

**ਅਨੰਦ ਬਾਣੀ ਕੇ ਮਹਾਤਮ ਕੀ ਇਹੁ ਇਕ ਪਉੜੀ ਚੌਥੀ ਪਾਤਸ਼ਾਹੀ ਨੇ ਉਚਾਰੀ ਹੈ॥ ਯਥਾ—**

**ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ॥**

ਇਹ ਜੋ ਸਚਾ ( ਸੋਹਲਾ ) ਜਸ ਹੈ ਅਰਥਾਤ ਅਨੰਦ ਨਾਮ ਬਾਣੀ ਹੈ ( ਸਾਚੈ ਘਰੁ ) ਸਾਧ ਸੰਗਤ ਮੈਂ ਮਿਲਕੇ ਗਾਵਹੁ॥ **ਗਾਵਹੁ ਤ ਸੋਹਿਲਾ ਘਰ**

ਸਾਚੈ ਜਿਥੈ ਸਦਾ ਸਚੁ ਧਿਆਵਹੇ ॥ ਗਾਵਹੁ ਇਸ ਜਸ ਵਾ ਅਨੰਦ ਬਾਣੀ ਕੋ ਘਰ ਸਾਚੇ ਮੈਂ ਜਹਾਂ ਸਦਾ ਸਚਕਾ ਹੀ ਧਿਆਨ ਹੋਤਾ ਹੈ। ਸੋਹਿਲਾ ਗਾਵਨੇ ਵਾਲੇ ਇਸ ਪ੍ਰਕਾਰ ਬੇਨਤੀ ਕਰਤੇ ਹੈਂ ॥

ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ

ਹੇ ਪਰਮੇਸਰ ਜੋ ਤੇਰੇ ਸਚ ਸਰੂਪ ਕੋ ਧਿਆਵਤੇ ਹੈਂ ਸੋ ਤੇਰੇ ਕੋ ਭਾਵਤੇ ਹੈਂ। ਸੋ ਕੌਨ ਹੈਂ ਗੁਰੋਂ ਦੁਆਰੇ ਜਿਨ ਕੋ ਸਮਝ ਆਵਤੀ ਹੈ ਸੋ ਹੈਂ ॥

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ।

ਇਹੁ ਸੱਚ ਰੂਪ ਜੋ ਅਨੰਦ ਹੈ ਸੋ ਸਭਨਾ ਕਾ ਸੁਆਮੀ ਰਖਜਕ ਹੈ ਪ੍ਰੰਤ ਜਿਸਕੋ ਸਤਿਗੁਰੂ ਬਖਸ਼ੇ ਸੋ ਜਨ ਪਾਵਤਾ ਹੈ ॥ ਕਹੈ ਨਾਨਕੁ ਸਚੁ ਸੋਹਿਲਾ ਸਾਚੈ ਘਰਿ ਗਾਵਹੇ ॥੩੯॥ ਸ੍ਰੀ ਗੁਰੂ ਜੀ ਕਹਿਤੇ ਹੈਂ ਸਚਾ ਜੋ ਜਸ ਵਾ ਅਨੰਦ ਹੈ ਸੋ ( ਸਚੇ ਘਰ ) ਸਾਧ ਸੰਗਤ ਮੇਂ ਗਾਵਨਾ ਕਰੋ ॥ ੩੯ ॥

## ਪੰਜਵੀਂ ਪਾਤਸ਼ਾਹੀ ਬਾਣੀ ਕੋ ਸਮਾਪਤ ਕਰਤੇ ਹੂਏ ਮਹਾਤਮ ਕਹਿਤੇ ਹੈਂ ॥

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥

ਹੇ ਵਡ ਭਾਗੀਓ ਇਹ ਜੋ ਅਨੰਦ ਨਾਮ ਬਾਣੀ ਹੈ ਇਸਕੋ ਸੁਣੋ ਇਸ ਸੇ ਸਭ ਤੁਮਾਰੇ ਮਨੋਰਥ ਪੂਰੇ ਹੋ ਜਾਵੇਂਗੇ ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥ ਜਿਨੋਂ ਨੇ ਸੁਣਿਆ ਹੈ ਤਿਨੋਂ ਨੇ ਪਾਰਬ੍ਰਹਮ ਸਾਮਰਥ ਕੋ ਪਾਇਆ ਹੈ ਤਿਨਕੇ ਸਭ ਦੁਖ ਉਤਰ ਗਏ ਹੈਂ ॥

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥

ਜਿਨੋਂ ਨੇ ਇਹ ਸੱਚੀ ਬਾਣੀ ਸੁਣੀ ਹੈ ਤਿਨ ਕੇ ਦੁਖ ਰੋਗ ਪੁਨਾ ਭਲੀ ਪ੍ਰਕਾਰ ਆਧਿ ਬਿਆਧੀ ਆਦਿ ਤਾਪ ਭੀ ਉਤਰ ਗਏ ਹੈਂ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ ਸੰਤ ਜੋ ਸਾਜਨ ਹੈਂ ਵੁਹ ਸਹਿਤ ਰਸਕੇ ਪੂਰੇ ਹੂਏ ਹੈਂ ਇਹ ਅਨੰਦ ਬਾਣੀ ਕੀ ਮਹਿਮਾ ਹਮਨੇ ਪੂਰਨ ਗੁਰੋਂ ਸੇ ਜਾਣੀ ਹੈ ॥ ਸਰਸ–ਆਨੰਦ ਕੇ ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ ਸੁਣਤੇ ਪੁਨੀਤ ਕਹਿਨੇ ਵਾਲੇ ਪਵਿੱਤ੍ਰ ਹੂਏ ਹੈਂ ਪੁਨਾਃ ਤਿਨੋਂ ਨੇ ਇਸ ਬਾਣੀ ਦੁਆਰਾ ਸਤਿ ਸਰੂਪ ਜੋ ਪੁਰਸ਼ ਹੈ

Sri Satguru Jagjit Singh Ji Elibrary NamdhariElibrary@gmail.com

ਸੰਸਾਰ ਮੈਂ ਬਿਆਪ ਰਹਿਆ ਹੈ ਜਾਣਿਆ ਹੈ ॥ **ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥ ੪੦ ॥**
ਸ੍ਰੀ ਗੁਰੂ ਜੀ ਕਹਿਤੇ ਹੈਂ ਨੰਮ੍ਰੀ ਹੋਇਕੇ ਜੋ ਗੁਰ ਕੀ ਚਰਨੀ ਲਾਗੇ ਹੈਂ ॥ ਤਿਨੋਂ ਕੋ ਇਕ ਰਸ ਦਸਮ ਦੁਆਰਕੇ ਬਾਜੇ ਵ ਨਾਮ ਜਪਨੇ ਕੇ ਸਬਦ ਪ੍ਰਗਟ ਹੂਏ ਹੈਂ ॥ ੪੦ ॥ ( ਬਿਨਵੰਤ ) ਨੰਮ੍ਰਤਾ, ਨਮਸਕਾਰ ॥

ਇਤੀ ਸ੍ਰੀ ਅਨੰਦ ਸਬਦ ਸੰਪੂਰਨ

## ਨਿਵੇਦਨ

ਪਿਆਰੇ ਧਰਮਾਤਮਾ ਪੁਰਸ਼ੋ ! ਵਿਚਾਰ ਕਰ ਦੇਖੋ ਇਸ ਅਨੰਦ ਬਾਣੀ ਸੇ ਅਨੰਦ ਵਿਵਾਹ ਕਦਾਪਿ ਸਿਧ ਨਹੀਂ ਹੋਤਾ । ਕਿਉਂਕਿ ਇਸ ਮੇਂ ਤੋ ਗੁਰੂ ਕੀ ਪ੍ਰਾਪਤੀ ਔਰ ਈਸ਼੍ਵਰ ਕੀ ਭਗਤਿ ਔਰ ਸੰਸਾਰ ਕਾ ਤਿਆਗ ਹੈ ਜਿਸ ਸੇ ਮੂਰਖ ਤੱਤ ਖਾਲਸਾ ਬਿਵਾਹ ਸਮਝਤੇ ਹੈਂ ।

ਮਿਤ੍ਰੋ ! ਅਨੰਦ ਕੇ ਸਾਥ ਤੱਤ ਖਾਲਸਾ ਲਾਵਾਂ ਭੀ ਪੜ੍ਹਤੇ ਹੈਂ ਸੋ ਲਾਵਾਂ ਮੇਂ ਭੀ ਤੱਤ ਖਾਲਸਾ ਕਾ ਅਗਜਾਨ ਹੈ ਕਿਉਂਕਿ ਲਾਵਾਂ ਮੇਂ ਈਸ਼੍ਵਰ ਪ੍ਰਾਪਤੀ ਕਾ ਸਾਧਨ ਚਾਰ ਭੂਮਿਕਾ ਕਥਨ ਕੀਯਾ ਹੈ ਜੋ ਟੀਕਾ ਫਰੀਦਕੋਟ ਕੀ ਲਿਖ ਕਰ ਦਿਖਲਾਤਾ ਹੂੰ ॥ ਯਥਾ —

## ਲਾਵਾਂ

### ਰਾਗ ਸੂਹੀ ਛੰਤ ਮਹਲਾ ੪ ॥

ਪ੍ਰਕਾਰਾਂਤ੍ਰ ਕਰ ਲਾਵਾਂ ਕੇ ਰੂਪਕ ਸੇ ਚਾਰ ਭੂਮਿਕਾ ਵਰਨਨ ਕਰਤੇ ਹੈਂ ॥

**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥** ਹਰੀ ਰੂਪ ਪਤੀ ਕੇ ਸਾਥ ਪਹਿਲੀ ਲਾਂਵ ਏਹ ਹੈ ਜੋ ਗੁਰੋਂ ਨੇ ਮੰਦ ਕਰਮਾਂ ਤੇ ਵਰਜ ਕਰ ਸ਼ੁਭ ਕਰਮੋਂ ਕੀ ਪਰਵਿਰਤੀ ਰੂਪ (ਕਰਮ) ਪ੍ਰਕਾਰ ਦ੍ਰਿੜ ਕਰਾਯਾ ਹੈ। ਬਲਿਹਾਰੇ ਜਾਈਏ ਰਾਮ ਜੀ ਕੇ ਯਾ ਸੰਬੋਧਨ ਹੈ ! ਹੇ ਭਾਈ। (ਲਾਵਾਂ) ਵਿਵਾਹ ਸਮੇ ਫੇਰੇ ॥ (ਪਹਲੜੀ) ਪਹਿਲੀ (ਬਲਿਰਾਮ ਜੀਉ) ਬਲ ਬਲਿਹਾਰ ਜਾਨੇ ਕਾ ਨਾਮ ਹੈ ( ਰਾਮ ) ਪਰਮੇਸ਼੍ਵਰ (ਜੀਉ) ਨਮ੍ਰਤਾ ਮੇਂ ਅਰਥਾਤ ਸਤਕਾਰ ਮੇਂ ਬਚਨ ਹੈ। ਭਾਵ ਇਸ ਸ਼ਬਦ ਕਾ ਏਹ ਹੈ ਉੱਤਮ ਇਸਤ੍ਰੀਆਂ ਤਥਾ ਪੁਰਸ਼ ਨਿਖਲ ਕਾਮੋਂ ਕੇ ਆਰੰਭ ਸਮੇ ਪਰਮੇਸ਼੍ਵਰ ਪੈ ਅਰਪਨਹੋਵਾਂ ਐਸੇ ਸਤਕਾਰਸੇ ਕਹਿਤੇਹੈਂ ਸੋਈਗੁਰੂਗ੍ਰੰਥਸਾਹਿਬਮੇਂ ਛੰਤ ਬਾਣੀ ਵਿਖੇ ਗੁਰੋਂ ਨੇ ਬਾਰ ਬਾਰ ਕਹਾ ਹੈ । ਅਥਵਾ ਮਹਾਤਮਾ ਜਨ ਪਰ

ਸ੍ਵਰ ਕੇ ਪਸਾਰੇ ਕੋ "ਇਹ ਜਗਤੁ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆ ਇਆ" ਐਸੇ ਨਿਸਚੇ ਕਰ ਕਾਹੂੰ ਕੋ ਬੁਲਾਨੇ ਸਮੇਂ ਭੀ ਅਮੁਕੇ ਕਾ ਰਾਮ ਯਾ ਹੇ ਅਮੁਕ ਰਾਮਜੀ ਤੁਮਾਰੇ ਬਲਿਹਾਰ ਜਾਵੋਂ ਕਿਰਪਾਕਰ ਯਹ ਕਾਮਕਰਦੇਨਾ ਐਸੇ ਕਹਿਤੇ ਹੈਂ ਵੁਹੀ ਭਾਵ ਛੰਤ ਬਾਣੀ ਮੇ ਗੁਰਾਂ ਨੇ ਰਖਾ ਹੈ ਯਾਂਤੇ ਈਹਾਂ ਬਲਿਰਾਮ ਜੀਕਾ ਅਰਥ ਛੋਟੇ ਪ੍ਰਤਿਕਥਨ ਮੇ ਹੇ ਭਾਈ ਕਰਲੇਨਾ, ਬਡੇ ਪ੍ਰਤਿ ਕਥਨ ਸਮੇ, ਹੇ ਬਾਬਾ ਜੀ ਕਰ ਲੇਨਾ ਯਥਾ-"ਬਿਨਗੁਰ ਗੁਣ ਨ ਸਮਾਵਨੀ ਬਲਿਰਾਮ ਜੀਉ"। (ਗੁਰੂ ਗਿਰਾਰਥ ਕੋਸ਼ ਪੰਡਿਤ ਤਾਰਾ ਸਿੰਘ)।

**ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪੁ ਤਜਾਇਆ ਬਲਿਰਾਮ ਜੀਉ ॥** ਬਾਣੀ ਜੋ *ਵੇਦਰੂਪ ਬ੍ਰਹਮਾ ਉਚਾਰਤਾ ਹੈ ਤਿਸ ਬੇਦ ਪ੍ਰਮਾਣ ਧਰਮ ਕ ਦ੍ਰਿੜ ਕਰੋ ਐਸੇ ਗੁਰੋਂ ਨੇ ਕਿਹਾ ਹੈ ਔ ਪਾਪੋਂ ਕਾ ਤਿਆਗ ਕਰਾਇਆ ਹੈ ਬਲਿਹਾਰੇ ਜਾਈਏ ਰਾਮ ਜੀ ਕ ॥

**ਧਰਮੁ ਦ੍ਰਿੜਹੁ ਹਰਿਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥** ਧਰਮ ਕੋ ਦ੍ਰਿੜ ਕਰੋ ਔਰ ਹਰੀ ਨਾਮਕੋ ਧਿਆਵੋ ਸਿ-ਮ੍ਰਤੀਓਂ ਨੇ ਭੀ ਨਾਮ ਹੀ ਜਪਨਾ ਨਿਸਚੇ ਕਰਵਾਯਾ ਹੈ ॥

**ਸਤਿਗੁਰੁ ਗੁਰੁਪੂਰਾ ਆਰਾਧਹੁ ਸਭਿ ਕਿਲਬਿਖ ਪਾਪ ਗਵਾਇਆ ॥** ਸਤਿਗੁਰੂ ਜੋ ਪੂਜਨੇ ਜੋਗ ਹੈਂ ਤਿਨਕੇ ਉਪਦੇਸ਼ ਕਰ ਪੂਰਾ ਜੋ ਪਰਮੇਸ਼ਰ ਹੈ ਤਿਸਕੋ ਅਰਾਧਨ ਕਰੋ ਔਰ ਜਿਨੋਂ ਨੇ ਅਰਾਧਣਾ ਹੈ ਤਿਨੋਂ ਨੇ ਬੰਜਰ ਪਾਪ ਅਰ ਸਮਾਨ ਪਾਪ ਸਭਕੇ ਗਵਾਯਾ ਹੈ ॥

**ਸਹਜ ਅਨੰਦ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥** ਜਿਨੋਂ ਕੇ ਮਨ ਮੈਂ ਹਰਿ ਹਰਿ ਕਾ ਜਾਪ ਗੁਰੋਂ ਨੇ ਮੀਠਾ ਲਾਯਾ ਹੈ ਤਿਨ ਵਡਭਾਗੀਓਂ ਕੋ ਸੁਤੇਹੀ ਆਤਮਾਨੰਦ ਹੂਆ ਹੈ (ਸਹਜ) ਗਜਾਨਾ

**ਜਨ ਕਹੈ ਨਾਨਕ ਲਾਵ ਪਹਿਲੀ ਆਰੰਭੁ ਕਾਜ ਰਚਾਇਆ ॥ ੧ ॥** ਸ੍ਰੀਗੁਰੂ ਜੀ ਕਹਿਤੇ ਹੈਂ ਇਹ ਤਿਸਕੀ ਪਹਿਲੀ ਲਾਂਵ ਹੈ ਸੋ ਅਭੇਦਤਾ ਰੂਪੀ ਬਿਵਾਹ ਕਾ ਗੁਰੋਂ ਦੁਆਰੇ ਆਰੰਭ ਰਚਾਯਾ ਹੈ ॥ ੧ ॥

**ਹਰਿ ਦੂਜੜੀ ਲਾਂਵ ਸਤਿਗੁਰ ਪੁਰਖੁ ਮਿਲਾਇਆ**

---

*ਤੱਤਖਾਲਸਾ ਜੀ ਆਂਖੇਂ ਖੋਲ੍ਹਕੇ ਦੇਖੋ ਆਪਕੇ ਗੁਰੂ ਵੇਦ ਕੀ ਕੈਸੀ ਪ੍ਰਸ਼ੰਸਾ ਕਰਤੇ ਅਰ ਧਰਮ ਕ੍ਰਿਆ ਮਾਨਤੇ ਹੈਂ ॥

Sri Satguru Jagjit Singh Ji Elibrary NamdhariElibrary@gmail.com

ਬਲਿਰਾਮ ਜੀਉ ॥ ਹਰੀ ਕੇ ਸਾਥ ਦੂਜੀ ਲਾਂਵ ਏਹ ਹੈ ਸਤਿਗੁਰ ਪ੍ਰਤਖ ਨੇ ਜਗਿਆਸੂ ਕੋ ਵਿਚਾਰ ਆਦਿ ਗੁਨੋਂ ਮੇਂ ਮਿਲਾਯਾ ਹੈ ਬਲਿਹਾਰੇ ਜਾਂਵਾਂ ਰਾਮ ਜੀ ਕੇ ॥ ਦੂਜੜੀ। ਦੂਜੀ ॥

ਨਿਰ ਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ ॥ ਭੈ ਤੇ ਮਨ ਨਿਰਭਉ ਹੋਗਿਆ ਔ ਹੰਕਾਰ ਮੈਲ ਕੋ ਗਵਾਯ ਦੀਆ ਹੈ ਬਲਿਹਾਰੇ ਜਾਵਾਂ ਰਾਮ ਜੀਕੇ ॥ ( ਹਉਮੈ )ਧਨਾਦਿਕੋਂ ਕਾ ਅਹੰਕਾਰ ॥

ਨਿਰਮਲੁ ਭਉ ਪਾਇਆ ਹਰਿ ਗੁਣਗਾਇਆ ਹਰਿ ਵੇਖੈ ਰਾਮ ਹਦੂਰੇ ॥ ਨਿਰਮਲ ਕਰਨੇ ਵਾਲਾ ਜੋ ਪਰਮੇਸ਼ਰ ਦਾ ਭਉ ਹੈ ਸੋ ਪਾਇਆ ਹੈ ਇਸੀ ਤੇ ਹਰੀ ਕੇ ਗੁਣਾਂਕੋ ਗਾਇਆ ਹੈ ਅਰ ਹਰੀ ਰਾਮ ਜੀ ਪਰਤੱਖ ਦੇਖੇਹੈਂ ( ਹਦੂਰੇ ) ਨਿਕਟ, ਸਨਮੁਖ ॥

ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰ-ਹਿਆ ਭਰਪੂਰੇ ॥ ਹਰਿ(ਆਤਮ ਰਾਮੁ)ਸ੍ਵਾਮੀਨੇ ਇਹਸੰਸਾਰ ਪਸਾਰਿਆ ਹੈ ਅਰ ਪਸਾਰ ਕੇ ਪੁਨਾ ਸਰਬ ਮੇਂ ( ਭਰਪੂਰੇ ) ਪੂਰਨ ਹੋ ਰਹਿਆ ਹੈ ॥ ਭਾਵ ਆਪ ਹੀ ਰਚਨਾ ਕਰਕੇ ਆਪ ਹੀ ਤਿਨ ਮੇਂ ਰਮ ਰਹਿਆ ਹੈ ( ਆਤਮ ਰਾਮ) ਜੀਵ ਈਸ਼ ਰੂਪ ਹੈ, ਈਸ਼ ਜੀਵ ਰੂਪ ਹੈ ॥

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ ਜੋ (ਅੰਤਰਿ) ਸਰੀਰ ਮੈਂ ( ਬਾਹਰਿ ) ਬ੍ਰਹਿਮੰਡ ਮੇਂ ਹਰੀ ਸਮਰਥ ਏਕਹੀ ਹੈ ਹਰੀਕੇ ਭਗਤਾਂ ਸਾਥ ਮਿਲਕੇ ਤਿਸਕੇ ਮੰਗਲਾਚਾਰ ਗਾਏ ਹੈਂ ॥

ਜਨ ਨਾਨਕ ਦੂਜੀਲਾਵ ਚਲਾਈ ਅਨਹਦਸਬਦ ਵਜਾਏ ॥ ੨ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਇਹ ਦੂਜੀ ਲਾਂਵ ਚਲਾਈ ਹੈ ਜੋ ਇਕ ਰਸ ( ਸਬਦ ) ਬ੍ਰਹਮ ਕੋ ਬਿਰਤੀ ਵਜਾਏ ਹੈਂ ॥ ਭਾਵ ਚਿੰਤਨ ਕਰੇ ਹੈਂ ॥ ੨॥

ਹਰਿ ਤੀਜੜੀ ਲਾਵ ਮਨਿਚਾਉਭਇਆ ਬੈਰਾਗੀਆ ਬਲਿਰਾਮ ਜੀਉ ॥ ਜੋ ਬੈਰਾਗ ਵਾਨੋ ਕੇ ਮਨ ਮੇ ਪ੍ਰੇਮ ਹੂਆ ਹੈ ਏਹੀ ਹਰੀ ਕੇ ਸਾਥ ਤੀਜੀ ਲਾਂਵ ਹੈ ਬਲਿਹਾਰ ਜਾਵਾਂ ਰਾਮ ਜੀਕੇ ॥

Sri Satguru Jagjit Singh Ji Elibrary NamdhariElibrary@gmail.com

ਸੰਤ ਜਨਾ ਹਰਿ ਮੇਲਿ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ ॥ ਹਰੀਕੇ ਸੰਤੋਂ ਸਾਥ ਮੇਲਕਰਕੇ ਵਡਭਾਗੀਓਂ ਨੇ ਹਰੀ ਕੋ ਪਾਇਆ ਹੈ ਬਲਿਹਾਰ ਜਾਵਾਂ ਰਾਮ ਜੀਕੇ ॥

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਜਬ ਹਰੀ ਕੇ ਗੁਣੋਂ ਕੋ ਗਾਇਆ ਤਬ ਨਿਰਮਲ ਹਰੀ ਨਾਮ ਪਾਇਆ ਔ ਮੁਖੋਂ ਭੀ ਹਰੀ ਸੰਬੰਧੀ ਹੀ ਬਾਣੀ ਬੋਲੀ ॥

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ ਸੋ ਸੰਤ ਜਨਾਂ ਕਾ ਸੰਗ ਉਤਮ ਕਰਮਾਂ ਵਾਲਿਆਂ ਨੇ ਪਾਯਾ ਹੈ ਜਹਾਂ ਹਰੀ ਅਕਥ ਕੀਆਂ ਕਹਾਣੀਆਂ ਕਥਨ ਕਰੀਦੀਆਂ ਹਨ ॥

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਿਨਾਂ ਹਰੀ ਨਾਮ ਜਪਿਆ ਹੈ ਤਿਨਕੇ ਹਿਰਦੇ ਮੇਂ ਹਰੀ ਪਰਾਇਣਤਾ ਰੂਪ ਧੁਨਿ ਉਪਜੀ ਹੈ ਭਾਵ ਆਤਮ ਵਿਸ਼ੈਣੀ ਬਿਰਤੀ ਉਤਪਤ ਹੋਈ ਹੈ ਪਰੰਤੂ ਹਰੀ ਕੋ ਤਬ ਜਪਤਾ ਹੈ ਜਬ ਬਡਾ ਉਤਮ ਜੀਵਕੇ ਮਸਤਕ ਪਰ ਭਾਗ ਹੋਵੈ ॥

ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥ ੩ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਹਰੀ ਕੀ ਪ੍ਰਾਪਤੀ ਸੇ ਮਨਮੇਂ ਵੈਰਾਗ ਉਤਪਤ ਹੋਵੇਹੈ ਅਰ ਨਾਮ ਜਪਤਾਹੈ ਇਹਤੀਜੀਲਾਂਵਹੈ॥੩॥

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ ॥ ਹਰੀ ਕੇ ਸਾਥ ਚਉਥੀ ਲਾਂਵ ਇਹ ਹੈ ਜੋ ਮਨ ਮੇਂ ਗਿਆਨ ਹੂਆ ਹੈ ਜਿਸ ਕਰਕੇ ਹਰੀ ਕਾ ਸਰੂਪ ਪਾਇਆ ਹੈ ਬਲਿਹਾਰੇ ਜਾਈਏ ਰਾਮ ਜੀ ਕੇ ॥

ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ ॥ ਗੁਰੂ ਜੋ ਮੁਖਹੈ ਵਹੁ ਸੁਭਾਵਿਕ ਹੀ ਮਿਲਿਆ ਹੈ ਜਿਸ ਗੁਰੂ ਨੇ ਹਰੀ ਮਨ ਤਨ ਮੇਂ ਮੀਠਾ ਲਾਇਆ ਹੈ ਬਲਿਹਾਰ ਜਾਵਾਂ ਰਾਮ ਜੀ ਕੇ ॥

Sri Satguru Jagjit Singh Ji Elibrary NamdhariElibrary@gmail.com

**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥** ਜਿਸਕੋ ਗੁਰਾਂ ਨੇ ਹਰੀ ਮੀਠਾ ਲਾਇਆ ਅਰ ਮੇਰੇ ਪ੍ਰਭੂ ਹਰੀ ਕੋ ਭਾਇਆ ਸੋ ਜਗਿਆਸੂ ਨੇ ਰਾਤਦਿਨ ਹੀ ਹਰੀ ਮੈਂ ਬ੍ਰਿਤੀ ਲਾਈ ਹੈ ॥

**ਮਨੁ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥** ਸੁਆਮੀ ਰੂਪ ਹਰੀ ਨਾਮ ਕਰਕੇ ਮਿਲਿਆ ਹੈ ਇਹੀ ਮਨ ਇਛਤ ਫਲ ਕੋ ਪਾਇਆ ਹੈ ਔਰ ਇਸ ਕਰਕੇ ਵਧਾਈ ਵਜੀ ਭਾਵ ਖੁਸ਼ੀ ਪ੍ਰਗਟ ਹੋਈ ਹੈ (ਚਿੰਦਿਆਂ) ਬਾਂਛਿਤ, ਚਾਹਿਆ (ਸੁਆਮੀ) ਪਤਿ, ਸ੍ਵਾਮੀ ॥

**ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥** ਜਬ ਗੁਰੋਂ ਨੇ ਹਰਿ ਸਾਮ੍ਰਥ ਠਾਕਰ ਕੀ ਪ੍ਰਾਪਤੀ ਰੂਪ ਵਿਆਹ ਰਚਾਇਆ ਤਬ ਜਗਿਆਸੂ ਰੂਪ ਇਸਤ੍ਰੀ ਨਾਮ ਕੋ ਰਿਦੇ ਮੈਂ ਜਪ ਕੇ ਪ੍ਰਸੰਨ ਹੁਈ ॥ (ਠਾਕਰ) ਸ੍ਰੀਰਾਮ ਕ੍ਰਿਸ਼ਨ ਅਵਤਾਰ, ਸਾਲਗਰਾਮ, ਵਿਸ਼ਨੂ (ਕਾਜ) ਬਿਵਾਹਾਦਿ ਮੰਗਲ ਕਾਮ। (ਧਨਿ) ਇਸਤ੍ਰੀ (ਵਿਗਾਸੀ) ਅਨੰਦ ਹੋਣਾ ॥

**ਜਨੁ ਨਾਨਕੁ ਬੋਲੈ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥ ੪ ॥** ਸ੍ਰੀ ਗੁਰੂ ਜੀ ਕਹਿਤੇ ਹੈਂ ਚਉਥੀ ਲਾਂਵ ਭਾਵ ਭੂਮਕਾ ਵਿਖੇ ਪ੍ਰਭ ਅਬਿਨਾਸੀ ਹਰੀ ਰੂਪ ਵਰ ਪਾਇਆ ਭਾਵ ਨਿਜ ਸਰੂਪ ਮੈਂ ਅਭੇਦ ਹੋਏ ॥ ੪ ॥ ੨ ॥

ਇਤਿ ਅਨੰਦ ਨਿਰਣਯ ਔਰ ਲਾਵਾਂ ॥

Sri Satguru Jagjit Singh Ji Elibrary NamdhariElibrary@gmail.com

ਜਿਨ ਸੱਚੇ ਧਰਮ ਅਭਿਲਾਖੀਓਂ ਨੇ ਤੱਤ ਖਾਲਸਾ ਕੇ ਲੇਖੋਂ ਕਾ ਖੰਡਨ ਦੇਖਨਾ ਹੋ ਤੋ ਸੁਖਲਾਲ ਉਪਦੇਸ਼ਕ ਕੀ ਰਚਿਤ ਨੀਚੇ ਛਪੀ ਪੁਸਤਕੇਂ ਦੇਖੋ

| | | |
|---|---|---|
| ੧ | ਨਵੀਨ ਸਿੰਘ ਸਿਖਯਾ ਗੁਰਮੁਖੀ ਟਾਯਪ ਮੇਂ ਸਫੇ ੪੮੦ ਕੀ ਪੁਸਤਕ ਮਲ | ॥) |
| ੨ | ਖਾਲਸਾ ਕੁਰੀਤੀ ਨਿਵਾਰਨ ਗੁਰਮੁਖੀ | =) |
| ੩ | ਅਨੰਦ ਖੰਡਨ ਬਿਵਾਹ ਮੰਡਨ ,, | ।=) |
| ੪ | ਸ੍ਰੀ ਗੁਰੂ ਘਰ ਮੇਂ ਦੁਰਗਾ ਪੂਜਨ ਨੰ: ੨ ,, | ≡) |
| ੫ | ਅਨੰਦ ਬਿਵਾਹ ਸਮੀਖਯਾ ਨਵੀਨਮਤ ਪ੍ਰੀਖਯਾ ,, | ≡) |
| ੬ | ਨਵੀਨ ਸਿੰਘ ਸਿਖਯਾ ਸ਼ਾਸਤ੍ਰੀ ਸ:੩੩੫ ਕੀ | ≡) |
| ੭ | ਸ੍ਰੀ ਗੁਰੂ ਘਰਮੇਂ ਦਾਨ ਬਿਧੀ ਸ਼ਾਸਤ੍ਰੀ ਸਫੇ੧੦੬ | ।) |
| ੮ | ਤੱਤ੍ਰ ਖਾਲਸਾ ਕੀ ਪੋਲ ਸ਼ਾਸਤ੍ਰੀ | =) |
| ੯ | ਸਿਖੋਂ ਕੀ ਬਾਜਏਲ ਅਰਜ਼ ਸ਼ਾਸਤ੍ਰੀ | =) |
| ੧੦ | ਨਵੀਨ ਸਿੰਘ ਮਤਮਰਦਨ ਬੱਜਰ ਸਫਾ੫੦੦ ਕਾ ਪੁਸਤਕ ਯਥਾਨਾਮ ਤਥਾ ਗੁਣ ਛਪਣੇ ਕੀ ਤਯਾਰੀ ਹੋ ਰਹੀ ਹੈ ॥ | |
| ੧੧ | ਆਨੰਦ ਨਿਰਣਯ ਗੁਰਮੁਖੀ | ।) |

ਪੁਸਤਕ ਮਿਲਨੇ ਕਾ ਪਤਾ--ਮੁਕਾਮ ਰੋਪੜ
ਡਾਕਖਾਨਾ ਖਾਸ ਜਿਲਾ ਅੰਬਾਲਾ
ਸੰਤਰਾਮ ਔਰ ਸੁਖਲਾਲ ਉਪਦੇਸ਼ਕ
ਸ੍ਰੀ ਭਾਰਤ ਧਰਮ ਮਹਾਂ ਮੰਡਲ ਰੋਪੜ ਨਿਵਾਸੀ

Sri Satguru Jagjit Singh Ji Elibrary NamdhariElibrary@gmail.com

# ਪ੍ਰਾਰਥਨਾ

(੧) ਯਦਪਿ ਗੁਰਮਤ ਵਿਰੋਧ ਵਿਨਾਸ ਲੁਖਨਾ ਭਾਈ ਮੋਹਨਸਿੰਘ ਵੈਦ ਕੀ ਤਰਫਸੇ ਛਪਾਹੈ ਪਰੰਤੂ ਭਾਈ ਮੋਹਨਸਿੰਘਜੀ ਉਸਕੇ ਸਫੇ(ਹ)ਪਰ ਲਿਖਤੇ ਹੈਂ ਕਿ ਬਹੁਤ ਸੱਜਨੋ ਕੀ ਸਹਾਯਤਾ ਨਾਲ ਬਨਾਯਾ ਹੈ ਇਸ ਕਾਂਰਣ ਹਮ ਇਸ ਟ੍ਰੈਕਟ ਕੋ ਉਨ ਕੀ ਬੁੱਧਿ ਬਲ ਕਾ ਨਮੂਨਾ ਨਾ ਸਮਝੇਂਗੇ ਬਲਕਿ ਬਹੁਤ ਸੇ ਸਵਾਰਥਿਯੋਂ ਕੇ ਢੋਲ ਕਾ ਪੋਲ ਖਯਾਲ ਕਰੇਂਗੇ ॥ ਪ੍ਰਸ਼ਨ ਕੇ ਆਦਿ ਮੇਂ ਵੈਦ, ਉਤਰ ਕੇ ਆਦਿ ਉਤਰ ਲਿਖੇਂਗੇ ਔਰ ਜਹਾਂ ਸਫਾ ਸਤਰ ਲਿਖੀ ਹੈ ਉਕਤ ਟ੍ਰੈਕਟ ਕਾ ਸਫਾ ਸਤਰ ਸਮਝਨਾ ॥

(੨) ਜਹਾਂ ਉਤਰ ਲਿਖਾ ਹੋਗਾ ਵਹਾਂ ਮੇਰਾ (ਸੁਖਲਾਲ ਉਪਦੇਸ਼ਕ) ਕਾ ਲੇਖ ਸਮਝਨਾ ॥

(੩) ਮਿਤ੍ਰੋ ! ਮੋਹਨ ਸਿੰਘ ਜੀ ਵੈਦ ਕੇ ਲੇਖ ਮੇਂ ਏਕ ਹੀ ਪ੍ਰਸੰਗ ਬਹੁਤ ੨ ਬਾਰ ਆਯਾ ਹੈ ਸੋ ਉਸਕਾ ਖੰਡਨ ਏਕ ਹੀ ਬਾਰ ਕਰਕੇ ਵੈਦ ਜੀ ਕੇ ਲੇਖ ਕੀ ਤਰਹ ਪੁਨਰੁਕਤਿ ਦੋਸ਼ ਸੇ ਬਚਾਯਾ ਹੈ ਇਸੀ ਵਾਸਤੇ (ਗੁਰ ਮਤ ਵਿਰੋਧ ਵਿਨਾਸ) ਕੇ ਬੀਚ ੨ ਕੇ ਸਫੇ ਸਤਰ ਛੋਡੇ ਗਏ ਹੈਂ ॥

(੪)ਇਸ ਰਿਸਾਲੇਕੇ ਪਸ਼ਚਾਤਹਮਏਕ ਔਰ ਰਿਸਾਲਾਛਪਵਾਏਂਗੇਜਿਸ ਕਾ ਨਾਮ (ਅਨੰਦ ਮੇਂ ਤੱਤਖਾਲਸਾ ਕਾ ਅਗਜਾਨ) ਹੋਗਾ ਉਸਮੇਂ ਅਨੰਦ ਕੀ ਚਾਲੀ ਪੌੜਿਯੋਂ ਕੇ ਅਰਥ ਚਾਰ ਲਾਵਾਂ ਸਮੇਤ ਲਿਖੇ ਹੈਂ ਉਸ ਸੇ ਵੈਦ ਜੀ ਔਰ ਉਨਕੇ ਸਹਕਾਰਿਯੋਂ ਕੀ ਔਰ ਧਰ ਠਿਕਾਨੇ ਹੋ ਜਾਯਗੀ ॥

( ੫ )ਬੈਦ ਜੀ ਕੀ ਸਦਰਿਸ਼ ਬਾਬੂ ਬਚਨਸਿੰਘ ਪਲੀਡਰ ਲੁਦਿਹਾਨਾ ਨਿਵਾਸੀ ਕੇ ਨਾਮ ਸੇ ਭੀ ਦੁਰਗਾ ਪ੍ਰੈਸ ਕੇ ਛਪੇ ਅਨੰਦ ਬਿਵਾਹ ਪਰ ਵਿਚਾਰ ਕੇ ਉਤਰ ਮੇਂ ਕਪੋਲ ਕਲਪਨਾ ਸੇ ਰਿਸਾਲਾ ਛਪਾ ਹੈ "ਜੈਸਾ ਮੂੰਹ ਵੈਸੀ ਚਪੇੜ" ਸੋ ਉਸਕੇ ਉਤਰ ਮੇਂ "ਜੈਸੀ ਰੂਹ ਤੈਸੇ ਫ਼ਰਿਸ਼ਤੇ" ਨਾਮਕ ਰਸਾਲਾ ਪ੍ਰਕਾਸ਼ਿਤ ਹੋਗਾ। ਬਿਸ਼ੇਸ਼ ਕਰ ਉਨਕੇ ਲੇਖ ਮੇਂ ਦੁਰਬਚਨੋਂਕਾ ਉਤਰ ਦੇਨਾ ਬਜਰਬ ਹੈ ਇਸੀ ਪ੍ਰਕਾਰ ਸਰਦਾਰ ਅਜਮੇਰ ਸਿੰਘ ਜੀ ਨੇ ਉਤਰ ਲਿਖ ਕਰ ਮੂਰਖਤਾ ਪ੍ਰਗਟ ਕੀ ਹੈ ਜਿਸਕਾ ਉੱਤਰ ਸੂਖਮਤਾ ਸੇ ਇਸੀ (ਅਨੰਦ ਖੰਡਨ ਬਿਵਾਹ ਮੰਡਨ ) ਮੇਂ ਆਚੁਕਾ ॥

( ੬ ) ਮਿੱਤ੍ਰੋ ਮੈਂ ਬਿਮਾਰ ਹੋਗਿਆ ਥਾ ਇਸ ਕਾਰਣ ਛਪਨੇ ਮੇਂ ਦੇਰੀ ਹੁਈ ਹੈ ॥

ਹ੦ ਸੁਖਲਾਲ ਉਪਦੇਸ਼ਕ
ਰੋਪੜ ਨਿਵਾਸੀ

Sri Satguru Jagjit Singh Ji Elibrary NamdhariElibrary@gmail.com

## ਅਥ ਅ[illegible]ਨ ਬਿਵਾਹ ਮੰਡਨ ॥

**ਵੈਦ** ਸਫਾ ( [illegible] ) ਸਤਰ ੧ ਸੇ ੧੩ ਤਕ। ਬੋਹੜੇ ਹੀ ਦਿਨ ਬੀਤੇ ਹਨ ਕਿ ਸਾਡੇ ਇਕ ਕ੍ਰਿਪਾਲੂ ਸਜਨ ਜੀਨੇ ਇਕ ਛੋਟਾ ਜੇਹਾ ਰਸਾਲਾ (ਪੁਸਤਕ) ਵਿਖਾਯਾ ਜਿਸਦਾ ਨਾਉਂ ਆਨੰਦ ਬਿਵਾਹ ਪਰ ਵਿਚਾਰ ਹੈ। ਇਸ ਰਸਾਲੇਦਾ ਮਹਾਰਾਜਾਸਾਹਿਬ ਨਾਭਾ ਜੀਦੀ ਆਗਜਾ ਅਨੁਸਾਰ ਛਪਨਾ ਪੜ੍ਹਕੇ ਚਿਤ ਬੜਾਹੀ ਦੁਖੀਹੋਗਿਆ ਅਰ ਜਾਣਿਆਂ ਕਿ ਅਜੇ ਸਾਡੀਕੌਮਦੇ ਡਾਢੇਮੰਦ ਭਾਗ ਹਨ ਜੋ ਸਾਡੇ ਸਿਰੋਮਣੀ ਪੰਥ ਭੂਸ਼ਣਾਂ ਵਲੋਂ ਜਿਨ੍ਹਾਂ ਨੂੰ ਵਾਹਿਗੁਰੂ ਨੇ ਸੁਧਾਰ ਦਾ ਭਾਰ ਦਿਤਾ ਹੈ ਅਜੇਹੇ ਗੁਰਮਤ ਵਿਰੋਧੀ, ਮੰਦ ਅਤੇ ਭੱਦੇ ਲੇਖ ਖਾਲਸਾ ਧਰਮ ਦੇ ਵਿਰੁਧ ਪ੍ਰਕਾਸ਼ਤ ਹੁੰਦੇ ਹਨ ਜਿਨਾਂ ਤੋਂ ਨਾ ਕੇਵਲ ਕੌਮ ਨੂੰ ਹੀ ਹਾਨੀ ਪਹੁੰਚਦੀ ਹੈ ਸਗੋਂ ਉਨਹਾਂ ਸਿਰੋਮਣੀਆਂ ਦੇ ਮਾਨ ਨੂੰ ਭੀ ਵਟਾ ਲਗਦਾਹੈ ਅਰ ਉਨਾਂਦੀ ਵਿਦ੍ਯਾ,ਵਿਚਾਰ,ਬੁਧੀ ਪਰਭੀ ਭਾਰੀਹਾਸੀਹੁੰਦੀਹੈ॥

**ਉਤ੍ਰ** ਵੈਦ ਜੀ ਸ਼੍ਰੀ ੧੦੯ ਮਹਾਰਾਜਾ ਸਾਹਿਬ ਨਾਭਾ ਜੀਦੀ ਆਗਜਾ ਅਨੁਸਾਰ ( ਅਨੰਦ ਬਿਵਾਹ ਪਰ ਵਿਚਾਰ )ਛਪਨਾ ਪੜ੍ਹਕੇ ਦੁਖੀ ਹੋਨਾ ਜਿਸ ਸੇ ਮ੍ਰਿਤੂ ਹੋ ਜਾਇ ਬੁਧੀ ਵਾਨੀ ਨਹੀਂ ਵਿਚਾਰ ਕਰੋ ਜੋ ਸਰਬਤ੍ਰ ਖਾਲਸਾ ਜੀਕੇ ਵਿਚਾਰ ਅਰਥ ਹੀ ਛਪਾ ਹੈ। ਵਿਚਾਰ ਕਰਨੇ ਸੇ ਅਨੇਕ ਕੌਮੇਂ ਬੜੀ ੨ ਬੁੱਧਵਾਨ ਹੋਗਈ ਹੈਂ ਪਰ ਆਪ ਕੀ ਕੌਮ ਜੋ ਵਿਚਾਰ ਕਰਨੇ ਪਰ ਡਾਢੇ ਮੰਦ ਭਾਗਾਂ ਵਾਲੀ ਹੋ ਜਾਇ। ਵੈਦ ਜੀ ( ਆਨੰਦ ਬਿਵਾਹ ਪਰ ਵਿਚਾਰ ) ਕੋ ਗੁਰਮਤ ਵਿਰੋਧੀ ਮੰਦੇ ਅਤੇ ਭੰਦੇ ਆਦਿ ਲਿਖਨਾ ਆਪ ਕੀ ਮਹਾਨ ਅਗਜਾਨਤਾ ਹੈ ਔਰ ਜੋ ਰਾਜੇ ਮਹਾਰਾਜੋਂ ਕੇ ਮਾਨ ਕੋ ਵੱਟਾ ਲਗਾਵੇ ਔਰ ਉਪਹਾਸ ਕਰੇਗਾ ਉਸਕੋ ਲੋਕ ਪ੍ਰਲੋਕ ਦੁਖ ਹੋਗਾ ਆਪ ਹੋਸ਼ ਮੇਂ ਆਓ ਅਭਿਮਾਨ ਰੂਪੀ ਮਦ ਕੋ ਦੂਰ ਕਰੋ ॥

**ਵੈਦ** ਸਫਾ ( [illegible] ) ਸਤਰ ੧੪ ਸੇ ੨੦ ਤਕ। ਰਸਾਲੇ ਦਾ ਸਾਰਾ ਮਜ਼ਮੂਨ ਪੜ੍ਹਕੇ ਅਰ ਮਹਾਰਾਜਾ ਸਾਹਿਬ ਨਾਭਾ ਪਤੀ ਜੀ ਦੇ ਗੁਣ ਅਤੇ ਸੁਭਾਵ ਵ ਕੌਮੀ ਪਿਆਰ ਵਲ ਵੇਖਕੇ ਚਿਤ ਵਿਚ ਇਹ ਭੀ ਉਪਜਦਾ ਹੈ ਕਿ ਕਿਸੇ ਖੋਟੇ ਆਦਮੀ ਦੀ ਚਾਲ ਹੈ ਜੋ ਸ੍ਵਾਰਥੀਆਂ ਦਾ ਪ੍ਰੇਰਿਆ ਹੋਇਆ ਸਿੱਖਾਂ ਦੇ ਜੜ੍ਹੀਂ ਤੇਲ ਦੇਣਾ ਚਾਹੁੰਦਾ ਅਰ ਮਹਾਰਾਜਾ ਸਾਹਿਬ ਨਾਭਾ ਜੀ ਦੇ ਨਾਮ ਨੂੰ ਅੱਗੇ ਰਖਕੇ ਆਪਣਾ ਪ੍ਰਯੋਜਨ ਸਿੱਧ ਕਰਨ ਵਿਚ ਤਤਪਰ ਹੈ॥

**ਉਤ੍ਰ** ਵੈਦ ਜੀ ਆਪਕੇ ਹੀ ਚਿਤ ਵਿਚ ਦ੍ਵੈਸ਼ ਭਰਪੂਰ ਹੈ ਜੋ ਸ੍ਰੀ ਮਹਾਰਾਜੋਂ ਕੇ ਨਾਮ ਸਾਥ ਸ੍ਰੀ੧੦੯ ਨਾ ਲਿਖਨਾ। ਭਾਈ ਜੀ ਵੋਹ ਖੋਟਾ ਆਦਮੀ ਕੌਨ ਹੈ ਜਿਸਦਾ ਆਪਨੂੰ ਨਾਮ ਲਿਖਨੇ ਦਾ ਡਰ ਹੈ ਔਰ ਸ਼੍ਰੀ ੧੦੯ ਮਹਾਰਾਜਾਸਾਹਿਬ ਬਹਾਦਰ ਬੁਧੀਵਾਨ ਨੀਤਗਜ ਔਰ ਤਜਰਬੇਕਾਰ

Sri Satguru Jagjit Singh Ji Elibrary NamdhariElibrary@gmail.com

ਔਰ ਦਯਾਲੁ ਸੰਸਾਰ ਮੇਂ ਪ੍ਰਸਿੱਧ ਹੈਂ ਵੋਹ ਕਿਸੀ ਖੋਟੇ ਆਦਮੀ ਕੀ ਚਾਲ ਪਰ ਕਦਾਪਿ ਨਹੀਂ ਚਲ ਸਕਤੇ ਆਪਕਾ ਲਿਖਨਾ ਸੁਪਨ ਕਾ ਬਰੜਾਟਵਤ ਮਿਥਿਆ ਸਿੱਧ ਹੋਤਾ ਹੈ ਕਿਉਂ ਕਿ ਆਪ ਸ਼੍ਰੀ ੧੦੮ ਮਹਾਰਾਜਾ ਨਾਭਾ ਪਤੀ ਜੀਕੇ ਗੁਣ ਔਰ ਸੁਭਾਵ ਕੋ ਸ੍ਰੇਸ਼ਟ ਹੋਣਾ ਉਕਤ ਮਾਨਤੇ ਹੈਂ॥

**ਵੈਦ** ਸਫਾ( ਅ ) ਸਤਰ ੧੭ ਸੇ ੧੮ ਤਕ। ਇਸਤੋਂ ਬਿਨਾ ਹੇਠ ਲਿਖੇ ਲੇਖ ਤੋਂ ਭੀ ਨਿਸ਼ਚਾ ਹੁੰਦਾ ਹੈ ਕਿ ਮਹਾਰਾਜਾ ਸਾਹਿਬ ਨਾਭਾ ( ਆਨੰਦ )ਦੇ ਕਦੇ ਵਿਰੁਧ ਨਹੀਂ ਹੋਸਕਦੇ ਇਤਜ਼ਾਦਿ ਸਾਰੇ ਸਫੇਮੇਂ ਲੇਖਹੈ॥

**ਉਤ੍ਰ** ਵੈਦਜੀ ਸ਼੍ਰੀ ੧੦੮ ਮਹਾਰਾਜਾ ਨਾਭਾ ਪਤੀ ਜੀ ਅਬ ਭੀ ਅਨੰਦ ਦੇ ਵਿਰੋਧੀ ਨਹੀਂ ਅਨੰਦ ਕੋ ਬਿਵਾਹ ਲੀਏ ਨਹੀਂ ਮਾਨਤੇ ਅਨੰਦ ਗੁਰਬਾਨੀ ਸਮਝ ਕਰ ਸਾਰਾ ਦਿਨ ਪੜ੍ਹੋ ਅਗਰ ਬਿਵਾਹ ਕੀ ਜਗਾ ਆਨੰਦ ਕੀ ਸੰਮਤੀ ਸ਼੍ਰੀ ੧੦੮ ਮਹਾਰਾਜਾ ਸਾਹਿਬ ਨਾਭਾ ਪਤੀ ਜੀ ਕੀ ਹੋਤੀ ਤੋ ਆਪਣੇ ਪੁਤ੍ਰ ਸ਼੍ਰੀ ੧੦੮ ਟਿੱਕਾ ਸਾਹਿਬ ਔਰ ਸਪੁਤ੍ਰੀ ਬੀਬੀ ਜੀਕਾ ਬਿਵਾਹ ਅਨੰਦ ਰੀਤੀ ਸੇ ਕਰਤੇ ਸੋ ਨਹੀਂ ਕਿਯਾ ਇਸਸੇ ਸਾਫ਼ ਪ੍ਰਗਟਹੈ ਕਿ ਸ਼੍ਰੀ ੧੦੮ ਮਹਾਰਾਜਾ ਸਾਹਿਬ ਬਹਾਦਰ ਆਪਕੀ ਆਨੰਦ ਵਿਧੀ ਕੋ ਨਹੀਂ ਮਾਨਤ ਔਰ ਸਦੈਵ ਸੇ ਵਿਰੁਧਹੈਂ। ਕਿਉਂਕਿ ਕਭੀ ਕਿਸੀ ਰਾਜਧਾਨੀ ਮੇਂ ਆਜਤਕ ਕਿਸੀ ਰਾਜਕੁਮਾਰ ਯਾ ਰਾਜਕੁਮਾਰੀ ਕਾ ਅਨੰਦ ਨਹੀਂ ਹੂਆ॥

**ਵੈਦ** ਸਫਾ (ੲ) ਸਤਰ ੧ ਸੇ ੩ ਤਕ। ਮਹਾਰਾਜਾ ਸਾਹਿਬ ਨਾਭਾ ਦਾ ਰਚਿਆ ਅਤੇ ਉਕਤ ਸਰਦਾਰ ਜੀ ਨੂੰ ਬਖ਼ਸ਼ਿਆ ਹੋਇਆ ਹੈ ਉਸਦਾ ਨਾਮ "ਚਾਰ ਭਾਗ" ਸੀ ਔਰ ਸਫਾ (ਸ) ਸਤਰ ੧ ਸੇ ੨ ਉਸਵਿਚ ਇਹ ਹੇਠ ਲਿਖੀ ਇਬਾਰਤ ਲਿਖੀ ਪਾਈ ਜੋ ਅਨੰਦ ਦੀ ਤਾਈਦ ਕਰਦੀ ਹੈ॥

**ਉਤ੍ਰ** ਵੈਦ ਜੀ ਚਾਰ ਭਾਗ ਮਹਾਰਾਜਾ ਸਾਹਿਬ ਨਾਭਾ ਜੀ ਕਾ ਰਚਾ ਹੁਆ ਜੋ ਆਪ ( ਗੁਰਮਤ ਵਿਰੋਧ ਬਿਨਾਸ਼ ) ਸਫਾ(ੲ) ਸਤਰ ੧੨ ਔਰ ੨੦ ਸੇ ੨੫ ਤਕ ਖੁਦ ਮੁਸੱਨਫੀ ਹੀਰਾ ਸਿੰਘ ਜੀ ਜਿਨ ਕੋ ਚਾਰ ਭਾਗ ਗ੍ਰੰਥ ਛਪਵਾਨੇ ਕੀ ਇਮਦਾਦ ਰਜਾਸਤ ਨਾਭੇ ਮੇਂ ਮਿਲੀ ਔਰ ਮਹਾਰਾਜਾ ਬਹਾਦੁਰ ਵਾਸੀ ਨਾਭਾ ਕਾ ਸ਼ੁਕਰੀਆ ਮਏ ਦਰਬਾਰਕੇ ਅਦਾ ਕਰ ਨੇ ਵਾਲਾ ਖੁਦ ਮਾਨਤੇ ਹੋ। ਭਾਈ ਜੀ ਸਚ ਤੋ ਯੇਹਹੈ ਕਿ ਆਪਨੇ ਉਕਤ ਗ੍ਰੰਥ ਆਂਖੋਂ ਸੇ ਨਹੀਂ ਦੇਖਾ ਯਦਿ ਦੇਖ ਲੇਤੇ ਤੋ ਚਾਰ ਭਾਗ ਨਾ ਲਿਖਤੇ ਕਜੋਂ ਕਿ ਉਕਤ ਗ੍ਰੰਥ ਕਾ ਨਾਮ ( ਸਿਵ ਪ੍ਰੇਮਹਰਿਜਾਨ ) ਹੈ ਆਪਕੋ ਕਿਸੀ ਨਾਭਾ ਨਿਵਾਸੀ ਦੁਸ਼ਟਾਤਮਾ ਪ੍ਰਪੰਚੀ ਨੇ ਨੋਟ ਕਰਦਿਯੇ ਹੋਂਗੇ। ਜੋ (ਗੁਰਮਤ ਵਿਰੋਧ ਬਿਨਾਸ਼) ਸਫਾ (ਹ) ਸਤਰ ੭ ਸੇ ੮ ਜਿਨਾਂ ਸਜਨਾਂ ਦੀ ਸਹਾਇਤਾ ਨਾਲ ਇਸ ਦਾ ਉਤ੍ਰ ਲਿਖਾ। ਭਾਈ ਜੀ ਓਹ ਐਸੀ ੨ ਹੀ ਸਹਾਇਤਾ ਹੈ ਜੋ ਆਪਨੇ ਲੇ ਕਰ ਅਪਨੀ ਮੂਰਖਤਾ ਪ੍ਰਗਟ ਕਰਵਾ ਲਈ। ਰਹਾ ਇਨਾਮ ਪਰ ਆਪਕਾ ਅਗਾਜਾਨ। ਸੋ ਇਨਾਮ ਹਰੇਕ ਲਿਖ ਸਕਤਾ ਹੈ ਜੈਸੇ ਆਖਕੇ ਹਮਖਿਆਲ

ਸਰਦਾਰ ਬਚਨ ਸਿੰਘ ਪਲੀਡਰ ਲੁਦੇਹਾਣਾ ਨਿਵਾਸੀ ਨੇ ੨੭ ਸਤੰਬਰ ਸੰਨ ੧੯੦੫ ਈ: ਕੇ ਪਾਉਨੀਅਰ ਅੰਗ੍ਰੇਜ਼ੀਅਖਬਾਰ ਮੇਂ ਏਕਹਜਾਰ ਰੁਪਯਾ ਦੇਨੇ ਕਾ ਇਨਾਮ ਲਿਖਾ ਥਾ ਜਿਸ ਕੀ ਤਸੱਲੀ "ਖਾਲਸਾ ਕੁਰੀਤੀ ਨਿਵਾਰਨ" ਰਸਾਲੇ ਦੁਵਾਰਾ ਕਰ ਦੀ ਥੀ ਜੋ ਆਜ ਤਕ ਮੌਨ ਹੈਂ। ਜਿਸਮੇਂ ਆਪਕੇ ਅਨੰਦ ਬਿਵਾਹ ਕੀ ਕਲਈ ਖੋਲ੍ਹੀਗਈ ਹੈ। ਆਪਕੀ ਸਦ੍ਰਿਸ਼ ਗੁਪ ਚੁਪ ਸੱਜਨ ਔਰ ਭਾਈਜੀਓਂ ਕੋ ਬੇਨਾਮੀ ਕਰਕੇ ਓਟ ਨਹੀਂ ਲੀ॥

**ਵੈਦ** ਸਫਾ (ਸ) ਸਤਰ ੪ ਸੇ ੧੭ ਤਕ। ਅੰਧ ਪਰੰਪਰਾ ਸੇ ਅਨੰਦ ਕੀ ਪ੍ਰਸ਼ਟੀ ਮੇਂ ਚਾਰ ਭਾਗ ਕੇ ਤੀਨ ਪ੍ਰਮਾਨ ਲਿਖੇ ਹੈਂ॥

**ਉਤ੍ਰ** ਵੈਦ ਜੀ ਉਕਤ ਚਾਰ ਭਾਗ (ਸ਼ਿਵਪ੍ਰੇਮ ਹਰੀਜਾਨਗ੍ਰੰਥ) ਟਾਇਟਲ ਪੇਜ ਕੇ ਦੂਸਰੇ ਸਫੇ ਪਰ ਦੇਖੋ ਗ੍ਰੰਥ ਰਚਤਾ ਕੀ ਯੇਹ ਪ੍ਰਤਗਜ਼ਾ ਹੈ॥ ਯਥਾ--"ਐ ਭਾਈਓ ਜੋ ਬਾਤੇਂ ਮੈਂ ਲਿਖਤਾਹੂੰ ਇਨ ਕੋ ਅਸ੍ਵਮੇਧ ਗ੍ਰੰਥਕੇ ਸਾਥ ਮਿਲਾਕਰ ਦੇਖੋ ਹਰੇਕ ਬਾਤ ਉਸਕੇ ਸਾਥ ਮਿਲੇਗੀ ਕਿਉਂਕਿ ਮੈਨੇ ਅਸ੍ਵਮੇਧ ਗ੍ਰੰਥ ਕੋ ਅੱਛੀਤਰਾਂ ਸੇ ਪੜ੍ਹਾ ਹੈ। ਹਮਾਰਾ ਤੁਮਾਰਾ ਮਾਰਗ ਵਹੀ ਥਾ ਜੋ ਅਸ੍ਵਮੇਧ ਮੇਂ ਲਿਖਾ ਹੈ॥" ਕਿਉਂ ਵੈਦ ਜੀ ਜਬ ਉਕਤ ਗ੍ਰੰਥ ਰਚਤਾ ਅਪਨਾ ਮਾਰਗ ਅਸ੍ਵਮੇਧ ਗ੍ਰੰਥ ਕੇ ਲੇਖਾਨੁਸਾਰ ਮਾਨਤਾ ਹੈ ਤੋ ਬਤਾਓ ਅਸ੍ਵਮੇਧ ਗ੍ਰੰਥ ਮੇਂ ਆਨੰਦ ਕਹਾਂ ਹੈ। ਜਿਸਕੀ ਆਪ ਸਿਧੀ ਮੇਂ ਛਲ ਕਪਟ ਕਰਤੇ ਹੋ ਵੋਹ ਤੋ ਬੰਧ੍ਯਾ ਕੇ ਪੁਤ੍ਰ ਸਮਾਨ ਨਾਸਤੀ ਹੈ। ਔਰ ਉਕਤ ਸਿਵਪ੍ਰੇਮ ਹਰੀਜਾਨ ਗ੍ਰੰਥ ਸਫਾ ੯੯੬ ਸਤਰ ੩ ਸੇ ੬ ਤਕ ਵੇਦ ਅਨੁਸਾਰ ਬਿਵਾਹ ਕਾ ਉਪਦੇਸ਼ ਹੈ ਜਿਸਸੇ ਆਪਕੇ ਸਿਧਾਂਤਕੀ ਜੜ੍ਹ ਕਟਗਈ॥ ਯਥਾ--"ਐ ਭਾਈਓ ਜਬ ਇਸ ਪ੍ਰਕਾਰ ਵੇਦ ਅਨੁਸਾਰ ਸ਼ਾਦੀ ਕਰੋਗੇ ਫਿਰ ਦੇਖਨਾ ਤੁਮਾਰੀ ਸੰਤਾਨ ਕੈਸੀ ਨੇਕ ਔਰ ਭਾਗ ਸ਼ੂਰ ਹੋਤੀ ਹੈ।" ਲੋ ਭਾਈ ਜੀ ਯਦਿ ਆਪ ਚਾਰ ਭਾਗ ਕੇ ਮਾਨਨੇ ਕੀ ਪ੍ਰਤਗਜ਼ਾ ਕਰੋ ਤੋ ਹਮ ਚਾਰ ਭਾਗ ਸੇ ਹੀ ਆਪਕਾ ਮਤ ਖੰਡਨ ਕਰਨੇਕੋ ਪੂਰੇ ਤਯਾਰ ਹੈਂ॥

**ਵੈਦ** ਸਫਾ (ਮ) ਸਤਰ ੨੨ ਸੇ ਸਫਾ (ਹ) ਸਤਰ ੧ ਸੇ ੩ ਤਕ। ਇਸ ਰਸਾਲੇ (ਅਨੰਦ ਬਿਵਾਹ ਪਰ ਵਿਚਾਰ) ਦੇ ਟਾਈਟਲਪਰ "ਸਰਬਤ੍ਰ ਖਾਲਸਾ ਜੀ ਕੇ ਵਿਚਾਰ ਅਰਥ" ਲਿਖ੍ਯਾ ਹੈ ਅੰਤ ਪਰ ਲਿਖ੍ਯਾ ਹੈ ਕਿ "ਇਸ ਲੇਖਕਾ ਜੋ ਸ਼ਖਸ ਪ੍ਰਾਚੀਨ ਗੁਰਮਤ ਗ੍ਰੰਥੋਂ ਅਨੁਸਾਰ ਔਰ ਸਭ ਤਖਤੋਂ ਅਰ ਗੁਰਦੁਆਰਿਓਂ ਔਰ ਤਮਾਮ ਖਾਲਸਾ ਜੀ ਕੀ ਰਾਇ ਸੇ ਉਤ੍ਰ ਦੇਕਰ ਹਮਾਰਾ ਇਤਮੀਨਾਨ ਕਰਾ ਕਰ ਅਨੰਦ ਪੜ੍ਹਾਕਰ ਬਿਵਾਹ ਕਰਨਾ ਸਿੱਧ ਕਰੇ ਤੋ ਦੋ ਮਾਹ ਕੇ ਅੰਦਰ ਹਜਾਰ ਰੁਪਯਾ ਇਨਾਮ ਮਿਲੇਗਾ" ਪ੍ਰੰਤੂ ਸੰਮਤ ਮਿਤੀ ਤਾਰੀਖ ਕੋਈ ਨਹੀਂ ਲਿਖੀ॥

**ਉਤ੍ਰ** ਵੈਦ ਜੀ ਤਾਰੀਖ ਕਾ ਝਗੜਾ ਨਿਕੰਮੇ ਸਫੇ ਕਾਲੇ ਕਰਨੇ ਹੈਂ ਬਹੁਤ ਪੁਸਤਕੋਂ ਪਰ ਤਾਰੀਖ ਨਹੀਂ ਹੋਤੀ। ਪਰੰਤੂ ਅਨੰਦ

Sri Satguru Jagjit Singh Ji Elibrary NamdhariElibrary@gmail.com

ਬਿਵਾਹ ਪਰ ਵਿਚਾਰ ੧੫ ਵੈਸਾਖਕੋ ਛਪਾ ਹੈ ਜੋ ਹਮਾਰੇ ਸਾਮਨੇ ਧਰਾਹੇ ਆਪ ਕੇ ਪਾਸ ਸ਼ਾਯਦ ਕਿਸੀ ਸੱਜਨ ਨਾਭਾ ਨਿਵਾਸੀ ਨੇ ਪਰੂਫ ਹੀ ਨਾ ਭੇਜ ਦਿਯਾ ਹੋ ਕਿ ਉਤਰ ਜਲਦ ਛਪਜਾਵੇ। ਤਾਰੀਖ ਕਾ ਝਗੜਾ ਤਬ ਯੋਗਜ ਥਾ ਜੋ ਪ੍ਰਾਚੀਨ ਗੁਰਮਤ ਗ੍ਰੰਥੋਂ ਅਨੁਸਾਰ ਔਰ ਸਭ ਤਖਤੋਂ ਗੁਰਦੁਵਾਰਿਯੋਂ ਔਰਤਮਾਮ ਖਾਲਸਾਕੀ ਰਾਯ ਹੋਤੀ ਜਿਸਕਾ ਜ਼ਿਕਰ ਅਨੰਦ ਬਿਵਾਹ ਮੇਂ ਥਾ ਆਪ ਗਪੌੜੇ ਹਾਂਕ ਕੇ ਹਜਾਰ ਰੁਪਏ ਉਡੀਕਦੇ ਹੋਂਗੇ ਸ਼ਰਤ ਪੂਰੀ ਕਰਤੇ ਤੋ ਡਾਕ ਮੇਂ ਹੀ ਹਜਾਰ ਪਹੁੰਚ ਜਾਤਾ ਬ੍ਰਿਥਾ ਮੂੰਹ ਪਸਾਰੇ ਮੱਖੀਆਂ ਪੜਤੀ ਹੈਂ ॥

**ਵੈਦ** ਸਫਾ (ਹ) ਸਤਰ ੫ ਸੇ ੯ ਤਕ। ਥੋੜੇ ਜੇਹੇ ਹੀ ਦਿਨ ਗੁਜਰੇਹਨ ਤਦ ਇਸਿਮਹੀਨੇ (ਜੂਨ ੧੯੦੯) ਵਿਚਹੀ ਇਹ ਰਸਾਲਾ ਸਾਡੇ ਹਥ ਆਇਆ ਤੇ ਇਸੇ ਮਹੀਨੇ ਵਿਚ ਹੀ ਅਸੀਂ ਕੁਝ ਸੱਜਨਾ ਦੀ ਸਹਾਇਤਾ ਨਾਲ (ਜਿਨਾਂ ਦੇ ਅਸੀਂ ਧਨਵਾਦੀ ਹਾਂ) ਇਸਦਾ ਉਤਰ ਪ੍ਰਕਾਸ਼ਤ ਕਰਦੇ ਹਾਂ ਇਤ੍ਯਾਦਿ ॥

**ਉਤ੍ਰ** ਵੈਦ ਜੀ ਸੱਜਨਾਂ ਦਾ ਨਾਮ ਗੁੱਮ ਕਿਉਂ ਰਖਾ। ਗੁੰਮ ਨਾਮ ਤੋ ਕੁਸੱਜਨਾ (ਖੋਟੇ ਪੁਰਖੋਂ) ਕਾ ਹੋਤਾ ਹੈ ਜਿਨਕੇ ਸਾਥ ਕਲੰਕ ਲਗੇ ਉਨਕਾ ਸੱਜਨ ਨਾਮ ਲਿਖਨਾ ਆਪਕਾ ਅਗਜਾਨ ਹੈ। ਯਦਿ ਸੱਜਨ ਹੈਂ ਤੋ ਉਨਕਾ ਖੋਟ ਪੁਰਖੋਂ ਕੀ ਸਦ੍ਰਿਸ਼ ਨਾਮ ਗੁੰਮ ਕਿਉਂ ਰਖਾ। ਭਾਈ ਜੀ ਜੋ ਪਹਿਲੇ ਆਪ ਨੇ ਲਿਖਾ ਹੈ ਕਿ ਯਹਾਂ ਕਿਸੇ ਖੋਟੇ ਆਦਮੀ ਕੀ ਚਾਲ ਹੈ ਸੋ ਹੁਣ ਸਿੱਧ ਹੋ ਗਿਆ ਹੈ ਆਪ ਕੇ ਹੀ ਸਹਾਇਕ ਖੋਟੇ ਪੁਰਖ ਹੈਂ ਜੋ ਗੁਪਤ ਸਹਾਇਤਾ ਦੇਤੇ ਹੈਂ। ਮਹੀਨਾ ਛੋੜ ਚਾਹੇ ਆਪ ਉਸੀ ਦਿਨ ਉਤਰ ਲਿਖ ਦੇਤੇ ਪਰੰਤੂ ਸ਼ਰਤ ਪੂਰੀ ਕਰਨੇ ਬਗੈਰ ਰੁਪਏ ਕੀ ਲਾਲਸਾ ਪੂਰੀ ਹੋਨੀ ਕਠਨ ਹੈ ॥

**ਵੈਦ** ਸਫਾ (ਹ) ਸਤਰ ੧੧ ਸੇ ੧੩ ਤਕ। ਅਸੀਂ ਜੂਏ ਬਾਜਾਂ ਜੈਸੀਆਂ ਸ਼ਰਤਾਂ ਨੂੰ ਪਸੰਦ ਨਹੀਂ ਕਰਦੇ ਅਰ ਨਾਹੀਂ ਅਜੇਹੇ ਇਨਾਮਦੇ ਚਾਹਵਾਨ ਹਾਂ ॥

**ਉਤ੍ਰ** ਵੈਦ ਜੀ (ਅਨੰਦ ਬਿਵਾਹ ਪਰ ਵਿਚਾਰ) ਕੇ ੧੦੦੦) ਹਜਾਰ ਰੁਪਏ ਇਨਾਮ ਜੂਏਬਾਜਾਂ ਜੈਸੀਆਂ ਸ਼ਰਤਾਂ ਕੋ ਪਸੰਦ ਨਹੀਂ ਕਰਤੇ। ਔਰ ਆਪਨੇ ਇਸੀ ਟ੍ਰੈਕਟ (ਗੁਰਮਤ ਵਿਰੋਧ ਖਿਨਾਸ਼) ਸਫਾ ੪੩ ਔਰ ੭੨ ਪਰ ਉਕਤ ੧੦੦੦) ਰੁਪਏ ਕਾ ਇਨਾਮ ਲੇਨੇਕੇ ਲੀਏ ਮੂੰਹ ਪਸਾਰਿਆ ਹੈ ਮੱਖਿਕਾ ਹੀ ਗ੍ਰਾਸ ਹੋਂਗੀ। ਧੰਨ ਆਪਕੀ ਔਰ ਆਪਕੇ ਪੰਥ ਸੇਵਕੋਂ ਕੀ ਸਫੇ ੫ ਮੇਂ ਲਿਖੀ ਨਿਰਲੋਭਤਾ ਕੀ ਝੂਠੀ ਡੀਂਗ ਜੋ ਠਗੀ ਸੇ ਦੇਸ਼ ਦੇਸ਼ਾਂਤ੍ਰੋਂ ਮੇਂ ਮੌਜ ਉੜਾਤੇ ਹੈਂ ਔਰ ਯੇਹ ਤੋ ਆਪਕੋ ਯਕੀਨ ਥਾ ਕਿ ਹਮ ਸੇ ਉਤਰ ਯਥੋਚਿਤ ਨਾ ਬਨ ਆਵੇਗਾ ਇਸ ਕਾਰਣ ਰੁਪਯਾ ਨਾ ਮਿਲੇਗਾ ਬਸ ਕੈਹ ਦਿਯਾ ਹਮ ਐਸਾ ਇਨਾਮ ਨਹੀਂ ਚਾਹਤੇ ਜਿਸ ਤਰਾਂ ਗੀਦੜ ਗਿਰ ਪੜਾ ਟੋਏ ਮੇਂ ਕਹਾ ਯਾਰੋਂ ਕਾ ਮੁਕਾਮ ਹੀ ਸਹੀ। ਨਹੀਂ ਤੋ ਤਾਰੀਖ ਕਾ ਝਂ-

Sri Satguru Jagjit Singh Ji Elibrary NamdhariElibrary@gmail.com

ਗੜ੍ਹਾ ਉਸੀ ਮਹੀਨੇ ਮੇਂ ਉਤਰ ਲਿਖਨਾ ਕਿਉਂ ਲਿਖਾ ਹੈ ਔਰ ਜੋ ਆਪਨੇ ਇਨਾਮ ਕੇ ਜੂਏ ਬਾਜਾਂ ਕੀ ਸ਼ਰਤਾਂ ਜੈਸਾ ਲਿਖਾ ਹੈ ਇਸ ਕਾ ਉਤਰ ਆਪ ਬਚਨ ਸਿੰਘ ਜੀ ਪਲੀਡਰ ਲੁਦੇਹਾਨੇ ਸੇ ਪੂਛੇਂ ਉਨੋਂ ਨੇ ਪਲੀਡਰ ਹੋਕਰ ਅਪਨੇ ਇਸ਼ਤਿਹਾਰ ਪਾਉਨੀਅਰ ਵਾਲੇਮੇਂ ੧੦੦੦)ਕੀ ਸ਼ਰਤ ਕਿਉਂ ਲਗਾਈ ਥੀ ਔਰ ਫਿਰ ਜਬ ਮੇਰੀ ਤਰਫ ਸੇ (ਖਾਲਸਾ ਕੁਰੀਤ ਨਿਵਾਰਣ) ਨਾਮ ਉਤਰ ਛਪਾ ਫਿਰ ਉਸਕਾ ਪ੍ਰਤਿਉਤਰ ਬਚਨਸਿੰਘ ਜੀ ਨੇ ਕੁਛ ਭੀ ਨਾ ਦਿਯਾ ਵੈਦ ਜੀ ਅਬ ਆਪ ਉਨਸੇ ਪੂਛੋ ਕਿ ਝੂਠੀ ਸ਼ਰਤ ਕਿਉਂ ਲਗਾਈ ਥੀ ॥

**ਵੈਦ** ਸਫਾ (ਹ) ਸਤਰ ੧੩ ਸੇ ੨੦ ਤਕ। ਕੇਵਲ ਸਚਾਈ ਦੇ ਪ੍ਰਕਾਸ਼ ਅਰ ਗੁਰਮਤ ਵਿਰੋਧ ਦੇ ਵਿਨਾਸ਼ ਵਾਸਤੇ ਅਸੂਲ ਦੀ ਚਰਚਾ ਮੁਖ ਰਖਕੇ 'ਅਨੰਦ ਬਿਵਾਹ ਪਰ ਵਿਚਾਰ' ਦਾ ਗੁਰਮਤ ਅਨੁਸਾਰ ਖੰਡਨ ਕਰਦੇ ਹਾਂ ਜਿਸਤੋਂ ਇਸ ਰਸਾਲੇ ਦੇ ਕਰਤਾ ਜੀ ਦਾ ਤਾਂ ਪਤਾ ਨਹੀਂ ਓਹ ਇਸ ਸੱਤ ਵਿਚਾਰ ਅਰ ਗੁਰਮਤ ਗਿਆਨ ਤੋਂ ਆਪਨੇ ਹ੍ਰਿਦਯ ਦੀ ਮਲਿਨਤਾ ਸਾਫ ਹੋਣ ਦੇਣ ਯਾ ਅਜੇ ਭੀ ਸ੍ਵਾਰਥ ਗ੍ਰਸਤ ਵਾਂਜੇ ਹੀ ਰਹਿਣ ॥

**ਉਤ੍ਰ** ਵੈਦ ਜੀ ਆਪਦੇ ਇਸਟ੍ਰੈਕਟ ਗੁਰਮਤਬਿਰੋਧ ਬਿਨਾਸ਼ ਮੇਂ ਸਚਾਈ ਕਾ ਤੋ ਦ੍ਵੈਸ਼ ਰੂਪੀ ਅਗਨੀ ਮੇਂ ਦਾਹ ਪ੍ਰਤੀਤ ਹੋਤਾ ਹੈ ਜੋ ਅਨੇਕ ਭੱਦਰ ਪੁਰਸ਼ੋਂ ਕੋ ਇਸ਼ਾਰੇ ਸੇ ਦੁਰਬਚਨ ਦੁਖੀ ਹੋਕਰ ਲਿਖੇ ਹੈਂ। ਵੈਦ ਜੀ ਯਥਾਰਥ ਮੇਂ ਆਪ ਵਿਰੋਧ ਵਾਸਤੇ ਬੇ ਅਸੂਲੀ ਚਰਚਾ ਮੁਖ ਰਖਕੇ ਅਨੰਦ ਬਿਵਾਹ ਪਰ ਵਿਚਾਰਕੇ ਉਤਰ ਮੇਂ ਅਸਮਰਥ ਹੋਤੇ ਹੂਏ ਗੁੰਮ ਨਾਮੀ ਕੁਝ ਸਜਨੋਂ ਕੀ ਮਦਦ ਲੀ ਔਰ ਗੁਰਮਤ ਇਤਹਾਸੋਂ ਕੋ ਪਰਸਪਰ ਬਿਰੋਧਕੇ ਕਾਰਣ ਝੂਠੇ ਸਿੱਧ ਕਰਦੀਆ ਜੋ ਆਪ ਅਪਨੇ ਲੇਖਕੋ ਸਤ ਵਿਚਾਰ ਔਰ ਅਨੰਦ ਬਿਵਾਹ ਵਿਚਾਰ ਕੇ ਲੇਖ ਕੋ ਗੁਰਮਤ ਅਗਜਾਨ ਦਿਲ ਦੀ ਮਲਿਨਤਾ ਔਰ ਸਵਾਰਥਪਨਾ ਬਤਾਨਾ ਕਰ੍ਹੂਜੜੀਕੇ ਖਟੇ ਬੇਰੋਂ ਕੀ ਪ੍ਰਸੰਸਾ ਰੂਪ ਔਰ ਅਪਨੇ ਮੂੰਹ ਮੀਯਾਂਮਿੱਠੂ ਕੇ ਸਵਾਇ ਹੋਰ ਕੁਝ ਨਹੀਂ ॥

**ਵੈਦ** ਸਫਾ ( ਕ ) ਸਤਰ ੧ ਸੇ ੨ ਤਕ । ਅਰ ਉਕਤ ਰਸਾਲੇ (ਅਨੰਦ ਬਿਵਾਹਪਰ ਵਿਚਾਰ )ਵਿਚ ਕਿਸੇ ਵਿਸ਼ੇਸ਼ ਕਨਿਸ਼ਟ ਸਵਾਰਥ ਅਰ ਪਾਣੀ ਰਿੜਕਨ ਤੋਂ ਛੁਟ ਲਾਭਦਾਯਕ ਗਲ ਨਹੀਂ ਹੈ।

**ਉਤ੍ਰ** ਵੈਦਜੀ ਅਨੰਦ ਬਿਵਾਹ ਵਿਚਾਰ ਰਿਸਾਲਾ ਆਦਜੋਪਾਂਤ ਦੇਖਨੇ ਸੇ ਪ੍ਰਗਟ ਹੂਆ ਕਿ ਉਸਮੇਂ ਸਵਾਰਥ ਕੀ ਗੰਧ ਭੀ ਨਹੀਂ ਕਜੋਂਕਿ ਧਰਮਾਤਮਾ ਧਰਮ ਰਖਜਕ ਜੀਕੀ ਓਰ ਸੇ ਵਿਚਾਰਾਰਥ ਪ੍ਰਕਾਸ਼ਤ ਹੂਆ ਹੈ। ਜੋ ਆਪ ( ਅਨੰਦ ਬਿਵਾਹ ਕੇ ਵਿਚਾਰ ) ਕੋ ਪਾਣੀ ਰਿੜਕਨਾ ਬਤਲਾਤੇ ਹੋ ਸੋ ਤੋ ਪਾਣੀ ਮੂਰਖ ਰਿੜਕਾ ਕਰਤੇ ਹੈਂ ਆਪ ਭੀ ਮੂਰਖ ਸਿੱਧ ਹੋ ਗਏ ਜੋ ਆਪਨੇ ( ਅਨੰਦ ਬਿਵਾਹ ਪਰ ਵਿਚਾਰ ) ਕਾ ਖੰਡਨ ਰੂਪ ਰਿੜਕਾ। ਇਤੀ ਭੂਮਿਕਾ ਖੰਡਨ ॥

Sri Satguru Jagjit Singh Ji Elibrary NamdhariElibrary@gmail.com

**ਵੈਦ** ਸਫਾ ਪਹਿਲਾ ਪਿੰਗਲ ਸੇ ਭ੍ਰਸ਼ਟ ਪ੍ਰਾਰਥਨਾ ਮੇਂ ਕਵਿਤਾ ਹੈ ਸੋ ਬਾਲਕ ਭੀ ਐਸੇ ਮੋਟੇ ਦੂਖਣੋਂ ਕੋ ਕਬਿਤਾ ਮੇਂ ਨਹੀਂ ਰਖਤੇ ॥

**ਉਤ੍ਰ** ਵੈਦਜੀ ਯਦਿ ਆਪਕੀ ਸਦ੍ਰਿਸ਼ ਖੋਟੋਂਕੀ ਪੜਤਾਲ ਹਮ ਕਰਨੀ ਪ੍ਰਾਰੰਭ ਕਰਦੇਂ ਤੋ ਏਕ ਪ੍ਰਿਥਕ ਹੀ ਪੁਸਤਕ ਬਣ ਜਾਏ ਪ੍ਰੰਤੂ ਅਸਥਾਲੀ ਪੁਲਾਕ ਨਜਾਇ ਸੇ ਏਕ ਦੋ ਮੋਟੀ ੨ ਬਾਤੇਂ ਦਿਖਲਾਤੇ ਹੈਂ।

ਪਹਿਲੇ ਦੋਹੇ ਕੇ ਦੂਸਰੇ ਪਾਦਮੇਂ ਏਕ ਮਾਤ੍ਰਾ ਜ਼ਿਆਦਾ ਹੋਨੇ ਸੇ ਭ੍ਰਸ਼ਟ ਹੈ।

ਦੂਸਰੇ ਦੋਹੇ ਕੇ ਦੂਸਰੇ ਪਾਦ ਮੇਂ ਜਤੀ ਭੰਗ ਹੈ ੧੨ ਮਾਤ੍ਰਾ ਹੋਨੇ ਸੇ ਔਰ ਤੀਸਰਾ ਪਾਦ ਭੀ ਭ੍ਰਸ਼ਟ ਹੈ।

ਤੀਸਰੇ ਦੋਹੇ ਕੇ ਚੌਥੇ ਪਾਦ ਮੇਂ ਏਕ ਮਾਤ੍ਰਾ ਜ਼ਿਆਦਾ ਹੋਨੇ ਸੇ ਭ੍ਰਸ਼ਟ ਹੈ।

ਚੌਥੇ ਦੋਹੇ ਕਾ ਚੌਥਾ ਪਾਦ ੧੨ ਮਾਤ੍ਰਾ ਹੋਨੇ ਸੇ ਭ੍ਰਸ਼ਟ ਹੈ।

ਪਾਂਚਮੇ ਦੋਹੇ ਕਾ ਪਹਿਲਾ ਪਾਦ ੧੨ ਮਾਤ੍ਰਾ ਹੋਨੇ ਸੇ ਭ੍ਰਸ਼ਟ ਹੈ।

ਪਾਂਚਮੇਂ ਦੋਹੇ ਕਾ ਚੌਥਾ ਪਾਦ ੧੪ ਮਾਤ੍ਰਾ ਹੋਨੇ ਸੇ ਭ੍ਰਸ਼ਟ ਹੈ।

**ਵੈਦ** ਸਫਾ ੨ ਸੇ ਸਤਰ ੯ ਤਕ ॥ ਨਾਭੇ ਦੇ ਦੁਰਗਾ ਪ੍ਰੇਸਨੇ ਕਝ ਚਿਰ ਤੋਂ ਇਹ ਚਾਲ ਫੜੀਹੋਈਹੈ ਕਿ ਜੋ ਕੰਮ ਗੁਰਮਤਦਾ ਹੋਵੇ ਉਸ ਤੇ ਜ਼ਰੂਰ ਹਮਲਾ ਕਰ ਦੇਣਾ ਤੇ ਨਾਲ ਨਾਭਾ ਪਤੀ ਜੀਦਾ ਨਾਮ ਜੜ ਦੇਣਾ ਜੋ ਲੋਕਾਂ ਵਿਚ ਉਸਦਾ ਸਤਕਾਰ ਬਣ ਜਾਵੇ ਇਸੇ ਤਰਾਂ ਹੀ ਹੁਣ ਇਕ ਰਸਾਲਾ "ਅਨੰਦ ਬਿਵਾਹ ਪਰ ਵਿਚਾਰ" ਨਾਮਕ ਛਪਿਆ ਹੈ। ਲੇਖਕ ਜੀ ਨੂੰ ਸੱਤ ਅਸੱਤ ਦੀ ਵਿਚਾਰ ਨਾਲ ਕੋਈ ਸੰਬੰਧ ਨਹੀਂ ਪ੍ਰਤੀਤ ਹੁੰਦਾ॥

**ਉਤ੍ਰ** ਵੈਦ ਜੀ ਨਾਭੇ ਕੇ ਦੁਰਗਾ ਪ੍ਰੇਸ ਨੇ ਕੋਈ ਚਾਲ ਨਹੀਂ ਫੜੀ ਜੈਸੇ ਲੇਖ ਲੋਗ ਛਪਵਾਤੇ ਹੈਂ ਵੈਸੇ ਛਾਪ ਦੇਤੇ ਹੈਂ ਕੋਈ ਪੁਰਸ਼ ਮਹਾਰਾਜ ਜੀਕੇ ਹੁਕਮ ਬਿਨਾ ਐਸਾ ਨਹੀਂ ਕਰ ਸਕਦਾ ਆਪਕੋ ਐਸੀ ਨਿਕੱਮੀ ਦਲੀਲ ਲਿਖਨੇਮੇਂ ਈਸ਼੍ਵਰਕਾ ਭਯ ਚਾਹੀਏ "ਆਪਕਾ" ਵਜ਼ੀਰਹਿੰਦਪ੍ਰੇਸ" ਅੰਮ੍ਰਿਤਸਰ ਭੀ ਐਸੇਹੀ ਕਰਤਾਹੈ ਦੇਖੋ ਅਖਬਾਰ ਖਾਲਸਾ ਸਮਾਚਾਰ ਜਿਲਦ ੫ ਨੰਬਰ ੪੪ ਅਕਤੂਬਰ ੫ ਸੰਨ ੧੯੦੪ ਸਫਾ ੧੧ ਲਿਖਤ ਪੜਤ ਇਸ ਪਤੇ ਤੇ ਹੋਵੇ ਸਃ ਮਃ ਮਾਰਫਤ ਦਫਤ੍ਰ ਖਾਲਸਾਸਮਾਚਾਰ ਸ੍ਰੀਅੰਮ੍ਰਿਤਸਰ" ਮਿਤ੍ਰੋ ਵੈਦ ਜੀ ਕਾ ਦੁਰਗਾ ਪ੍ਰੇਸ ਪਰ ਇਤਰਾਜ਼ ਕਰਨਾ ਮੂਰਖਤਾ ਹੈ ਔਰ ਵੈਦ ਜੀ ਲਿਖਤੇ ਹੂਏ ਹਮਲਾ ਕਰਦੇ ਹੈਂ ਜਿਸ ਸੇ ਸਫਾ ੪੦ ਪਰ ਲਿਖੇ ਵਿਆਕਰਣ ਦੰਭ ਕੀ ਕਲਈ ਖੁਲ੍ਹਗਈ। ਜੋ ਦੇਗਾ ਕੋ ਦੇਘਾ ਲਿਖਤੇਹੈਂ। ਨਾਭਾ ਪਤੀ ਜੀ ਦਾ ਨਾਮ ਆਪਨੇ ਭੀ ਸਮਰਪਨਮੇਂ ਜੜ ਦੀਆਹੈ ਤੋ ਕਿਆ ਆਪਕੇ ਮਿਥਜਾ ਲੇਖ ਗੁਰਮਤ ਵਿਰੋਧ ਵਿਨਾਸ਼ ਕੀ ਇਜ਼ਤ ਹੋ ਸਕਤੀ ਹੈ ਕਦਾਪਿ ਨਹੀਂ। ਵੈਦ ਜੀ ਅਨੰਦ ਬਿਵਾਹ ਪਰ ਵਿਚਾਰ ਰਸਾਲੇਕੇ ਕਰਤਾ ਕੋ ਪੂਰਨ ਗਯਾਨ ਔਰ ਬੁਧੀਮਤਾ ਹੈ ਜੋ ਗੁਰਮਤ ਗ੍ਰੰਥੋਂਕਾ ਸਿਧਾਂਤ ਔਰ ਗੁਰੂ ਸਾਹਿਬਾਨ ਕੇ ਬਿਵਹਾਰ ਔਰ ਉਨਕੀ ਸੰਤਾਨ ਕੀ ਨਜ਼ੀਰੋਂਕੋ ਅਨੰਦ ਬਿਵਾਹ ਪਰ ਵਿਚਾਰ

Sri Satguru Jagjit Singh Ji Elibrary NamdhariElibrary@gmail.com

ਰਸਾਲੇ ਰੂਪੀ ਕੁੱਜੀ ਮੇਂ ਸਮੁੰਦਰ ਬੰਦ ਕਰ ਦੀਆ ਹੈ। ਜਿਸ ਮੇਂ ਲਿਖੇ ਸਤ ਅਸਤਜ ਵਿਚਾਰ ਕੋ ਹਠ ਧਰਮੀ ਸੇ ਆਪ ਨਹੀਂ ਸਮਝ ਸਕਤੇ। ਜੈਸੇ ਗੁਰੂ ਮਹਾਰਾਜੋਂ ਕਾ ਵਾਕ ਹੈ। "ਪਾਪ ਬੁਰਾ ਪਾਪੀ ਕਉ ਪਿਆਰਾ"॥

**ਵੈਦ** ਸਫਾ ੨ ਸਤਰ ੧੫ ਸੇ ੧੯ ਤਕ। ਅਰ ਭੋਲੇ ਮਹਾਰਾਜ ਜੀ ਨੂੰ ਖਾਹ ਮੁਖਾਹ ਪਬਲਕ ਨੁਕਤਾ ਚੀਨੀ ਦੇ ਨਿਸ਼ਾਨੇ ਹੇਠ ਲਿਆ ਕੇ ਜਿਨਹਾਂ ਦਾ ਨਿਮਕ ਖਾਣਾ ਉਨ੍ਹਾਂ ਦੇ ਜਸ ਨੂੰ ਅਛਾਦਨ ਕਰਨ ਦਾ ਕਾਰਨ ਬਣਨਾ ਹੈ ਇਸ ਨਜਾਇ ਦੇ ਤਖਤ ਪਰ ਬੈਠੇ ਮਹਾਰਾਜ ਨੂੰ ਮਜ਼ਹਬੀ ਰਸਮਾ ਨਾਲ ਕੀ ?॥

**ਉਤ੍ਰ** ਵੈਦ ਜੀ ਸ੍ਰੀ ੧੦੮ ਯੁਤ ਮਹਾਰਾਜਾ ਬਹਾਦੁਰ ਨਾਭਾ ਕੋ ਭੋਲੇ ਲਿਖਨੇ ਸੇ ਹਮੇਂ ਬੜਾ ਦੁਖ ਹੂਆ ਅਰ ਪ੍ਰਗਟ ਹੂਆ ਕਿ ਆਪ ਕੋ ਗੁਰੂ ਗ੍ਰੰਥ ਸਾਹਿਬ ਕੀ ਖਬਰ ਨਹੀਂ ਔਰ ਆਗਿਆ ਕੋ ਨਹੀਂ ਮਾਨਤੇ। ਪਪੈ ਪਾਤਸਾਹੁ ਪ੍ਰਮੇਸਰ ਵੇਖਣਕਉ ਪਰਪੰਚ ਕੀਆ(ਆਦਿਗੁਰੂਗ੍ਰੰਥਸਾਹਿਬ) ਜੋ ਈਸ਼੍ਵਰ ਰੂਪ ਕੋ ਭੋਲੇ ਜਿਸਕਾ ਅਰਥ ਗ੍ਰਾਮੀਣ ਮੂਰਖ ਆਦਿ ਕੁਤਸਿਤ ਪ੍ਰਕ੍ਰਣ ਮੇਂ ਹੋਤਾ ਹੈ ਵੈਸੇ ਲਿਖਨਾ ਆਪਕੇ ਵੈਦ ਪਨੇਕੋ ਕਲੰਕਿਤ ਕਰਤਾ ਹੈ ਕਿਉਂ ਕਿ ਵੈਦ ਤੋ ਬੁਧੀਵਾਨ ਹੋਤੇ ਹੈਂ ਆਪਨੇ ਨਿਰਬੁੱਧੀਓਂ ਸੇ ਬੜ੍ਹ ਕਰ ਲਿਖਾ ਹੈ ਜੋ ਐਸੀ ਨੁਕਤਾ ਚੀਨੀ ਕਰਨੇ ਪਰ ਕਾਰਾ ਗਾਰ ( ਜੇਲ ਖਾਨੇ) ਕੀ ਸੈਰ ਤਕ ਨੌਬਤ ਪਹੁੰਚ ਜਾਤੀ ਹੈ ਸੋਚ ਸਮਝਕਰ ਲਿਖਾ ਕਰੋ ਔਰ ਨਜਾਇ ਕੇ ਤਖਤ ਪਰ ਬਿਰਾਜਮਾਨ ਮਹਾਰਾਜੋਂ ਕੋ ਨੀਤੀ ਔਰ ਧਰਮ ਦੋਨੋਂ ਕਾ ਪ੍ਰਬੰਧ ਕਰਨਾ ਮੁਖ੍ਯ ਧਰਮ ਹੈ॥

ਲੋ ਅਬ ਹਮਕੋ ਆਪਕੀ ਹਠ ਧਰਮੀ ਪਰ ਕੁਛ ਕਹਿਨਾ ਪੜਾ ਕੱਨ ਲਾਕੇ ਸੁਣੋ ਸਨ ਈ: ੧੯੯੯ ਮੇਂ ਦੁਰਗਾ ਪ੍ਰੇਸ ਰਿਆਸਤ ਨਾਭੇ ਮੇਂ ਹੀ ( ਖਾਲਸਾ ਦਾ ਜਨਮ ਦਿਨ)ਇਸ ਸੁਰਖੀ ਵਾਲਾ ਵਿਗਜਾਪਨਛਪਾ ਥਾ ਜਿਸ ਵਿਚ ਹਿੰਦੂ ਮੁਸਲਮਾਨ ਔਰ ਹਿੰਦੂਓਂ ਕੇ ਦੇਵਤਾਓਂ ਕੋ ਖੁਲ੍ਹੀ ਗਾਲੀਆਂ ਨਿਕਾਲੀ ਹੈਂ। ਕਿਉਂ ਜੀ ਉਸ ਵਕਤ ਯਿਹ ਉਪਦੇਸ਼ ਕਿਉਂ ਨ ਕੀਆਗਯਾ ਕਿ ਰਾਜਾਓਂਕੋ ਮਜ਼ਹਬੀ ਰਸਮਾਂ ਨਾਲ ਕੀ ਕਿਆ ਉਸ ਵਕਤ ਸੋ ਗਏ ਥੇ ?

**ਵੈਦ** ਸਫਾ ੨ ਸਤਰ ੨੦ ਸੇ ੨੫ ਤਕ। ਇਸ ਰਸਾਲੇ ਦਾ ਲੇਖਕ ਕੋਈ ਅਜੇਹਾ ਵਿਦਜਾ ਹੀਨ ਪਰਸ਼ ਪ੍ਰਤੀਤ ਹੁੰਦਾਹੈਜਿਸਨੂੰ ਪਤਾ ਨਹੀਂ ਮੈਂ ਲਿਖਣ ਕੀ ਲੱਗਾ ਹਾਂ ਤੇ ਚਲ ਕਿੱਧਰ ਪਿਆ ਹਾਂ ਵਿਸ਼ਾ ਆਨੰਦ ਦਾ ਹੈ ਵਿਚਾਰ ਆਨੰਦ ਵਿਵਾਹ ਪਰ ਹੈ ਹਿੰਦੂ ਧਰਮ ਕੀ ਰਖਿਆ ਨਮਿਤ ਕੇਵਲ ਗੁਰੂ ਸਾਹਿਬਾਂ ਦਾ ਅਵਤਾਰ ਸੀ ਇਸ ਵਿਸ਼ੇ ਦਾ ਕੀ ਸੰਬੰਧ ਹੈ ?

**ਉਤ੍ਰ** ਵੈਦ ਜੀ ਹਮੇਂ ਬਿਵਸ ਕਹਿਨਾ ਪੜਤਾ ਹੈ ਕਿ ਵਿਦਿਆ ਹੀਨ ਆਪ ਹੈਂ ਜੋ ਔਰੋਂ ਸੇ ਮਦਦ ਲੇਕਰ ਲਿਖਤੇ ਹੋ ਔਰ ਅਨੰਦ ਬਿਵਾਹ ਪਰ ਵਿਚਾਰ ਕੇ ਲੇਖਿਕ ਕੀ ਸ਼ੈਲੀ ਕੋ ਨਹੀਂ ਸਮਝਤੇ ਜੋ ਲੇਖ ਕੇ

Sri Satguru Jagjit Singh Ji Elibrary NamdhariElibrary@gmail.com

ਪ੍ਰਥਮ ਭੂਮਿਕਾ ਕੇ ਤੌਰ ਪਰ ਗੁਰਮਤ ਗ੍ਰੰਥੋਂ ਕੇ ਸਿਧਾਂਤ ਕੋ ਸੂਖਮਤਾ ਮੇਂ ਦਰਸ਼ਾਯਾ ਹੈ। ਗੁਰੂ ਤੇਗ ਬਹਾਦਰ ਜੀਕਾ ਹਿੰਦੂ ਧਰਮ ਕੀ ਰਖਿਆ ਵਾਸਤੇ ਅਵਤਾਰ ਥਾ॥ ਯਥਾ ਦ੍ਵਿਜੋਂ ਕੀ ਗੁਰੂ ਨਵਮ ਸੇ ਪ੍ਰਾਰਥਨਾ॥

( ੧ ) ਯਹਿ ਹਿੰਦੁਨ ਕੇਰੋ ਧਰਮ ਵਧੇਰੋ ਹਾਨਤ ਹਰੋ ਇਸ ਬੇਰੋ॥ ਤੁਮ ਆਪ ਧਰਾਵੋ ਜਿਉਂ ਤਿਉਂ ਭਾਵੋ ਦੇਰ ਨ ਲਾਵੋ ਨਿਸ ਕੇਰੋ॥ ਤੁਮ ਬਲੀ ਮਹਾਨੇ ਸਕਤਿ ਨਿਧਾਨੇ ਜਗ ਬਿਦਤਾਨੇ ਰੂਪ ਹਰੇ॥ ਹਿਤ ਧਰਮ ਧਰਾਵਨ ਤੁਮਰਾ ਆਵਨ ਹੋਯੋ ਪਾਵਨ ਉਪ ਧਰੇ॥

# ਗੁਰੂ ੯ ਜੀ ਕਾ ਦ੍ਵਿਜੋਂ ਕੋ ਉਤ੍ਰ

ਤੁਮ ਸੁਨੋ ਦ੍ਵਿਜੇਸੂ ਵਿਗ ਤੁਰਕੇਸੂ ਜਾਇ ਅਬੇਸੂ ਇਮ ਗਾਵੋ। ਇਕ ਪੀਰ ਹਮਾਰਾ ਹਿੰਦੂ ਭਾਰਾ ਭਾਈਚਾਰਾ ਲਖ ਪਾਵੋ। ਹੈ ਤੇਗ ਬਹਾਦਰ ਜਗਤ ਉਜਾਗਰ ਤਾਕੋ ਆਗਰ ਤੁਰਕ ਕਰੋ॥ ਤਿਸ ਪਾਛੇ ਤਬਹੀ ਹਮਫਿਰ ਸਭਹੀ ਬਨਹੈਂ ਅਬਹੀ ਤੁਰਕ ਭਰੋ॥ (ਗੁਰ ਪੰਥ ਪ੍ਰਕਾਸ਼ ਦ੍ਵਾਦਸ ਵਿਸ੍ਰਾਮ)

(੨) ਸੁਨ ਬਿਧਿਆ ਜਬ ਸ਼ਬਦ ਉਚਾਰੇ॥ ਔਰੰਗਜ਼ੇਬ ਪਤਿਸ਼ਾਹ ਵਿਚਾਰੇ॥ ਜਗ ਮੈਂ ਬਡੋ ਕਰੈ ਉਤਪਾਤ॥ ਗੋ ਦ੍ਵਿਜ ਕਾ ਵਹੁ ਕਰ ਹੈ ਘਾਤ॥ ਦ੍ਵਿਜ ਛਤ੍ਰੀ ਕਾ ਧਰਮ ਉਤਾਰੈ॥ ਜੰਞੂ ਤੋਰ ਦੀਨ ਨਿਜ ਧਾਰੈ॥ ਸਵਾ ਮਨਿ ਜੰਞੂ ਲਹਿ ਕਸ਼ਮੀਰ॥ ਤਬ ਛੱਤ੍ਰੀ ਦ੍ਵਿਜ ਹੋਇ ਅਧੀਰ॥ ਤਿਲਕ ਜੰਞੂ ਰਾਖਨ ਕੇ ਹੇਤ। ਲਯੋ ਉਤਾਰ ਧਰਮਕੇ ਸੇਤ॥ ਇਹ ਬਿਧਿ ਮਨਮੇਂ ਬਿਓਤ ਬਨਾਇ॥ ਤੇਗ ਬਹਾਦਰ ਦਿੱਲੀ ਆਇ॥ ਇਤਜਾਦਿ॥ (ਗੁਰ ਬਿਲਾਸ ਛੇਵੀਂ ਪਾਤਸ਼ਾਹੀ ਅਧਜਾਇ ੮)

# ਗੁਰੂ ਗੋਬਿੰਦ ਸਿੰਘ ਜੀ ਕਾ ਹਿੰਦੂ ਧਰਮ ਕੀ ਰਖਯਾ ਵਾਸਤੇ ਅਵਤਾਰਥਾ॥

(੧) ਮਹਾਂਦੀਨ ਤੁਮ ਅਗ੍ਰ ਪਠਾਯੋ॥ ਦੇਵੀਦੁਆਲੇ ਜਿਨੇ ਗਿਰਾਯੋ॥ ਕੂਜਾ ਬਾਂਗ ਨਿਵਾਜ ਵਿਥਾਰੀ॥ ਤਾਕੋ ਦੂਰ ਕਰਹੁਗੇ ਭਾਰੀ॥ ਪੁਨਾਃ ਬਿਨਾਂ ਆਪ ਹਾਥ ਮੁਥੰਸੀਸ ਧਾਰੈ॥ ਮਲੇਛੰ ਸਵਾਕੇ ਕਰ ਕੋ ਕਨਾਰੈ॥ ਸੁਨੈ ਕਾਗ ਬੈਨੰ ਤਬੈ ਯੌਂ ਸੁਗਾਯੋ। ਮਲੇਛੀ ਸਭਾ ਕੋ ਅਬੈ ਮੈ ਮਿਟਾਯੋ॥ ਤਬ ਹੀ ਬਿੱਪ ਬਿਚਾਰ ਸੁਨਾਯੋ। ਘਰੀ ਮਹੂਰਤ ਜੋਗ ਲਗਾਯੋ॥ ਕਹਾ ਬਿੱਪਨੈ ਗੁਰ ਅਵਤਾਰੀ। ਯਾ ਪਗ ਲਾਗ ਤਰਗੁ ਸੰਸਾਰੀ॥ (ਗੁਰੁ ਬਿਲਾਸ ਪਾਤਸ਼ਾਹੀ ੧੦ ਅਧਜਾਇ ੮ ਗੁਰੂ ੧੦ ਜਨਮ)॥ (੨) ਦਸਵੇਂ ਪਾਤਿਸ਼ਾਹ ਜੀ ਦਾ ਔਤਾਰ ਧਰਮ ਵਰਤਾਵਣ ਵਾਸਤੇ ਹੋਇਆ ਹੈ ਇਨਾਂ ਦੇ ਰਾਜ ਵਿਚ ਗਊ ਦੀ ਤੇ ਬ੍ਰਾਹਮਣਾਂ ਰਿਖੀਆਂ ਮੁਨੀਸ਼ੁਰਾਂਦੀ ਰਖਿਆ ਹੋਵੇਗੀ॥ (ਸ੍ਰੀ ਭਾਈ ਮਨੀ ਸਿੰਘ ਜੀ ਕ੍ਰਿਤ ਭਗਤ ਰਤਨਾਵਲੀ ਸਾਖੀ ੧੨੫)

ਵੈਦ ਜੀ ਜਬ ਉਕਤ ਪ੍ਰਮਾਣੀਕ ਲੇਖੋਂ ਸੇ ਗੁਰੂ ਸਾਹਿਬਾਨ ਕਾ ਹਿੰਦੂ ਧਰਮ ਰਖਯਾ ਨਮਿਤ ਅਵਤਾਰ ਸਿੱਧ ਹੈ ਤੋ ਹਿੰਦੂ ਧਰਮ ਕੇ ਵਿਚਾਰ ਆਦਿ ਸੰਸਕਾਰੋਂ ਕੀ ਸ੍ਵਯੰ ਰਖਯਾ ਹੋਗਈ ਜਿਸਕੋ "ਅਨੰਦ ਬਿਵਾਹ ਪਰ ਵਿਚਾਰ" ਰਸਾਲੇ ਕੇ ਬੁਧੀਵਾਨ ਲੇਖਕ ਜੀ ਨੇ ਦਰਸ਼ਾਯਾ ਹੈ ਜਿਸਕੋ ਆਪ ਹਠ ਧਰਮੀ ਔਰ ਮੂਰਖਤਾ ਸੇ ਨਾ ਸਮਝਤੇ ਹੁਏ ਕੁਤਰਕ ਕਰਤੇ ਹੋ ॥

**ਵੈਦ** ਸਫਾ ੩ ਸਤਰ ੨ ਸੇ ੫ ਤਕ। ਅਰ ਜੇ ਲੇਖਕ ਜੀ ਸੱਤ ਦੀ ਖੋਜ ਚਾਹੁੰਦੇ ਤਦ "ਹਮ ਹਿੰਦੂ ਨਹੀਂ" ਮਨ ਮਤ ਪ੍ਰਹਾਰ ਨੰਬਰ ੪ ਆਦਿ ਪੁਸਤਕਾਂ ਵਿਚੋਂ ਇਸ ਤੇ ਚੰਗੀ ਵਿਚਾਰ ਕਰਕੇ ਅਗਯਾਨ ਨਿਵਾਰਨ ਕਰ ਸਕਦੇ ਸਨ ॥

**ਉਤ੍ਰ** ਵੈਦ ਜੀ ਅਨੰਦ ਬਿਵਾਹ ਪਰ ਵਿਚਾਰ ਇਸ ਰਸਾਲੇ ਕੇ ਕਰਤਾ ਨੇ ਸਫੇ ੩ ਅੰਕ ੧ ਮੇਂ ਪ੍ਰਤਗਯਾ ਕੀ ਹੈ ਕਿ ਇਸ ਵਿਚਾਰ ਪਰ ਜਬਾਬ ਗੁਰੂ ਘਰਕੇ ਪ੍ਰਾਚੀਨ ਗ੍ਰੰਥੋਂ ਸੇ ਦੇਵੇਂ। ਵੈਦ ਜੀ ਅਫਸੋਸ ਆਪ ਕੀ ਬੁਧਿ ਪਰ ਕਿ ਆਪ ਗੁਰੂ ਗ੍ਰੰਥ ਸਾਹਿਬ ਔਰ ਗੁਰੂ ਸਾਹਿਬੋਂ ਕੇ ਸਤਜਵਾਦੀ ਪੁਰਖੋਂ ਕੇ ਸਿਖੋਂ ਕੇ ਰਚਿਤ ਗ੍ਰੰਥੋਂ ਕੋ ਛੋੜ ਕਰ ਅਪ੍ਰਮਾਣਿਕ "ਹਮ ਹਿੰਦੂ ਨਹੀਂ" ਔਰ ਮਨਮੱਤ ਪ੍ਰਹਾਰ ਸੇ ਲੋਗੋਂ ਕੋ ਗਯਾਨ ਦੇਤੇ ਹੋ ਧਨਯ ਆਪਕੀ ਸਿੱਖੀ ਕਿ ਗਯਾਨ ਕਾ ਭੰਡਾਰ ਆਪਕੇ ਹੀ ਰਚਤ ਗੁਟਕੋਂ ਮੇਂ ਘੁਸ ਗਿਆ ਲੌ ਆਪਕੇ ਗੁਟਕੇ ਹਮ ਹਿੰਦੂਨਹੀਂ ਮੇਂ ਸੱਤ ਕਾ ਲੇਸ ਭੀ ਨਹੀਂ ਜਿਸਕਾ ਖੰਡਨ ਨਵੀਨ ਸਿੰਘ ਮਤ ਦਰਪਨ ਬਜਰ ਪੁਸਤਕ ਲਿਖ ਦਈਹੈ ਔਰ ਐਸੇ ਹੀ ਅਗਿਆਨ ਭਰਾ ਆਪਕਾ ਮਨ ਮਤ ਪ੍ਰਹਾਰ ਨੰਬਰ ੪ ਹੈ ਜਿਸਕਾ ਖੰਡਨ ਸਾਥ ਹੀ ਹੋ ਚੁਕਾ ਹੈ ॥

**ਵੈਦ** ਸਫਾ ੩ ਸਤਰ ੭ ਸੇ ੧੩ ਤਕ। ਇਸ ਪਹਿਲੇ ਕਥਨ ਪਰ ਅਸੀ ਕੇਵਲ ਇਤਨਾ ਕਹਿਨਾ ਹੀ ਬਸ ਸਮਝਦੇ ਹਾਂ ਕਿ ਗੁਰੂ ਸਾਹਿਬ ਜੀ ਦਾ ਅਵਤਾਰ ਕਲਿਤਾਰਨ ਗੁਰਨਾਨਕ ਆਇਆ ਪ੍ਰਾਣੀਮਾਤ੍ਰ ਦੇ ਉਧਾਰ ਕਰਨ ਵਾਸਤੇ ਸੀ ਜੇਕਰ ਸਾਰੇ ਸੰਸਾਰ ਲਈ ਅਵਤਾਰ ਨਹੀਂ ਸੀ ਤਦ ਗੁਰੂ ਜੀ ਦਾ ਧਰਮ ਆਲਮਗੀਰ ਕਿਸਤਰਾਂ ਹੈ ਓਹ ਸਮਦਰਸੀ ਕਿਸਤਰਾਂ ਹਨ। ਸਰਬੱਗ ਕਿਸਤਰਾਂ ਹਨ ॥

**ਉਤ੍ਰ** ਵੈਦ ਜੀ "ਕਲਿਤਾਰਨ ਗੁਰ ਨਾਨਕ ਆਇਆ" ਬਚਨ ਸੇ ਭੀ ਗੁਰੂ ਸਾਹਿਬ ਕਾ ਅਵਤਾਰ ਹਿੰਦੂ ਧਰਮ ਰਖਯਾ ਲੀਏ ਸਿੱਧ ਹੋਤਾ ਹੈ ਕਿਉਂਕਿ ਕਲਜੁਗ। ਦੁਆਪੁਰ। ਤ੍ਰੇਤਾ। ਸਤਜੁਗ। ਯੇਹ ਹਿੰਦੂ ਧਰਮ ਕੀ ਗਨਣਾ ਦੁਆਰਾ ਹਿੰਦੂਓਂ ਕੇ ਜੁਗ ਹੈਂ ਜਿਨ ਮੇਂ ਕਲਿਕੋ ਤਾਰਨੇ ਕੇ ਲੀਏ ਗੁਰੂ ਆਯਾ। ਔਰ ਗੁਰੂ ਸਾਹਿਬ ਕਾ ਧਰਮ ਆਲਮਗੀਰ ਹੋਨੇ ਮੇਂ ਯੇਹ ਬਿਚਾਰਕਰੋ ਕਿ ਉਸਮੇਂ ਉਦਾਸੀ, ਨਿਹੰਗ, ਨਿਰਮਲੇ, ਕੂਕੇ, ਦਿਵਾਨੇ, ਬੰਦਈ, ਅਛਣਸ਼ਾਹੀਏ, ਸੁਥਰੇ, ਨਿਰੰਕਾਰੀਏ, ਸਿਖ, ਸਿੰਘ, (ਸਿੰਘ ਸਭੀਏ)

Sri Satguru Jagjit Singh Ji Elibrary NamdhariElibrary@gmail.com

ਅਨੇਕ ਭਿੰਨ ੨ ਧਰਮ ਔਰ ਧਰਮ ਚਿੰਨ ਮਾਨਨੇ ਵਾਲੇ ਹੈਂ । ਔਰ ਗੁਰੂ ਸਾਹਿਬ ਸਮਦਰਸ਼ੀ ਹੋਨੇ ਮੇਂ ਗੁਰ ਨਾਨਕ ਸਾਹਿਬ ਹਿੰਦੂ ਧਰਮ ਰਖਯਾ ਲੀਏ ਜੈਨੀ ਔਰ ਮੁਸਲਮਾਨੋਂ ਕੋ ਦੁਰਬਚਨ ਕਹਤੇ ਹੈਂ ॥ ਯਥਾ:—

(੧) ਭਸ ਭਈ ਸਿਰ ਖੁਥੇ। (੨) ਨਾਨਕ ਸਿਰ ਖੁਥੇ ਸੈਤਾਨੀ। (੩) ਨਾਨਕ ਜੇ ਸਿਰ ਖੁਥੇ ਨਾਵਨ ਨਾਹੀ ਤ ਸਤ ਚਟੇ ਸਿਰ ਛਾਈ॥ (ਮਾਝ ਕੀ ਵਾਰ ਮਹਲਾ ੧ ਸਲੋਕ ੨੫) (੪ ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ। ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ (ਆਸਾਕੀ ਵਾਰ ਮ:੧ ਸਲੋਕ ੬) ਗੁਰੂ ਸਾਹਿਬ ਸਰਬੱਗ ਹੋਨੇ ਮੇਂ ਭੀ ਉਨਕੇ ਮੁਖਵਾਕ ਸੁਣੀਏ ਯਥਾ—(੧) ਜੇਤਾ ਸਮੁੰਦ ਸਾਗਰ ਨੀਰ ਭਰਿਆ ਤੇਤੇ ਔਗਣ ਹਮਾਰੇ॥ (੨) ਕਹੁ ਨਾਨਕ ਹਮ ਨੀਚ ਕਰੰਮਾ॥ ਸਰਨ ਪਰੇ ਕੀ ਰਾਖਹੁ ਸਰਮਾ। (੩) ਹਮ ਕੀਰੇ ਕਿਰਮ ਸਤਿਗੁਰ ਸਰਣਾਈ॥ (ਆਦਿ ਗੁਰੂ ਗ੍ਰੰਥ ਸਾਹਿਬ)

ਮਿਤਰੋ ! ਵੈਦ ਜੀ ਕੀ ਖੰਡਨ ਮੰਡਨ ਕਰਤਾ ਬੁਧੀ ਪਰ ਭਾਈ ਗੁਰਦਾਸ ਜੀ ਕਾ ਬਚਨ ਠੀਕ ਘਟਦਾ ਹੈ। ਸਤਿਗੁਰ ਵੈਦ ਨ ਸੇਵਿਓ ਰੋਗੀ ਵੈਦ ਨ ਰੋਗ ਮਿਟਾਵੈ॥ ਕਾਮ ਕ੍ਰੋਧ ਵਿਚ ਲੋਭ ਮੋਹ ਦੁਬਿਧਾ ਕਰ ਕਰ ਧੋਹ ਵਧਾਵੈ॥ ਆਧਿ ਬਿਆਧਿ ਉਪਾਧਿ ਵਿਚ ਮਰ ਮਰ ਜੰਮੈ ਦੁਖ ਵਿਹਾਵੈ॥ ਆਵੈ ਜਾਇ ਭਵਾਈਐ ਭਵਜਲ ਅੰਦਰ ਪਾਰ ਨ ਪਾਵੈ। ਆਸਾ ਮਨਸਾ ਮੋਹਣੀ ਤਾਮਸ ਤ੍ਰਿਸ਼ਨਾ ਸ਼ਾਂਤਿ ਨ ਆਵੈ। ਬਲਦੀ ਅੰਦਰ ਤੇਲ ਪਾਇ ਕਿਉ ਮਨ ਮੂਰਖ ਅੱਗ ਬੁਝਾਵੈ॥ ( ਵਾਰ ੧੫ ਪੌੜੀ ੯)

**ਵੈਦ** ਸਫਾ ੪ ਸਤਰ ੯ ਸੇ ੧੨ ਤਕ। "ਹਿੰਦੂ ਅੰਨ੍ਹਾ ਤੁਰਕੂ ਕਾਣਾ" "ਦੁਹੂੰ ਪੰਥ ਮੈਂ ਕਪਟ ਬਿਦਿਆ ਚਲਾਨੀ" ਆਦਿ ਅਨੇਕ ਪਰਮਾਣ ਲੇਖਕ ਦੀ ਏਕਾਂਖੀ ਦ੍ਰਿਸ਼ਟੀ ਲਈ ਤੀਰਵਤ ਤਣੇ ਪਏ ਹਨ॥

**ਉਤ੍ਰ** ਵੈਦ ਜੀ "ਹਿੰਦੂ ਅੰਨ੍ਹਾ ਤੁਰਕੂ ਕਾਣਾ" ਰਾਗ ਗੌਂਡ ਨਾਮਦੇਵ ਕੀ ਬਾਣੀ ਸੇ ਆਪ ਹਿੰਦੂ ਧਰਮ ਕੀ ਨਿੰਦਾ ਸਮਝਤੇ ਹੋ ਯੇਹ ਆਪਕਾ ਮੂਰਖਪਨਾ ਹੈ ਕਿਉਂਕਿ ਰਾਗ ਭੈਰੋਂ ਮੇਂ ਨਾਮ ਦੇਵ ਕੋ ਹੀ ਸਰਬ ਸ੍ਰੇਸ਼ਟ ਜਾਨ ਹਿੰਦੂ ਪਦਵੀ (ਖਤਾਬ) ਦੀਆ ਗਿਆ ਹੈ। "ਕਾਜੀ ਮੁਲਾਂ ਕਰਹਿ ਸਲਾਮ। ਇਨ ਹਿੰਦੂ ਮੇਰਾ ਮਲਿਆਮਾਨ" "ਕਾਜੀ ਮੁਲਾਂ ਬਿਨਤੀ ਫੁਰਮਾਇ। ਬਖਸੀ ਹਿੰਦੂ ਮੈ ਤੇਰੀ ਗਾਇ" ਯਦਿ ਨਾਮਦੇਵ ਜੀ ਹਿੰਦੂਓਂ ਕੋ ਅੰਨ੍ਹੇ ਸਮਝਤੇ ਤੋ ਅਪਨੇ ਆਪਕੋ ਹਿੰਦੂ ਕਿਉਂ ਸ੍ਵੀਕਾਰ ਕਰਤੇ। ਇਸਵਾਸਤੇ ਆਪਕਾ ਲਿਖਨਾ ਅਗਿਆਨ ਕਾ ਮੂਲ ਅਰ ਪਰਸਪਰ ਵਿਰੋਧਕਾ ਕਾਰਣ ਹੈ। ਅਗਰ ਆਪ ਇਸੀ ਪ੍ਰਮਾਣ ਪਰ ਇਤਰਾਤੇ ਹੋ ਤੋ ਹਿੰਦੂ ਔਰ ਮੁਸਲਮਾਨ ਔਰ ਗਜਾਨੀ ਇਸ ਵਾਕਯ ਮੇਂ ਤੀਨ ਸ਼ਬਦ ਹੈਂ ਸਿਖੋਂ ਕਾ ਕਹੀਂ ਨਾਮ ਭੀ ਨਹੀਂ ਸੋ ਹਿੰਦੂ ਔਰ ਮੁਸਲਮਾਨੋਂ ਮੇਂ ਸੇ ਜਿਸਕੋ ਗਿਆਨ ਕੀ ਪ੍ਰਾਪਤੀ ਹੋ ਜਾਵੇ ਵੋਹ ਸ੍ਰੇਸ਼ਟ ਹੈ ਇਸ ਵਾਕਯ ਸੇ ਅਗਰ ਹਿੰਦੂਓਂ ਕੋ ਔਰ ਮੁਸਲਮਾਨੋਂ ਕੋ ਕਾਣੇ ਕਹੋਗੇ

Sri Satguru Jagjit Singh Ji Elibrary NamdhariElibrary@gmail.com

ਤੋਂ ਆਪ ਭੀ ਅੰਧੇ ਯਾ ਕਾਣਿਓਂ ਕੀ ਸ਼੍ਰੇਣੀ ਮੇਂ ਹੀ ਸ਼ਾਮਿਲ ਹੋਂਗੇ ॥ ਤੀਸਰੇ ਦਰਜੇ ਵਾਲੇ ਗਿਆਨੀ ਕਾ ਲਖਣ ਯੇਹ ਹੈ। ਹਰਖ ਸੋਕ ਜਾਕੈ ਨਹੀ ਵੈਰੀ ਮੀਤ ਸਮਾਨ। ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨ॥ ਸ: ਮ:੯॥ ਇਸ ਲਖਣ ਵਾਲਾ ਗਿਆਨੀ ਹੋ ਸਕਤਾ ਹੈ ਆਪਕਾ ਫਿਰ ਭੀ ਕਹੀਂ ਨਾਮ ਨਹੀਂ ਔਰ ਤੀਸਰਾ ਪੰਥ (ਰਸਤਾ) ਯਹੀ ਹੈ "ਦੁਹੂੰ ਪੰਥ ਮੇਂ ਕਪਟ ਬਿਦਿਆ ਚਲਾਨੀ" ਯੇਹ ਬਚਨ ਸ੍ਰੀ ਦੇਵੀ ਜੀ ਕੀ ਉਸਤਤੀ ਪਾਤਸ਼ਾਹੀ ੧੦ ਛਕੇਛੰਦੋਂ ਕਾ ਪ੍ਰਮਾਣ ਹੈ ਔਰ ਉਨਹੀ ਛਕੋਂ ਮੇਂ "ਸਗਲ ਜਗਤ ਮੇਂ ਖਾਲਸਾ ਪੰਥ ਗਾਜੈ ॥ ਜਗੈ ਧਰਮ ਹਿੰਦੂ ਸਗਲ ਦੁੰਦ ਭਾਜੈ" ਵੈਦ ਜੀ ਇਤਜਾਦਿ ਆਪਕੇ ਪ੍ਰਮਾਣ ਪਰਸਪਰ ਬਿਰੋਧ ਸੇ ਨਿਸ਼ਫਲ ਹੈਂ ਜੋ ਤੀਰ ਕਾ ਕਾਮ ਨਹੀਂ ਦੇਸਕਤੇ ਔਰ ਆਪਕੀ ਹਠ ਧਰਮੀ ਸੇ ਆਂਖੇਂ ਚੁੰਧਲਾਈ ਕੇ ਬੇਧਨ ਲੀਏ ਅਨੇਕ ਪ੍ਰਮਾਣੋ ਦੁਵਾਰਾ ਗੁਰੂਮਤ ਹਿੰਦੂ ਸਿਧ ਹੈ॥ ਯਥਾ—

(੧) ਅਰਧ ਸਰੀਰੀ ਨਾਰ ਨ ਛੋਡੈ ਤਾਤੇ ਹਿੰਦੂ ਹੀ ਰਹੀਐ ॥ (੨)ਕਹਿਤ ਕਬੀਰ ਰਾਮ ਗੁਣ ਗਾਵਉ।ਹਿੰਦੂ ਤੁਰਕ ਦੋਊ ਸਮਝਾਵਉ ॥ (੩) ਹਿੰਦੂਸਾਲਾਹੀ ਸਾਲਾਹਨ ॥ (੪) ਹਿੰਦੂ ਤੁਰਕ ਕਾ ਸਾਹਿਬ ਏਕ ॥ (੫) ਹਿੰਦੂ ਕੇ ਘਰ ਹਿੰਦੂ ਆਵੈ ॥ (੬ ਕੋਈ ਕਹੈ ਤੁਰਕ ਕੋਈ ਕਹੈ ਹਿੰਦੂ ॥ (੭) ਇਕ ਹਿੰਦਵਾਣੀ ॥ ੮) ਹੋਰ ਫਕੜ ਹਿੰਦੂ ਮੁਸਲਮਾਣੇ ॥ (੯) ਚੌਕੇਬਿਨ ਹਿੰਦਵਾਣੀਆ ॥ (੧੦) ਹਿੰਦੂ ਪੂਜੈ ਦੇਹੁਰਾ ਮੁਸਲਮਾਣ ਮਸੀਤ ( ਆਦਿ ਗੁਰੂਗ੍ਰੰਥ ਸਾਹਿਬ) (੧੧) ਹਿੰਦੁਵ ਕੋਈ ਨ ਤੁਰਕਾ ਰਹਿ ਹੈ॥ਭਿੰਨ ਭਿੰਨਘਰ ਘਰ ਮਤਿ ਗਹਿ ਹੈ॥ ਏਕ ਏਕਕੇ ਪੰਥ ਚਲੈ ਹੈਂ ॥ ਇਕ ਇਕ ਕੀ ਬਾਤ ਉਥਲ ਹੈ (ਦਸਮ ਗ੍ਰੰਥ ਸਾਹਿਬ)(੧੨)ਜਗੇ ਸਿੰਘ ਬਲਵੰਤ ਬੀਰ ਸਭ ਦੁਸਟ ਖਪਾਏ। ਦੀਨ ਮਹੰਮਦੀ ਉਠ ਗਿਆ ਹਿੰਦਕ ਠਹਿਰਾਏ ॥ ( ਵਾਰ ਭਾਈ ਗੁਰਦਾਸ ) (੧੩)ਤੈਸੇ ਹਿੰਦੂ ਸ਼ਸਤ੍ਰਾਂ ਥੀਂ ਭੈਮਾਨ ਹੈਸਨ ਜੁਧ ਮਈ ਬਾਣੀ ਅਤੇ ਗਿਆਨ ਉਪਦੇਸ਼ ਕਰਕੇ ਇਹਨਾਂ ਥੀਂ ਜੁਧ ਕਰਵਾਇਆ ਹੈ (ਭਗਤ ਰਤਨਾਵਲੀ ਸਾਖੀ ੧੩੫।) (੧੪) ਹਿੰਦੂਨੇ ਕਿਆ ਗਰਦੀ ਮਚਾਈ ਹੈ। (ਸੌ ਸਾਖੀ ਮੇਂ ਸੇ ਸਾਖੀ) (੧੮) ਜੋ ਮੇਰਾ ਸਿਖ ਮੁਸਲਮਾਨੀ ਤੀਵੀਂ ਸਾਥ ਏਕ ਬਾਰ ਭੋਗ ਕਰੇਗਾ ਸੋਸਿਖ ਨਹੀਂ। ਹਿੰਦੂ ਧਰਮ ਵਾਲਾ ਤੁਰਕਣੀ ਤੇ ਬਚੇਗਾ ਸੋ ਤਰਿਆ ਜਾਣੀਏ ॥ (ਸਾਖੀ ੩੨ ) (੧੫) ਪੈਂਡੇ ਖਾਂ ਬੋਲਿਆ ਦਿਖਾਵੋ ਹਾਥ ਤੁਮ ਹਿੰਦੂ ਕੇ ਪੀਰ ਹੋ॥ (ਸਾਖੀ ੩੬) (੧੬) ਜੇਹੜੇ ਹਿੰਦ ਦੇ ਸਿਖ ਸੋ ਸਾਡੇ ਅਤੇ ਸਾਡੇ ਵੈਰੀ ਤੁਰਕ ਮਾਰਣੇ( ਸਾਖੀ ੪੪ ) (੧੭) ਗਿਆ ਹਿੰਦ ਪੀਰ ਕਹਿ ਤਾਲੀ ਬਜਾਈ( ਸਾਖੀ ੫੬ ) (੧੮) ਏਕ ਸਹਾਈ ਤੁਲੜਾ ਮੂਲਾ ਗੁਰ ਕਾ ਸਿੱਖ ॥ ਭੇਸ ਹਿੰਦੂ ਸਿਖ ਗੁਰੂਕਾ ਦੇਸਨ ਜੀਤੇ ਪਿੱਖ ( ਸਾਖੀ ੨੬ ) (੧੯) ਗੁਰ ਤੇਗ ਬਹਾਦਰ ਜੀਕੋ ਦਿੱਲੀ ਮੇਂ ਮੁਸਲਮਾਨ ਕਰਨੇ ਕੇ ਲੀਏ ਅਨੇਕ ਕਸ਼ਟ ਦੀਏ ਔਰ ਧੋਖੇ ਸੇ ਗੌ ਮਾਂਸ ਖਾਨੇ ਕੇ ਲੀਏ ਕਹਾ॥ ਹਿੰਦੂ

Sri Satguru Jagjit Singh Ji Elibrary NamdhariElibrary@gmail.com

ਧਰਮ ਹਮਾਰੋ ਜਾਨ। ਕੁਠੋ ਪਠਜੋ ਮਾਂਸ ਹਿਤ ਖਾਨ॥ ਗੁਰੂ ਤੇਗ ਬਹਾਦਰ ਜੀਕਾ ਉਤ੍ਰ । ਤਿਨ ਤੇ ਸੁਣ ਸ੍ਰੀ ਤੇਗ ਬਹਾਦਰ। ਧਰਮ ਨਿਵਾਹਨ ਬਿਖੇ ਬਹਾਦਰ। ਉਤ੍ਰ ਭਨਿਓ ਧਰਮ ਹਮ ਹਿੰਦੂ। ਅਤਿ ਪ੍ਰਿਯਕੋ ਕਿਮ ਕਰੇਂ ਨਿਕੰਦੂ॥ (ਗੁਰ ਪ੍ਰਤਾਪ ਸੂਰਜ)(ਗੁਰੂ ੧੦ ਜੀ ਕੇ ਪੁਤ੍ਰ ਹਿੰਦੂ ਥੇ) (੨੦)ਨਾਤੀਹਮ ਤੌਨ ਕੇ ਬਖਜਾਤੀ ਜਗਜਾਨੈ ਸਭ ਧਰਮ ਹੇਤ ਦੀਓ ਜਿਨ ਦਿੱਲੀ ਸਿਰ ਜਾਇ ਹੈ॥ ਔਰ ਹਮ ਏਕ ਬਾਤ ਕਹੈਂ ਤਵ ਪਾਸ ਸਾਤ ਤੁਰਕ ਨ ਬਨਾਤ ਜਾਤੇ ਧਰਮ ਨਾ ਤਜਾਇ ਹੈ॥ ਤੁਰਕ ਭਏ ਮਰੈਂ ਨਾਹਿ ਹਿੰਦੂ ਰਹੇ ਮਰਜਾਹਿ ਬਾਤ ਯਹਿ ਨਾਹਿ ਕਾਲ ਸਬਹੂੰਕੋ ਖਾਇ ਹੈਂ॥ ਤਾਂਤੇ ਅਬ ਤੁਮਹੂੰ ਵਿਚਾਰ ਕਰੋ ਚਾਰ ਦਿਨ ਜੀਵਨ ਕੇ ਹੇਤ ਹਮ ਧਰਮ ਕਿਉਂ ਗਵਾਇ ਹੈ॥ (ਗੁਰ ਪ੍ਰਤਾਪ। ਪੰਥ ਪ੍ਰਕਾਸ਼) ਇਸੀ ਪ੍ਰਕਾਰ ਅਨੇਕ ਪ੍ਰਮਾਣੋ ਸੇ ਗੁਰੂਮਤ ਹਿੰਦੂ ਸਿਧਹੈ ਬਿਸੇਖ ਦੇਖਨਾ ਹੋ ਤੋ ਮੇਰੀ ਰਚਤ "ਨਵੀਨ ਸਿੰਘ ਸਿਖਿਆ" ਔਰ "ਨਵੀਨ ਸਿੰਘ ਮਤ ਮਰਦਨ ਬੱਜਰ" ਦੇਖੋ॥

**ਵੇਦ** ਸਫਾ ੫ ਸਤਰ ੩ ਸੇ ੭ ਤਕ। ਪਹਿਲਾਂ ਤਾਂ ਇਹ ਕਿ ਜਿਸ "ਸਨਾਤਨ ਹਿੰਦੂ ਧਰਮ" ਦੀ ਮਦਦ ਸਾਮਣੇ ਰਖਕੇ ਲੇਖਕ ਨੇ ਸਵਾਰਥ ਦੀ ਜ਼ੈਹਰ ਉਗਲਨੀ ਅਰੰਭ ਕੀਤੀ ਹੈ ਆਪਨੂੰ ਇਹ ਮੂਲੋਂ ਹੀ ਪਤਾ ਨਹੀਂ ਕਿ "ਹਿੰਦੂ" ਆਖਦੇ ਕਿਸਨੂੰ ਹਨ॥

**ਉਤ੍ਰ** ਵੈਦ ਜੀ ਸਨਾਤਨ ਹਿੰਦੂ ਧਰਮ ਕੀ ਮਦਦ ਗੁਰੂ ਸਾਹਿਬਾਨ ਅਰ ਸਚੇ ਸਿਖ ਸਦੈਵ ਸੇ ਕਰਤੇ ਰਹੇ ਹੈਂ ਜੋ ਆਪਕੇ ਪ੍ਰਮਾਣੀਕ ਇਤਹਾਸੋਂ ਸੇ ਪ੍ਰਗਟ ਹੈ ਔਰ "ਅਨੰਦ ਬਿਵਾਹ ਬਿਚਾਰ" ਦਾ ਲੇਖਕ ਕੋਈ ਬ੍ਰਾਹਮਣ ਨਹੀਂ ਜਿਸਕੋ ਬਿਵਾਹ ਕਰਾਈ ਸ੍ਵਾਰਥਤਾ ਹੋ ਔਰ ਨਾਹੀਂ ਕੋਈ ਆਨੰਦ ਪੜ੍ਹਾਕੇ ਟਕੇ ਬਟੋਰਨ ਵਾਲਾ ਡੇਰੇ ਦਾਰ ਭਾਈ ਜੋ ਹੈ ਜੋ ਬ੍ਰਾਹਮਣ ਕੀ ਤਰਫ ਸੇ ਹਟਾ ਕਰ ਵਿਵਾਹ ਔਰ ਮਰਣ ਸੰਸਕਾਰ ਕੇ ਟਕਿਆਂ ਸੇ ਆਪਨੀ ਜਾਗੀਰ ਬਨਾਨੀ ਚਾਹਤਾ ਹੈ। ਯੇਹ ਤੀਸਰਾ ਪੁਰਖ ਕੇਵਲ ਯੇਹ ਜਬਾਬ ਮਾਂਗਤਾ ਹੈ ਕਿ ਦਸ ਪਾਤਸ਼ਾਹੀਓਂ ਔਰ ਸਾਹਿਬਜ਼ਾਦੋਂ ਸੋਢੀ ਵੇਦੀ ਤੇਹਣ ਭੱਲੇ ਪੰਜਪਜਾਰੇ ਚਾਲੀਮੁਕਤੇ ਆਦਿ ਪ੍ਰਾਚੀਨ ਸਿਦਕੀ ਸਿਖ ਆਦਿਯੋਂ ਨੇ ਕਿਸੀ ਜਗਾ ਆਨੰਦਪੜ੍ਹਾਯਾ ਹੈ ਤੋ ਉਸ ਥਾਂ ਕਾ ਹਵਾਲਾ ਦੋ ਮਗਰ ਵੈਦ ਜੀ ਅਫਸੋਸ ਆਪ ਕੀ ਬੁਧੀ ਪਰ ਪ੍ਰਸ਼ਨ ਕਿਆ ਥਾ ਉਤਰ ਕਿਆ ਦੀਅ ਅਗਰ ਲੇਖਨੀ ਮੇਂ ਸ਼ਕਤੀਹੈ ਤੋ ਉਕਤ ਪੁਰਸ਼ੋਂ ਕਾ ਆਨੰਦ ਸਿਧਕਰੋ ਬਤੰਗੜਾ ਵਾਦ ਸੇ ਕੁਛ ਲਾਭ ਨਹੀਂ ਹੈ। ਵੈਦ ਜੀ ਸਚਾਈ ਭਰੇ ਲੇਖਕੋ ਜਹਰ ਉਗਲਨੀ ਕੈਹਨਾ ਮੂਰਖਤਾ ਨਹੀਂ ਤੋ ਔਰ ਕਿਆ ਹ। ਆਪਕਾ ਹੰਕਾਰ ਭਰਾ ਲੇਖ। ਆਪਨੂੰ ਇਹ ਮੂਲੋਂ ਹੀ ਪਤਾ ਨਹੀਂ ਕਿ "ਹਿੰਦੂ" ਆਖਦੇ ਕਿਸਨੂੰ ਹਨ। ਕਿਆ ਆਪਨੇ ਹੀ ਪਤੇ ਕਾ ਠੇਕਾ ਲੀਆ ਹੂਆ ਹੈ॥ ਐਸਾ ਹੰਕਾਰ॥ ਸੁਖੀ ਬਸੈ ਮਸਕੀਨੀਆ ਆਪ ਨਿਵਾਰ ਤਲੇ॥ ਬਡੇ ਬਡੇ ਹੰਕਾਰੀਆ ਨਾਨਕ ਗਰਬ

ਗਲੇ ॥ ਵੈਦ ਜੀ ਇਸੀ ਲਿਖਣੇ ਨੂੰ ਮੰਤਕ ਦੀ ਦਲੀਲਦਾ ਹੁਕਮ ਕਹਤੇ ਹੈਂ ਜੋ ਹਿੰਦੂ ਦਾ ਔਰੋਂ ਕੌ ਪਤਾ ਹੀ ਨਾ ਹੋ ॥

**ਵੈਦ** ਸਫਾ ੫ ਸਤਰ ੧੦ ਸ੍ਰੇ ੧੩ ਤਕ ਲੇਖਕ ਨੂੰ ਆਪਣੇ ਅਗਿਆਨ ਨਿਵਾਰਨ ਵਾਸਤੇ "ਆਰੀਆ ਸਮਾਜੀਆਂ ਦੇ ਸਿਖਾਂ ਪਰ ਬੇਜਾ ਹਮਲਿਆਂ ਦੇ ਉਤ੍ਰ" ਨਾਮਕ ਪੁਸਤਕ ਮੰਗਵਾਕੇ ਜ਼ਰੂਰ ਪੜ੍ਹਨੀ ਚਾਹੀਦੀਹੈ॥

**ਉਤ੍ਰ** ਵੈਦ ਜੀ "ਆਰੀਆ ਸਮਾਜੀਆਂ ਦੇ ਬੇਜਾ ਹਮਲਿਆਂ ਦੇ ਉਤ੍ਰ" ਜੈਸੀ ਪੁਸਤਕ (ਗੁਰਮਤ ਮੰਡਨ) ਸੁਆਮੀ ਦਯਾਨੰਦਜੀ ਕੇ ਕੀਏ ਅਖੇਪੋਂ ਕਾ ਉਤ੍ਰ ਜੋ ਸਿੰਘ ਸਭਾਕੇ ਏਕ ਸਭਾਸਦ ਨੇ ਰਚਕਰ "ਵਜੀਰ ਹਿੰਦ ਪ੍ਰੇਸ ਅੰਮ੍ਰਿਤਸਰ" ਮੇ ਛਪੇ ਕਾ ਸਫਾ ੩੦ ਸਤਰ ੯ ਸੇ ੧੨ ਤਕ ॥

"ਅਰ ਸਿਖ ਲੋਕ ਤਾਂ ਕੇਵਲ "ਨਾਨਕ" ਵਾ 'ਗੁਰੂ ਨਾਨਕ ਬੋਲਦੇ ਹਨ। ਅਰ ਉਨਾਂ ਨੂੰ ਨਾ ਕੋਈ ਈਸ਼ਰ ਕਹਿੰਦਾਹੈ ਨਾ ਈਸ਼੍ਵਰਦੇ ਅਵਤਾਰ" ਐਸੀ ਹੀ ਮੂਰਖਤਾ "ਆਰੀਆ ਸਮਾਜੀਆਂ ਦੇ ਸਿਖਾਂ ਪਰ ਬੇਜਾ ਹਮਲਿਆਂ ਦੇ ਉਤ੍ਰ" ਦੇਨੇ ਮੇਂ ਕੀ ਹੈ। ਜੈਸੇ ਸ਼ੇਖ ਚਿੱਲੀ ਅਪਨੇ ਪਾਉਂ ਕੁਹਾੜਾ ਮਾਰਤਾ ਹੈ॥ ਵੈਸੇ ਆਪਕੇ ਉਤ੍ਰ ਹੋਂਗੇ ॥

**ਵੈਦ** ਸਫਾ ੫ ਸਤਰ ੧੭ ਸੇ ੧੯ ਤਕ। ਖਾਲਸਾ ( ਪੰਥ ਸੇਵਕ )ਬਿਲਕੁਲ ਬੇ ਲਾਲਚ ਹਨ ਘਰੋਂਖਾਂਦੇ ਰਿਆਸਤਾਂ ਤੇ ਜਗੀਰਾਂਛਡਦੇ ਦਸਾਂ ਨਵਾਂ ਦੀ ਕਮਾਈ ਕਰਦੇ ॥ ਇਤਯਾਦਿ ॥

**ਉਤ੍ਰ** ਵੈਦ ਜੀ ਓਹ ਖਾਲਸਾ (ਪੰਥ ਸੇਵਕ) ਕੇਹੜੇਹਨ ਜਿਨਾਂਨੇ ਰਿਆਸਤਾਂ ਅਰ ਜਗੀਰਾਂ ਛੱਡੀਆਂ ਹੋਨ ਇਕ ਭੀ ਨਹੀਂ ਯਹ ਸਫੇਦ ਝੂਠ ਲਿਖਤੇ ਹੂਓਂ ਕੋ ਸ਼ਰਮ ਨਹੀਂ ਆਈ। ਮਿਤ੍ਰ ਸਚਤੋ ਯੇਹ ਹੈ ਥੋੜੇ ਸੇ ਆਦਮੀ ਗੁਰੂਓਂ ਕੇ ਵਚਨ ਦੁਵਾਰਾ ਪੁਤ੍ਰ ਆਦਿ ਕਾਮਨਾ ਪੂਰਣ ਹੋਨੇ ਸੇ ਸਿਖ ਹੈਂ ਤੱਤਪਸ਼ਚਾਤ ਸ੍ਰੀ ੧੦੮ ਮਹਾਰਾਜਾ ਰਣਜੀਤ ਸਿੰਘ ਸਾਹਿਬ ਬਹਾਦਰ ਔਰ ੧੨ ਮਿਸਲੋਂ ਕੀ ਨੌਕਰੀ ਕੇ ਲਾਲਚ ਸੇ ਸਿਖੀ ਫੈਲਾਥੀ। ਵਰਤਮਾਨ ਸਿੱਖੀ ਲਾਲਚ ਸੇ ਫੈਲ ਰਹੀ ਹੈ॥ ਯਥਾ॥ ਜੈਸੇ ਹਿੰਦੂ ਮੁਸਲਮਾਨੋਂ ਕੋ ਉਹਦੇ ਗਵਰਮਿੰਟ ਸੇ ਮਿਲਤੇ ਹੈਂ ਵੈਸੇ ਹੀ ਸਿੱਖੋਂ ਕੋ ਅਲੈਹਦਾ ਮਿਲਨੇ ਲਗ ਜਾਏਂ ਯੇਹ ਤੋ ਪੜ੍ਹੇ ਲਿਖੇ ਸਿੱਖੋਂ ਕੋ ਲਾਲਚ ਹੈ। ਅਨਪੜ੍ਹ ਜ਼ਿਮੀਦਾਰ ਆਦੀਓਂ ਕੋ ਬਿਲਾ ਸਿਖ ਬਨੇ (ਅੰਮ੍ਰਿਤ ਛਕੇ) ਨੌਕਰੀ ਹੀ ਨਹੀਂ ਮਿਲਤੀ ਵੋਹ ਇਸ ਲਾਲਚ ਮੇਂ ਸਿਖ ਹੈ। ਵੈਦ ਜੀ ਯੇਹ ਲਾਲਚੀ ਕਾ ਨਮੂਨਾ ਦੇਖ ਲੀਜੀਏ (੧) ਖਾਲਸਾ ਪੰਥਕੇ ਉਪਦੇਸ਼ਕ ਵਿਰਕਤ ਕੀ ਪੂਛ ਸਾਥ ਲਗੀ ਹੂਈ ਚਾਲੀ ਪੈਂਤਾਲੀ ਵਰਸਕੀਉਮਰ ਮਰਗਫੰਡ ਮੇਂ ਸੇ ਰੁਪਯਾ ਲੇਨੇ ਕੇ ਲੀਏ ਤੀਸ ਬਰਸਕੇ ਪੁਰਖ ਕੇ ਬਨਾਵਟੀ ਪੁਤ੍ਰ ਬਨ ਬੈਠੇ ਜਿਸਕਾ ਖਾਕਾ "ਖਾਲਸਾ ਅਖਬਾਰ ਲਾਹੌਰ"ਮੇ ਛਪ ਚੁਕਾਹੈ॥ (੨) ਅੰਮ੍ਰਿਤਸਰਮੇਂ ਪ੍ਰਸਿੱਧ ਕਬੀਰ ਪੰਥੀ ਬੈਸ਼ਨਵ ਰਾਮਾਇਣ ਕੇ ਭਗਤ ਹੈਂ ਖਾਲਸਾ ਕੇ ਅਗੂਣੀ ਹੋਕਰ

ਅਖਬਾਰ ਚਲਾਕਰ ਟਕੇ ਬਟੋਰਨ ਫਿਰ ਅੰਤ੍ਰੀਵ ਕਬੀਰ ਪੰਥੀ ਰਹੇਂ ॥
(੩) ਇਤਆਦਿ ਆਪਕੇ ਪੰਥਕੇ ਅਨੇਕ ਤੱਤ ਖਾਲਸੇ ਰੋਟੀ ਮਾਤ੍ਰ ਨਿਰਬਾਹ ਕੇ ਕਾਰਣ ਗ੍ਰਾਮ ਗ੍ਰਾਮ ਮੇਂ ਤੱਤ ਖਾਲਸਾ ਕਾ ਉਪਦੇਸ਼ ਕਰਤੇ ਫਿਰਤੇ ਹੈਂ। ਯਹਾਂ ਤਕ ਬੇਲਾਲਚੀ ਹੈ । ਆਪਕੀ ਵੈਦਗੀ ਤੋ ਬਿਨਾ ਲਾਲਚ ਪਰਸ੍ਵਾ-ਰਥ ਕੇ ਲੀਏ ਹੈ ਅਨੰਦ ਪੜ੍ਹਾਕਰ ਟਕੇ ਲੇਨੇ ਯਦਿ ਕੋਈ ਇਸਕਾ ਸਬੂਤ ਮਾਂਗੇ ਉਸਕੋ ਗਾਲੀਆਂ ਦੇਨੀ ਧੰਨ ਆਪਕੀ ਬੇ ਲਾਲਚੀ ॥

**ਵੈਦ** ਸਫਾ ੫ ਸਤਰ ੨੪ ਸੇ ੨੬ ਔਰ ਸਫਾ ੬ ਸਤਰ ੧ ਸੇ ੨ ਤਕ ॥ ਕਿਸੇ ਰਾਜਾ ਯਾ ਅਮੀਰਦੇ ਦੁਆਰ ਪਏ ਕੁਸ਼ਾਮਤਾਂ ਤੇ ਝੂਠੀਆਂ ਪ੍ਰੇਰਨਾ ਨਾਲ ਉਦਰ ਪੂਰਨਾ ਨਹੀਂ ਕਰਰਹੇ ਕਿਤੇ ਸੁਪਨਿਆਂਦੇ ਜਾਲ ਵਿਛਾ ਕੇ ਲੱਖ ਰੁਪਯਾ ਨਹੀਂ ਅੜੇਸ ਰਹੇ ॥

**ਉਤ੍ਰ** ਵੈਦ ਜੀ ਰਾਜਾ ਔਰ ਅਮੀਰ ਬੜੇ ਉਗ੍ਰ ਪੁੰਨਜ ਪ੍ਰਭਾਵ ਸੇ ਹੋਤੇ ਹੈਂ ਵੈਸੇ ਹੀ ਪੁੰਨਜ ਪ੍ਰਭਾਵ ਸੇ ਉਨ ਕੇ ਦੁਆਰੇ ਪਰ ਰਹਿਨੇ ਵਾਲੇ ਐਹਲਕਾਰ ਔਰ ਉਨ ਐਹਲਕਾਰੋਂ ਕੇ ਐਸ਼੍ਵਰਜ ਕੋ ਦੇਖ ਕਰ ਆਪਕੇ ਹਿਰਦੇ ਮੇਂ ਦ੍ਵੈਸ਼ ਅਗਨੀ ਕਿਉਂ ਪ੍ਰਚੰਡ ਹੋਗਈ॥ ਯਿਹੀ ਆਪਕੇ ਲਿਖੇ ਸਫ (ਹ) ਸਤਰ ੧੨ ਪਰ ਸਚਾਈਕੇ ਪ੍ਰਕਾਸ਼ ਕੀ ਪ੍ਰਤਗਿਆ ਹੈ ਔਰ ਜੋ ਸੁਪਨਿਆਂ ਦੇ ਜਾਲ ਸੇ ਲੱਖ ਰੁਪਯਾ ਮੂਰਖਤਾ ਸੇ ਅੜੇਸਨਾ ਲਿਖਤੇ ਹੋ। ਤੋ ਬਤਾਓ ਇਸ ਪ੍ਰਕਰਣ ਕਾ ਆਨੰਦ ਵਿਵਾਹ ਕੇ ਉਤਰ ਮੇਂ ਕਿਆ ਸੰਬੰਧ ਹੈ। ਜੋ ਕਿਸੀ ਖਾਸ ਪੁਰਸ਼ ਪਰ ਯਿਹ ਇਸ਼ਾਰਾ ਹੈ ਤੋ ਇਸ ਮੇਂ ਲਿਖਨੇ ਕਾ ਕਿਆ ਪ੍ਰਯੋਜਨ ਔਰ ਜੋ ਲਾਖ ਰੁਪਏਕੇ ਹਸਦਨੇ ਆਪਕੋ ਦੁਖਿਤ ਕੀਆ ਹੈ ਤੋ ਇਸ ਦ੍ਵੈਸ਼ ਅਗਨਿ ਕੋ ਆਪਨੇ ਹਿਰਦੇ ਮੇਂ ਹੀ ਨਿਵਾਸ ਦੇਤੇ ਅਰ ਜੋ ਸੁਪਨ ਨਾਲ ਕੋਈ ਵਿਰੋਧਹੈ ਤੋ ਮਿਤ੍ਰੋ ਸੁਪਨਿਆ ( ਅਕਾਸ਼ ਬਾਣੀ ) ਸੇ ਵੇਦ ਗ੍ਰੰਥ ਸਾਹਿਬ ਕੁਰਾਨ ਆਦਿ ਬਨੇ ਹੈਂ ਔਰ ਨਵੀਨ ਗ੍ਰੰਥ ਬਨਰਹੇ ਹੈਂ "ਸਚ ਹੈ ਚੋਰ ਯਾਰ ਜੁਆਰ ਤੇ ਬੁਰਾ। ਅਨਹੋਦਾ ਭਾਰ ਨਿੰਦਕ ਸਿਰ ਧਰਾ॥ ਦਵੇ ਕੋਊ ਔਰ ਦਲਾਵੇ ਕੋਊ । ਪਰ ਸ਼ੂਕ੍ਰ ਨੇ ਇਕ ਅੱਖ ਅਕਾਰਥ ਖੋਈ॥

**ਵੈਦ** ਸਫਾ ੬ ਔਰ ੭ ਪਰ ਲੇਖ ਹੈ ਗੁਰ ਦੁਆਰੇ ਮੁਸਲਮਾਨ ਇਸਾਈ ਆਰਯੋਂ ਕੇ ਕਬਜ਼ ਸੇ ਮੁਕੱਦਮੇਂ ਕਰਕੇ ਛੁਡਾਏ ਹੈਂ ॥

**ਉਤ੍ਰ** ਵੈਦ ਜੀ ਮੁਕੱਦਮੇਂ ਕਰਕੇ ਗੁਰਦੁਆਰੇ ਛੁੜਾ ਲੇਨਾ ਕੋਈ ਬੜੀ ਬਹਾਦਰੀਕੀ ਬਾਤ ਨਹੀਂ ਕਿਉਂ ਕਿ ਗੁਰਦੁਆਰੇ ਰੋਕਨੇ ਵਾਲੇ ਝੁਠਾਈ ਪਰ ਹੋਤੇ ਹੈਂ ਸੋ ਝੂਠੇ ਕੀ ਸਦਾ ਹਾਰ ਹੋਤੀ ਹੈ ਐਸੇ ਹੀ ਮੈਨੇ ਭੀ ਆਪਣੇ ਸ਼ਹਿਰ ਰੋਪੜ ਬਾਜ਼ਾਰ ਠਠੇਰਿਆਂ ਮੇਂ ਠਾਕਰ ਦੁਆਰਾ ਮੁਕੱਦਮਾ ਕਰਕੇ ਛੁਡਾਇਆ ਹੈ ਕੋਈ ਬਹਾਦਰੀ ਕੀ ਬਾਤ ਨਹੀਂ ॥

**ਵੈਦ** ਸਫਾ ੭ ਸਤਰ ੧੭ ਸੇ ੨੦ ਤਕ ॥ ਹਾਂ ਜੇਕਰ ਰਿਆਸਤੀ ਚਾਲਬਾਜ਼ੀ ਵਿਚ ਕਿਸੇ ਅਹਿਲਕਾਰ ਨਾਲ ਆਪਦੀ ਲਗਦੀਹੈ

Sri Satguru Jagjit Singh Ji Elibrary NamdhariElibrary@gmail.com

ਅਰ ਬਖਸੀ ਇਸ਼ਾਰਾ ਹੈ ਤਦ ਆਪਣਾ ਨਾਮ ਸਫੁਟ ਲਿਖੋ ਅਰ ਉਸਦਾ ਨਾਮ ਸਫੁਟ ਲਿਖੋ ॥

ਉਤ੍ਰ ਵੈਦ ਜੀ "ਅਨੰਦ ਬਿਵਾਹ ਪਰ ਵਿਚਾਰ" ਰਸਾਲੇ ਮੇਂ ਰਜਾ-ਸਤੀ ਚਾਲਬਾਜ਼ੀ ਔਰ ਕਿਸੀ ਅਹਿਲਕਾਰ ਨਾਲ ਜ਼ਿਦ ਇਦਾ-ਵਤ ਕਾ ਕੋਈ ਜ਼ਿਕਰ ਨਹੀਂ ਵੈਦ ਜੀ ਐਸੇ ਲੇਖੋਂ ਕੋ ਝੂਠੇ ਸੁਪਨਿਆਂ ਵਤ ਬਰਾਟ ਕਹਾ ਜਾਏ ਤੋ ਠੀਕ ਹੈ। ਅਕਲ ਖਜ਼ਾਨਿਓਂ ਅਗਰ ਅਹਿਲਕਾਰ ਕੀ ਜਗਾ ਕਿਸੇ ਭਾਈ ਜੋ ਅਨੰਦ ਵਿਵਾਹੁ ਦੇ ਟਕੇ ਲੈਣ ਵਾਲੇ ਨਾਲ ਯਾ ਟਕੇ ਟਕੇ ਦੀ ਅਰਦਾਸ ਲੇਨੇ ਵਾਲੇ ਨਾਲ ਜ਼ਿਦ ਅਦਾਵਤ ਲਿਖਦੇ ਤਦ ਭੀ ਹੋ ਸਕਦਾ ਸੀ ਇਸੀਤਰਾਂ ਅਨੰਦ ਵਿਵਾਹ ਦੇ ਵਿਚਾਰ ਮੇਂ ਅਹਿਲਕਾਰਸੇ ਕਿਆ ਤਅੱਲਕ ॥

ਵੈਦ ਸਫਾ ੮ ਸਤਰ ੧ ਸੇ ੨੪ ਤਕ। ਸਿਖ ਫੇਰਿਆਂ ਦੀ ਥਾਂ ਅਨੰਦ ਨਹੀਂ ਕਰਦੇ ਪਰ ਗੁਰਰੀਤੀ ਨਾਲ ਵਿਵਾਹ ਕਰਦੇ ਤੇ ਲਾਵਾਂਦਾ ਉਪਦੇਸ਼ ਦੇਂਦੇ ਤੇ ਸ੍ਰੀ ਗੁਰੂ ਜੀ ਦੀ ਬਾਣੀ ਉਚਾਰਦੇ ਹਨ ਤੇ ਅਨੰਦ ਦਾ ਕੀਰਤਨ ਕਰਦੇ ਹਨ ॥

ਉਤ੍ਰ ਵੈਦ ਜੀ ਫੇਰਿਆਂ ਦੀ ਥਾਂ ਅਨੰਦ ਕਰਨੇ ਮੇਂ ਖੁਦ ਇਨਕਾਰੀ ਹੋਤੇ ਹੁਏ ਗੁਰ ਰੀਤੀ ਨਾਲ ਬਿਵਾਹ ਕਰਨਾ ਲਿਖਤੇ ਹੈਂ ਮਿਤਰੋ ਵਿਚਾਰ ਕਰੋ "ਗੁਰ ਰੀਤੀ" ਵੋਹ ਜੋ ਗੁਰੂ ਸਾਹਿਬੋਂ ਨੇ ਕੀ ਹੋ ਔਰ ਖੁਦ ਉਸਕੀ ਪਧਤੀ ਬਨਾਗਏ ਹੋਂ ਸੋ ਗੁਰੂਓਂ ਨੇ ਬਿਵਾਹ ਆਦਿ ਪਰ ਹਿੰਦੂਵੇਦਕ ਰੀਤੀ ਕੀ ਜੋ ਗੁਰ ਪ੍ਰਤਾਪ ਸੂਰਜ ਆਦਿ ਇਤਿਹਾਸ ਗ੍ਰੰਥੋਂ ਸੇ ਪ੍ਰਗਟ ਹੈ ਔਰ ਵੈਦਜੀ ਬਿਵਾਹ ਆਦਿ ਕੀ ਪਧਤੀ ਗੁਰੂ ਸਾਹਿਬ ਨੇ ਬਨਾਈ ਸਾਤ ਜਨਮ ਮੇਂ ਸਿਧ ਨਹੀਂ ਕਰ ਸਕੋਗੇ। ਰਹਾ ਆਪਕਾ ਲਾਵਾਂ ਕਾ ਉਪਦੇਸ਼ ਦੇਣਾ ਸੋ ਭੀ ਮਿਥਿਆ ਹੈ ਕਿਉਂਕਿ ਲਾਵਾਂ ਕੇ ਪਾਠ ਮੇਂ "ਹਰਿ ਪਹਿਲੜੀ ਲਾਂਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥ ਬਾਣੀ ਬ੍ਰਹਮਾ ਬੇਦ ਧਰ ਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ" ਪ੍ਰਕਾਰਾਂਤਰ ਕਰ ਲਾਵਾਂ ਕੇ ਰੂਪਕ ਸੇ ਚੌਥੇ ਗੁਰੂ ਸਾਹਿਬ ਚਾਰ ਭੂਮਿਕਾ ਵਰਨਨ ਕਰਤੇਹੈਂ ਇਸਤ੍ਰੀ ਪੁਰਖ ਕੇ ਵਿਵਾਹ ਕਾ ਕੋਈ ਪ੍ਰਕਰਣ ਨਹੀਂ ॥ ਇਸ ਤੁਕ ਕਾ ਅਰਥ ਯਿਹ ਹੈ ਹਰੀ ਰੂਪ ਪਤੀ ਕੇ ਸਾਥ ਪਹਿਲੀ ਲਾਂਵ ਯਿਹ ਹੈ ਕਿ ਗੁਰੋਂ ਨੇ ਮੰਦ ਕਰਮੋਂ ਸੇ ਵਰਜ ਕਰ ਸ਼ੁਭ ਕਰਮੋਂ ਕੀ ਪ੍ਰਵਿਰਤ ਰੂਪ ( ਕਰਮ ) ਪ੍ਰਕਾਰ ਦ੍ਰਿੜ ਕਰਾਯਾ ਹੈ ਬਲਿਹਾਰ ਜਾਈਏ ਰਾਮ ਜੀਕੇ ਵਾ ਸੰਬੋਧਨ ਹੈ ਹੇ ਭਾਈ ਬਾਣੀ ਜੋ ਵੇਦ ਰੂਪ ਬ੍ਰਹਮਉਚਾਰਦਾਹੈ ਤਿਸ ਵੇਦ ਪ੍ਰਮਾਣ ਧਰਮਕੋ ਦ੍ਰਿੜ੍ਹਕਰੋ ਐਸੇ ਗੁਰੋਂਨੇ ਕਹਾ ਹੈ ਔਰਪਾਪੋਂਕਾ ਤਿਆਗ ਕਰਾਯਾਹੈ ਬਲਿਹਾਰਜਾਈਏ ਰਾਮ ਜੀ ਕੇ ॥ (ਟੀਕਾਗੁਰੂ ਗ੍ਰੰਥ ਸਾਹਿਬ ਫਰੀਦ ਕੋਟ ਵਾਲਾ ਰਾਗ ਸੂਹੀ ਸਫਾ ੨੦੦ ਦੇਖੋ ) ਬਾਣੀ ਬ੍ਰਹਮਾਂ ਵੇਦ ਸੇ ਪਾਪ ਮੋਚਨ ਹੋਣੇ ਗੁਰੂ ਸਾਹਿਬ ਜੀ ਨੇ ਉਕਤ

Sri Satguru Jagjit Singh Ji Elibrary NamdhariElibrary@gmail.com

ਉਪਦੇਸ਼ਮੇਂ ਮਾਨਨੇਕਾ ਹੁਕਮ ਦੀਆਹੈ ਜਿਸ ਵੇਦਕੇ ਵਿਰੁਧ ਆਪ ਵਿਵਾਹ ਕਰਕੇ ਪਾਪੀ ਬਨਨਾ ਚਾਹਤੇ ਹੋ ॥ ਅਨੰਦ ਦਾ ਕੀਰਤਨ ਸਦੀਵ ਕਰੋ ਇਸ ਸੇ ਬਿਵਾਹ ਕਰਨਾ ਮੂਰਖਤਾ ਹੈ ॥

**ਵੈਦ** ਸਫਾ ੮ ਸਤਰ ੬ ਸੇ ੮ ਤਕ ॥ ਕਿਸੇ ਅਮੀਰ ਦਾ ਮੁਸਾਹਿਬ ਬਣ ਕੇ ਉਸ ਅਮੀਰ ਨੂੰ ਖੋਟੀਆਂ ਪੱਟੀਆਂ ਪੜ੍ਹਾਕੇ ਆਪਣੇ ਟਕੇ ਬਟੋਰਨ ਵਾਲੀ ਤ੍ਰਿਸ਼ਨਾ ਨਹੀਂ ॥

**ਉਤ੍ਰ** ਵੈਦ ਜੀ ਖੋਟੀਆਂ ਪੱਟੀਆਂ ਆਪਕੇ ਸਹਾਇਕ ਪੜ੍ਹਾਤੇ ਹੈਂ ਜੋ ਅਮੀਰੋਂ ਕੋ ਹੋਟਲੋਂ ਮੇਂ ਰੋਟੀ ਖਾਨਾ ਸਿਖਲਾਤੇਹੈਂ ਜਿਸਮੇਂ ਗੋ ਮਾਂਸ ਸੇ ਭੀ ਪ੍ਰਹੇਜ਼ ਨਹੀਂ ਹੋ ਸਕਤਾ । ਟਕੇ ਬਟੋਰਨ ਵਾਲੇ ਆਪ ਜੈਸੇ ਹੈਂ ਜੋ ਐਸੀ ਟ੍ਰੈਕਟ "ਗੁਰਮਤ ਵਿਰੋਧਬਿਨਾਸ਼" ਮੁਫਤ ਬਾਕੀ ਆਪਕੇ ਲਿਖੇ ਪੁਸਤਕ ਦੁਗਨੀ ਚੌਗਨੀ ਕੀਮਤ ਪਰ ਬਿਕੇ ਜੋ ਟਕੇ ਬਟੋਰ ਕਰ ਹੀ ਕਾਮ ਕੀਆ ਹੈ ॥

**ਵੈਦ** ਸਫਾ ੯ ਸਤਰ ੧ ਸੇ ੮ ਤਕ । ਆਪਦੇ ਇਸਵਾਕਦਾ ਖੰਡਨ ਆਪ ਨੇ ਆਪ ਹੀ ਕਰ ਦਿਤਾ ਹੈ ਜੇਹੜਾ ਆਦਮੀ ਬਿਨਾਂ ਸਬੂਤ ਦਿਤੇ ਬਿਨਾਂ ਦਲੀਲ ਦਸੇ ਅਰ ਬਿਨਾਂ ਵਾਕਿਆਤ ਪੇਸ਼ ਕੀਤੇ ਕਿਸੇ ਨੂੰ ਲਾਲਚੀ ਤੇ ਤ੍ਰਿਸ਼ਨਾਲੂ ਆਦਿਕ ਗਾਲਾਂ ਦੇਂਦਾ ਹੈ ਓਹ ਆਪ ਕਦੇ ਪਖਪਾਤ ਰਹਿਤ ਅਰ ਧਰਮ ਵਾਲਾ ਨਹੀਂ ਹੋ ਸਕਦਾ। ਇਸਕਰਕੇ ਆਪਦੇ ਲੇਖਦੇ ਅਰੰਭ ਤੋਂ ਹੀ ਪਤਾ ਲਗਦਾ ਹੈ ਕਿ ਆਪਦਾ ਨਿਰਨਯ ਕੇਵਲ "ਜਲਪ ਅਰ ਵਿਤੰਡਾ ਵਾਦ" ਹੈ ॥

**ਉਤ੍ਰ** ਵੈਦ ਜੀ ਲਾਲਚੀ ਤ੍ਰਿਸ਼ਨਾਲੂ ਗਾਲੀਏਂ ਨਹੀਂ ਨਵੀਨ (ਸਿੰਘ ਸਭੀਓਂ) ਕੇ ਲੀਏ ਯਥਾਰਥ ਹੈ ਕਿਉਂਕਿ ਸਿੰਘ ਸਭੀਏ ਹੀ ਨਵੀਨ ਰੀਤੀ (ਅਨੰਦ) ਪਰ ਜ਼ੋਰ ਦੇਤੇ ਹੈਂ ਅਪਨੇ ਲਾਲਚ ਔਰ ਤ੍ਰਿਸ਼ਨਾ ਕੇ ਲੀਏ ਬਹੁਤ ਸਾਰੇ ਸਿੰਘ ਸਭੀਏ ਭਾਈ ਜੀ ਗੰ੍ਰਥੀ ਹੈਂ ਉਨਹੀਂ ਕੋ ਪਾਠ ਬੈਠ ਤੇ ਹੈਂ ਬਹੁਤ ਸਾਰੇ ਸਿੰਘ ਸਭੀਏ ਉਪਦੇਸ਼ਕ ਹੈਂ ਉਨਹੀਂ ਕੋ ਬਿਵਾਹਕੇ ਬਜਾਏ ਅਨੰਦ ਪੜ੍ਹਾਈ ਅਰਦਾਸ (ਧਨ) ਮਿਲਤਾ ਹੈ ਬਹੁਤ ਸਾਰੇ ਸਿੰਘ ਸਭੀਏ ਅਖਬਾਰ ਹੈਂ ਉਨਕੋ ਅਰਦਾਸੇ (ਧਨ) ਪਹੁੰਚਤੇ ਹੈਂ ॥ ਮਿਤਰੋ ਇਸਮੇਂ ਸਬੂਤ ਔਰ ਦਲੀਲ ਆਦਿਕ ਬਤਲਾਨੇ ਕੀ ਕੋਈ ਜਰੂਰਤ ਨਹੀਂ ਜਬ ਪ੍ਰਤਖ ਪ੍ਰਗਟ ਹੈ। ਵੈਦ ਜੀ ਆਪਕਾ ਲੇਖ ਜਲਪ ਔਰ ਵਿਤੰਡਾ ਵਾਦ ਜਰੂਰਹੈ ਜੋ "ਗੁਰ ਮਤ ਵਿਰੋਧ ਬਿਨਾਸ਼" ਟ੍ਰੈਕਟ ਕੇ ਟੈਟਲ ਸਤਰ ੬ ਸੇ ੮ "ਅਨੰਦ ਬਿਵਾਹ ਪਰ ਵਿਚਾਰ" ਦੇ ਖੋਟਾਂ ਦੀ ਪੜਤਾਲ ਲਿਖਤੇ ਹੋ ਧਰਮਸੇ ਨਿਰਨਯਕੋ ਖੋਟੋਂ ਕੀ ਪੜਤਾਲ ਕਹੋ ਉਸਕੋ ਜਲਪ ਔਰ ਵਿਤੰਡਾਵਾਦ ਪਰਾਚੀਨ ਸ਼ਾਸਤ੍ਰਕਾਰ ਕੈਹਤੇ ਹੈਂ ॥

# ਅਨੰਦ ਬਿਵਾਹ ਪਰ ਵਿਚਾਰ ਪੰਦਰਾਂ ਅੰਗਾਂ ਦੇ ਕ੍ਰਮ ਅਨੁਸਾਰ ਖੰਡਨਦਾ ਮੂੰਹ ਤੋੜ ਉਤ੍ਰ (ਅੰਗ ੧ ਕਾ ਉਤ੍ਰ)

**ਵੈਦ** ਸਫਾ ੯ ਸਤਰ ੧੫ ਸੇ ਸਫਾ ੧੦ ਸਤਰ ੨ ਤਕ। ਪਹਿਲੀ ਹੁੱਜਤ ਜੋ ਆਪਨੇ ਛਾਹੀ ਹੈ ਸੋ ਇਹ ਹੈ ਕਿ "ਦਸੋਂ ਗੁਰੂ ਸਾਹਿਬਾਨ ਦੇ ਬਿਵਾਹ ਵੇਦ ਵਿਧੀ ਅਨੁਸਾਰ ਹੋਏ। ਅਰ ਇਸਪਰ ਆਪ ਲਿਖਦੇਹਨ ਕਿ ਜੇ ਇਹ ਅਸਤ ਹੈ ਤਦ ਕਿਸੇ ਪ੍ਰਾਚੀਨ ਗ੍ਰੰਥ ਦਾ ਪ੍ਰਮਾਣ ਦੇਵੇ" ਇਸਦੇ ਉਤਰ ਵਿਚ ਅਸੀਂ ਸਭਤੋਂ ਪਹਿਲੇ ਇਹ ਦੱਸਦੇ ਹਾਂ ਕਿ ਤੁਸੀ ਆਪ ਲੋਕਾਂ ਨੂੰ ਪੁੱਛ ਕਰਨ ਦੀ ਥਾਂ ਗੁਰੂ ਸਾਹਿਬਾਨ ਜੀ ਤੋਂ ਹੀ ਕਿਉਂ ਨਹੀਂ ਪੁੱਛਕੇ ਉਤਰ ਲੈ ਲੈਂਦੇ। ਗੁਰੂ ਸਾਹਿਬ ਜੀ ਦਾ (ਬਾਣੀ ਰੂਪ) ਸਰੂਪ ਮ੍ਰਿਯਾਦਾ ਅਨੁਸਾਰ ਗੁਰ ਗੱਦੀ ਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਕਿਉਂ ਨਹੀਂ ਪਤਾ ਲੈ ਲੈਂਦੇ ਜੋ ਤੁਸੀ ਗੁਰਮਤ ਕੀਤੀ ਸੀ ਯਾ 'ਅਨਮਤ'॥

**ਉਤ੍ਰ** ਵੈਦ ਜੀ ਪੱਕੀ ਹੁੱਜਤ ਆਪਕੀ ਹੈ ਗੁਰੂ ਗ੍ਰੰਥ ਸਾਹਿਬਜੀਸੇ ਗੁਰੂ ਸਾਹਿਬੋਂ ਕੇ ਬਿਵਾਹ ਰੀਤੀ ਪੁਛਾਤੇ ਹੋ। ਜੋ ਇਤਿਹਾਸਕ ਬਾਰਤਾ ਹੈ। ਜੈਸੇ ਗੁਰੂ ਗ੍ਰੰਥ ਸਾਹਿਬ ਇਨ ਇਤਿਹਾਸਕ ਛੇ ਪ੍ਰਸ਼ਨੋਂ ਕਾ ਉਤਰ ਨਹੀਂ ਦੇ ਸਕਤਾ (੧) ਦਸੋਂ ਗੁਰੂ ਸਾਹਿਬੋਂ ਕੀ ਜਨਮ ਤਿਥੀ ਮਾਤਾ ਪਿਤਾ ਕਾ ਨਾਮ ਔਰ ਜਨਮ ਸਥਾਨ ਗੁਰੂ ਗ੍ਰੰਥ ਸਾਹਿਬ ਨਹੀਂ ਬਤਲਾਤਾ॥ (੨) ਦਸੋਂ ਗੁਰੂ ਸਾਹਿਬੋਂ ਕੀ ਧਰਮਪਤਨੀ (ਇਸਤ੍ਰੀ) ਉਂਕੇ ਨਾਮ ਔਰ ਬਿਵਾਹ ਕੀ ਤਿਥੀ ਗੁਰੂ ਗ੍ਰੰਥ ਸਾਹਿਬ ਨਹੀਂ ਬਤਲਾਤਾ॥ (੩) ਦਸੋਂ ਗੁਰੂ ਸਾਹਿਬੋਂ ਕੀ ਸੰਤਾਨ ਕੇ ਨਾਮ ਔਰ ਜਨਮ ਤਿਥੀ ਗੁਰੂ ਗ੍ਰੰਥ ਸਾਹਿਬ ਨਹੀਂ ਬਤਲਾਤਾ॥ (੪) ਦਸੋਂ ਗੁਰੂ ਸਾਹਿਬੋਂ ਕੀ "ਜੋਤੀ ਜੋਤ ਸਮਾਵਣ" (ਮ੍ਰਿਤੂ) ਸਥਾਨ ਔਰ ਤਾਰੀਖ ਗੁਰੂ ਗ੍ਰੰਥ ਸਾਹਿਬ ਨਹੀਂ ਬਤਲਾਤਾ॥ (੫) ਦਸੋਂ ਗੁਰੂ ਸਾਹਿਬੋਂ ਕੇ ੫੦੦ ਕੇ ਕਰੀਬਨ ਸੰਸਾਰ ਮੇਂ ਗੁਰਦੁਵਾਰੇ ਬਨਨੇ ਕਾ ਕਾਰਣ ਗੁਰੂ ਗ੍ਰੰਥ ਸਾਹਿਬ ਨਹੀਂ ਬਤਲਾਤਾ॥ (੬) ਗੁਰੂ ਗ੍ਰੰਥ ਸਾਹਿਬ ਕੀ ਸਮਾਪਤਿ ਕੀ ਤਾ-ਰੀਖ ਔਰ ਗੁਰੂ ਗ੍ਰੰਥ ਸਾਹਿਬ ਕੋ ਗੁਰੂ ਕੀ ਦੇਹ ਮਾਨਨਾ ਯਾ ਗ੍ਰੰਥ ਸਾਹਿਬ ਕੋ ਗੁਰੂ ਪਦਵੀ ਹੋਨਾ ਗ੍ਰੰਥ ਸਾਹਿਬ ਸੇ ਸਿੱਧ ਨਹੀਂ ਹੋਤਾ ਵੈਸੇ ਹੀ ਦਸੋਂ ਗੁਰੂ ਉਂਕੇ ਬਿਵਾਹ ਕੀ ਰੀਤੀ ਗੁਰੂ ਗ੍ਰੰਥ ਸਾਹਿਬ ਨਹੀਂ ਬਤਲਾ ਸਕਤਾ। ਆਪ ਦਾ ਪੁਛਾਵਣਾ ਮੂਰਖਤਾ ਹੈ। ਯਦਿ ਮੂਰਖ ਨਹੀਂ ਬਨਣਾ ਚਾਹਤੇ ਤੋ ਉਕਤ ਪ੍ਰਸ਼ਨੋ ਕਾ ਉਤ੍ਰ ਗੁਰੂ ਗ੍ਰੰਥ ਸਾਹਿਬ ਜੀ ਸੇ ਦੇਵੇਂ। ਔਰ ਦਸੋਂ ਗੁਰੂਓਂ ਕਾ ਬਿਵਾਹ ਹਿੰਦੂ ਵੈਦਕ ਰੀਤੀ ਸੇ ਹੂਆ ਗੁਰਪ੍ਰਤਾਪ ਸੂਰਜ ਆਦਿ ਇਤਿਹਾਸੋਂ ਸੇ ਪ੍ਰਗਟ ਹੈ ਦੇਖ ਲੋ॥

**ਵੈਦ** ਸਫਾ ੧੦ ਸਤਰ ੨ ਸੇ ੭ ਤਕ। ਜੇ ਆਪ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰ ਦੇ ਯੋਗ ਨਹੀਂ ਤਦ "ਗੁਰਮਤ ਗੌਰਵਤਾ"

Sri Satguru Jagjit Singh Ji Elibrary NamdhariElibrary@gmail.com

ਇਸ ਪ੍ਰਸ਼ਨ ਦਾ ਉਤਰ ਗੁਰਬਾਣੀ ਵਰਤਮਾਨ ਇਤਿਹਾਸ ਤੇ ਪੂਰਣ ਵਿਚਾਰ ਨਾਲ ਦਰਜ ਕੀਤਾ ਹੋਇਆ ਪੜ੍ਹਕੇ ਗਿਆਨ ਹਾਸਲ ਕਰ ਸਕਦੇ ਹੋ॥

**ਉਤ੍ਰ** ਵੈਦ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਾਰ ਯੋਗ ਕਜਾ ਆਪ ਹੀ ਹੋ ਔਰ ਕੋਈ ਨਹੀਂ ਧੰਨ ਆਪਕਾ ਹੰਕਾਰ। ਮਿਤ੍ਰੋ ਮੈਨੇ ਸੰਮਤ ੧੯੯੫ ਹਾੜ੍ਹ ਦਿਨ ੩੧ ਕੋ ਮੋਹਨਸਿੰਘ ਜੀ ਵੈਦ ਤਰਨ ਤਾਰਨ ਜ਼ਿਲਾ ਅੰਮ੍ਰਿਤਸਰਕੋ ਪਤ੍ਰ ਲਿਖਾਥਾ ਸੋ ਬਹੁਤ ਦਿਨ ਪਸਚਾਤ ਗੁਰਮਤ ਗੌਰਵਤਾ ਔਰ ਗੁਰਮਤ ਵਿਰੋਧ ਵਿਨਾਸ਼ ਮੇਰੇ ਪਾਸ ਬੇਰੰਗ ਪਹੁੰਚੇ ਜਿਸਕੇ ਦੇਖਨੇ ਸੇ ਪ੍ਰਤੀਤ ਹੁਆ ਕਿ ਗੁਰਮਤ ਵਿਰੋਧ ਵਿਨਾਸ਼ ਸੇ ਬੜ੍ਹਕਰ ਕੁਛ ਨਹੀਂ ਲਿਖਾ ਹਾਂ ਦਵਾਈਆਂ ਬੇਚਨੇ ਕਾ ਢੰਗ ਖੂਬ ਲਿਖਾ ਹੈ ਜੋ ਏਕ ੨ ਨੰਬਰ ਦਵਾਈ ਮੰਗਾਏ ਤੋ ੨੦) ਕੀ ਏਕ ਏਕ ਪੁਰਸ਼ਸੇ ਵਸੂਲ ਕਰਨੇ ਕਾ ਉਦਮ ਕੀਆ ਹੈ। ਔਰ ਦਵਾਈ ਬੇਚਨੇ ਕਾ ਧੋਖੇ ਸੇ ਕਾਰਣ "ਮੁਕਤੀ ਕਾ ਸਾਧਨ" ਲਿਖਾ ਹੈ ਔਰ ਲੋਗੋਂ ਕੀ ਉਚਿਸ਼ਟ ਬਾਣੀ ਲਿਖੀ ਹੈ ਦੇਖੋ "ਸਿਖ ਹਿੰਦੂ ਨਹੀਂ" ਤੀਸਰੀ ਬਾਰ ਕਾ ਛਪਾ ਸਫਾ ੨੦੫ ਲੇਖਕਕੇ ਅੱਖਰ ੨ ਕੋ "ਗੁਰਮਤ ਗੌਰਵਤਾ" ਸਫਾ ੫੭ ਪਰ ਨਕਲਕੀਆਹੈ। ਮਿਤ੍ਰੋ ਗੁਰਮਤ ਗੌਰਵਤਾਨਾਮਹੀਨਾਮ ਹੈ ਬੀਚ ਮੇਂ ਸਮਾਜੀਓਂ ਜੈਸੇ ਉਪਹਾਸ ਔਰ ਨਿੰਦਾ ਦੇ ਸਵਾਏ ਔਰ ਕੁਛ ਨਹੀਂ॥ ਅਫਸੋਸ ਹੈ ਪ੍ਰਾਚੀਨ ਇਤਹਾਸੋਂ ਕੋ ਛੋੜ ਕਰ ਆਪਨੇ ਗੁਟਕੇ ਗੁਰ ਮਤਗੌਰਵਤਾ ਕੋ ਅਧਿਕ ਸਮਝ ਕਰ ਪ੍ਰਮਾਣ ਦੀਆ ਅਨੋਖੇ ਵਿਦਵਾਨ ਹੋ ਆਪ ਸ੍ਵਤਹ ਪ੍ਰਮਾਣ ਪਰਤਹ ਪ੍ਰਮਾਣ ਕੋ ਭੀ ਜਾਨਤੇ ਹੋ॥

**ਵੈਦ** ਸਫਾ ੧੦ ਸਤਰ ੯ ਸੇ ੨੪ ਤਕ॥ ਜਿਸ "ਵੇਦ ਬਿਧੀ" ਤੇ ਆਪ ਭੁੜਕਦੇ ਹੋ ਆਪਨੂੰ ਇਹ ਪਤਾ ਹੀ ਨਹੀਂ ਕਿ ਵੇਦਬਿਧੀ ਦਾ ਅਰਥ ਕੀ ਹੈ ਤਥਾ ਕਿਸੇ ਵੇਦ ਵਿਚ ਵਿਵਾਹ ਦੀ ਰੀਤੀ ਦਰਜ ਭੀ ਹੈ ਕਿ ਨਹੀਂ ਪਰ ਆਪਨੇ ਤਾਂ ਕਦੀ ਵੇਦਾਂ ਦੇ ਦਰਸ਼ਨ ਭੀ ਨਹੀਂ ਕੀਤੇ ਹੋਣੇ ਭਾਵੇਂ ਨਾਮ ਭੀ ਹੁਣ ਯਾਦ ਕਰਨੇ ਪੈਣ। ਇਤਯਾਦੀ॥

**ਉਤ੍ਰ** ਵੈਦ ਜੀ ਆਪਦੀ ਬਾਣੀ "ਭੁੜਕ" ਦੇ ਕਥਨ ਪਰ ਕੈਸੇ ਫੁਲ ਝੜਦੇ ਹੈਨ ਧੰਨ ਆਪਦੀ ਵਿਦਜਾ ਬੁਧੀ ਜਿਸਤੇ ਸਵਾਇ 'ਵੇਦ ਬਿਧੀ' ਦਾ ਅਰਥ ਕੋਈ ਨਹੀਂ ਜਾਨਤੇ। ਮਿਤ੍ਰੋ ਹਮਕੋ ਬਿਬਸ ਵੈਦ ਜੀ ਕੀ ਮੂਰਖਤਾ ਨਿਵਾਰਨ ਲੀਏ ਕਹਿਨਾ ਪੜ੍ਹਤਾ ਹੈ ਕਿ ਵੇਦ ਪੁਸਤਕ ਅਨੇਕ ਛਾਪੇ ਖਾਨੋਂ ਮੇਂ ਛਪ ਚੁਕੇ ਹੈਂ ਔਰ ਥੋਹੜੀ ੨ ਕੀਮਤ ਪਰ ਮਿਲ ਸਕਤੇ ਹੈਂ ਖਾਸ ਕਰ ਸ੍ਰੀ ੧੦੮ ਮਹਾਰਾਜਾ ਨਾਭਾ ਨਰੇਸ਼ ਜੀ ਨੇ ਛਾਵਨੀ ਧਰਮਸ਼ਾਲਾ ਮੇਂ ਵੇਦ ਪੁਸਤਕ ਸਥਾਪਨ ਕੀਏ ਹੁਏ ਹੈਂ। ਹਮੇਸ਼ਾ ਵਿਧੀ ਪੂਰਵਕ ਪਾਠ ਪੂਜਾ ਔਰ ਵਿਚਾਰ ਹੋਤੀ ਰਹਿਤੀ ਹੈ। ਫਿਰ ਵੇਦੋਂ ਕੇ ਨਾਮ ਔਰ ਦਰਸ਼ਨ ਸੇ ਅਗਜਾਤ ਕਥਨ ਕਰਨਾ ਮੂਰਖਤਾ ਹੈ ਔਰ ਵੇਦ ਵਿਵਾਹ ਬਿਧੀ ਸਬ ਜਗਾ ਮੌਜੂਦਹੈ ਮੂਰਖੋਂ ਕੋ ਨਹੀਂ ਮਿਲਸਕਤੀ ਦੇਖੋ ਵੇਦਮੰਤ੍ਰ ਬ੍ਰਾਹਮਣ ਉਪਨਿਸ਼ਦ॥

Sri Satguru Jagjit Singh Ji Elibrary NamdhariElibrary@gmail.com

ਖਟ ਅੰਗ ੯ ਉਪਾਂਗ ਮਿਲ ਕਰ ਵੇਦ ਹੋਤਾ ਹੈ ਸੋ ਇਸ ਵੇਦ ਮੇਂ ਹਿੰਦੂ ਰੀਤੀ ( ਵੇਦ ਵਿਧੀ ) ਮੌਜੂਦ ਹੈ ਆਂਖੇਂ ਖੋਲ੍ਹ ਕੇ ਦੇਖੋ ਨਹੀਂ ਤਾਂ ਕਿਸੀ ਵੇਦ ਗਿਆਤਾ ਪੰਡਤ ਕੇ ਸ਼ਿਸ਼ ਬਣੋ ॥ ਵਖੋ ਵਖਰੀਆਂ ਬਿਵਾਹ ਕੀਆਂ ਰਸਮਾਂ ਜੋ ਮੂਰਖਤਾ ਸੇ ਜਾਰੀ ਸਨ ਔਰ ਹੈਂ ਜੈਸੇ ਆਪ ਅਨੰਦ ਵਿਵਾਹ ਵਿਧੀ ਜਾਰੀ ਕਰਨੇ ਲਗੇ ਹੋ ॥

**ਵੈਦ** ਸਫਾ ੧੦ ਸਤਰ ੨੪ ਸੇ ਸਫਾ ੧੧ ਸਤਰ ੨ ਤਕ ॥ ਜੇਕਰ ਆਪ " ਮਨੂਸਿਮ੍ਰਤੀ " ਪੁਰਾਣਕ ਲੇਖਾਂ ਯਾਗਵਲਕ ਆਦਿ ਰਿਸ਼ੀਆਂ ਦੇ ਲੇਖਾਂ ਨੂੰ ਵੇਦ ਵਿਧੀ ਦੱਸਕੇ ਆਪਣਾ ਅਗਿਆਨ ਪ੍ਰਗਟ ਕਰਦੇਹੋ ॥

**ਉਤ੍ਰ** ਵੈਦ ਜੀ ਮਨੂਸਿਮ੍ਰਤੀ ਆਦਿਕ ਧਰਮ ਸ਼ਾਸਤ੍ਰੋਂ ਕੋ ਪੁਰਾਣ ਬਤਲਾਤੇ ਹੋ ਧੰਨ ਆਪਕੀ ਵਾਕਫੀਯਤ ਇਸੀ ਵਾਕਫੀਯਤ ਪਰ ਦੂਸਰੇ ਪੁਰਖੋਂ ਕੋ 'ਭੁੜਕਦੇ ਵੇਦਾਂ ਦਾ ਨਾਮ ਭੀ ਨਹੀਂ ਜਾਨਤੇ' ਆਦਿਕ ਲੇਖ ਲਿਖਕਰ ਅਗਜਾਨੀ ਬਤਲਾਤੇ ਹੋ ਇਸ ਸੇ ਤੋ ਆਪ ਹੀ ਅਗਜਾਨੀ ਪ੍ਰਗਟ ਹੋ ਗਏ ॥

**ਵੈਦ** ਸਫਾ ੧੧ ਸਤਰ ੨ ਸੇ ੧੦ ਤਕ ॥ ਮਨੂਸਿਮ੍ਰਤੀ ਅਧਜਾਇ ੩ ਵਸ਼ਿਸ਼ਟ ੧-੩੦ ਤੋਂ ੩੫ ਤਕ ਵਿਚ ਬੌਧਾਇਣ ੨੦-੨ ਤੋਂ ੧ ੨-੯ ਤਕ । ਆਪਸਤੰਬ ੨-੧੧-੧੭ ਤੋਂ ੨੦ ਤੇ ੨-੨੧-੨ ਵਿਚ ਮਹਾਂਭਾਰਤ ਅਨੁਸ਼ਾਸਨ ਪਰਬ ਅਧਜਾਇ ੪੪ ਤੋਂ ੪੮ ਤਕ ਵਿਚ ਅਠ ਤਰਾਂ ਦੇ ਵਿਵਾਹ ਕਥਨ ਕੀਤੇ ਹਨ । ਪਰ ਇਨਹਾਂ ਵਿਚੋਂ ਕਿਸੇ ਨਾਲ ਭੀ ਆਪ ਦੀ ਅਜ ਕਲ ਦੀ ਵਰਤਮਾਨ " ਵੇਦਕ ਰੀਤੀ " ਨਹੀਂ ਮਿਲਦੀ ਤੇ ਨਾ ਹੀ ਸਨਾਤਨ ਸਮੇਂ ਦੇ ਪ੍ਰਚਲਤ "ਸ੍ਵਯੰਬਰ" ਦੀ ਰੀਤੀ ਕਿਸੇ ਵੇਦ ਸ਼ਾਸਤ੍ਰ ਵਿਚ ਮਿਲਦੀ ਹੈ ॥

**ਉਤ੍ਰ** ਵੈਦ ਜੀ ਆਪਨੇ ਮਨੂਸਿਮ੍ਰਤੀ ਆਦਿਕ ਸ਼ਾਸਤ੍ਰੋਂ ਕੇ ਹਵਾਲੇ ( ਪ੍ਰਮਾਣ ) ਦੇਕਰ ਆਪਣੀ ਮੂਰਖਤਾ ਜ਼ਾਹਰ ਕਰਲੀ ਯਥਾ ਬੌਧਾਇਣ ੨੦-੨ ਤੋਂ ੧-੨-੯ ਤਕ ॥ ਜ਼ਰਾ ਤੋ ਸੋਚ ਵਿਚਾਰ ਕਰਨਾ ਥਾ ਕਿ ਅਧਜਾਇ ੨੦ ਕੇ ਪਿਛੇ ੨ ਅਰ ਦੋ ਕੇ ਪਿਛੇ ੧ ਮੂਰਖੋਂ ਕੇ ਲੇਖ ਮੇਂ ਹੋ ਸਕਤਾ ਹੈ ਵਿਦਵਾਨੋਂ ਕੇ ਲੇਖ ਮੇਂ ਨਹੀਂ ॥ ਔਰ ਜੋ ਆਠ ਬਿਵਾਹ ( ੧ ਬ੍ਰਾਹਮ ੨ ਦੈਵ, ੩ ਆਰਸ ੪ ਪ੍ਰਜਾਪਤ ੫ ਅਸੁਰ ੬ ਗੰਧਰਵ ੭ ਰਾਖਸ਼ਸ ੮ ਪਿਸ਼ਾਚ) ਸੰਸਾਰ ਸੇ ਉਲਟ ਬੁਧੀ ਵਾਲੇ ਵੈਦ ਜੀ ਉਕਤ ਆਠ ਵਿਵਾਹ ਧਰਮ ਅਧਰਮ ਸੇ ਹੁਏ ਹੋਤੇ ਹੈਂ ਹੋਂਗੇ ਉਨਕੇ ਨਾਮ ਤਥਾਪੀ ਬਿਧੀ ਸਰਬ ਕੀ ਏਕ ਹੈ ਜੋ ਵਰਤਮਾਨ ਵੇਦਕ ਰੀਤੀ ਸੇ ਭਿੰਨ ਨਹੀਂ ॥ ਸ੍ਵਯੰਬਰ ਵਿਵਾਹ ਪਿਛਲੇ ਜ਼ਮਾਨੇ ਮੇਂ ਦੋ ਚਾਰ ਹੁਏ ਹੈਂ ਜੋ ਗੰਧਰਵ ਵਿਵਾਹ ਮੇਂ ਆਜਾਤੇ ਹੈਂ ਆਪਕਾ ਵੇਦ ਸ਼ਾਸਤ੍ਰ ਸੰਸਾਰ ਸੇ ਵਖਰਾ ਹੋਵੇਗਾ ਜਿਸਮੇਂ ਸ੍ਵਯੰਬਰ ਬਿਵਾਹ ਨਹੀਂ ਮਿਲਤਾ ਮਿਤ੍ਰ ਸ੍ਵਯੰਬਰ ਬਿਵਾਹ ਸ੍ਰੀ ਰਾਮ ਚੰਦਰ ਔਰ ਸੀਤਾ ਜੀਕਾ ਹੁਆ ਜੋ ਵਰਤਮਾਨ ਵੈਦਕ ਰੀਤੀ ਸੇ ਮਿਲਤਾ ਹੈ ਜਿਸ ਕੋ ਬੁਧੀਕੇ ਸ਼ਤ੍ਰੂ ਵੈਦ ਜੀ

Sri Satguru Jagjit Singh Ji Elibrary NamdhariElibrary@gmail.com

ਆਪਨੇ ਲੇਖ ( ਗੁਰਮਤ ਵਿਰੋਧ ਵਿਨਾਸ਼ ) ਸਫ਼ਾ ੧੯ ਮੇਂ ਸ੍ਰੀ ਰਾਮ ਚੰਦਰ ਜੀ ਔਰ ਸੀਤਾ ਜੀਕੇ ਸ੍ਵਯੰਬਰ ਵਿਵਾਹ ਕੀ ਵਿਧੀ ਸਾਹਾ ਸੋਧਨਾਂ ਨਵਗ੍ਰਹਿ ਪੂਜਨ ਹੁਈ ਖੁਦ ਮਾਨਤੇ ਹੈਂ ਫਿਰ ਵੇਦ ਸ਼ਾਸਤ੍ਰ ਸੇ ਵਿਰੁਧ ਬਤਲਾਨਾ ਆਪਕਾ ਅਗਜਾਨ ਨਹੀਂ ਤੋ ਔਰ ਕਿਆ ਹੈ ॥

**ਵੈਦ** ਸਫ਼ਾ ੧੧ ਸਤਰ ੧੧ ਸੇ ੧੫ ਤਕ। ਹਾਂ ਸ੍ਰੀ ਕ੍ਰਿਸ਼ਨ ਦੇਵ ਜੀ ਆ ਦਿਕਾਂ ਦੇ ਕਾਰਯ ੮ ਵਿਵਾਹਵਾਂ ਵਿਚੋਂ ਕਿਸੇ ੨ ਨੰਬਰਨਾਲ ਰਲ ਦੇ ਹਨ ਜਾਂ ੧ ਨੰਬਰ ਦੇ ਬ੍ਰਾਹਮ ਵਿਵਾਹ ਜੋ ਹਿੰਦੂ ਸ਼ਾਸਤ੍ਰਾਂ ਵਿਚ ਸਭਤੋਂ ਉ ਤਮ ਮੰਨਿਆ ਹੈ ਏਹ "ਆਨੰਦ ਵਿਵਾਹ" ਸੁਰੀਤੀ ਦੇ ਵਿਚ ਹੀ ਆਜਾਂਦਾਹੈ॥

**ਉਤ੍ਰ** ਵੈਦ ਜੀ ਆਪਕੋ ਸਚ ਮਾਨਨਾ ਪੜਾ ਔਰ ਪੜੇਗਾ ਕਿ ਸ੍ਰੀ ਕ੍ਰਿਸ਼ ਨ ਦੇਵਜੀ ਕਾ ਬਿਵਾਹ ਉਕਤ ਆਠਬਿਵਾਹੋਂ ਸੇ ਮਿਲਤਾ ਹੈ ਔਰ "ਅਨੰਦ" ਬਿਵਾਹ ਹਿੰਦੂ ਸ਼ਾਸਤ੍ਰ ਮੇਂ ਲਿਖੇ ਬ੍ਰਾਹਮ ਬਿਵਾਹ ਕੀ ਸੁਰੀਤੀ ਮੇਂ ਹੀ ਆ ਜਾਤਾ ਹੈ ਮਿਤਰੋ ਜਬ "ਅਨੰਦ" ਵਿਵਾਹ ਹਿੰਦੂਓਂ ਕੇ ਬ੍ਰਾਹਮ ਬਿਵਾਹ ਕੀ ਸੁਰੀਤੀ ਮੇਂ ਆ ਜਾਤਾ ਹੈ ਤੋ ਵੈਦ ਜੀ ਕੀ ਜਬਾਨੀ "ਅਨੰਦ" ਬਿਵਾਹ ਕੀ ਜਰੂਰਤ ਨਾ ਰਹੀ ਔਰ ਅਨੰਦ ਬਿਵਾਹ ਕੋ ਸੁਰੀਤੀ ਬਤਲਾਨਾ ਆਪਕਾ ਮੂਰਖਪਨਾ ਹੈ ਕਿਉਂਕਿ ਆਪਕੇ ਅਨੰਦ ਬਿਵਾਹ ਸੇ ਜਨਮੇਂ ਪੁਤਰੋਂ ਕੋ ਹਰਾ ਮਜ਼ਾਦੇ ਆਰਯ ਸਮਾਜੀ ਸਿੱਧ ਕਰਤੇ ਹੈਂ ਜਿਨਕੇ ਉਤਰ ਮੇਂ ਆਪਕੇ ਸਿੰਘ ਸਭੀਏ "ਹਰਾਮਜ਼ਾਦੇ ਕੌਣ ਹਨ" ਟ੍ਰੈਕਟ ਲਿਖਾ ਹੈ ਔਰ ਸਫੇ ੨੫ ਮੇਂ ਆਪ ਕੇ ਪ੍ਰਮਾਣੀਕ ਸਿੱਖ ਭਾਈ ਅਵਤਾਰ ਸਿੰਘ "ਖਾਲਸਾ ਸੁਧਾਰ ਤਰੂ ਦੀ ਅੱਠ ਵੀਂ ਸੋਚੀ" ਸਫਾ ੪੪੫ ਔਰ ੪੪੯ ਔਰ ੪੫੦ ਪਰ ਆਪਕੀ ਗੁਰ ਮ੍ਰਯਾਦਾ (ਅਨੰਦ ਬਿਵਾਹ) ਰੀਤੀ ਕੋ ਪਾਪਦਾਈ ਸਿਧ ਕਰਤੇ ਹੈਂ ॥

**ਵੈਦ** ਸਫਾ ੧੧ ਸਤਰ ੨੦ ਸੇ ੨੪ ਤਕ। ਅਜੀਆਂ ਨੇ ਹਿੰਦੂਆਂ ਦੀ ਮੌਜੂਦਾ ਪ੍ਰਚਲਤ ਰੀਤੀਆਂ ਤੋਂ ਭਿੰਨ ਰੀਤੀਆਂ ਜਿਨਾਂ ਨੂੰ "ਵੇਦ ਰੀਤੀਆਂ" ਕੈਂਹਦੇ ਹਨ ਕਿਉਂ ਕੱਢੀਆਂ ਹਨ ਫਿਰ ਵਰਤਮਾਨ ਆਪ ਦੇ "ਸਨਾਤਨ ਹਿੰਦੂ ਧਰਮੀ" ਏਨਾਂ ਵਿਚ ਵੇਦ ਮੰਤ੍ਰ ਵੇਦ ਪ੍ਰਮਾਣ ਹੁੰਦਿਆਂ ਭੀ ਏਨਾਂ ਤੋਂ ਦੂਰ ਕਿਉਂ ਨੱਠਦੇ ਹਨ ॥

**ਉਤ੍ਰ** ਵੈਦ ਜੀ ਆਰਯ ਸਮਾਜੀ ਔਰ ਸਨਾਤਨ ਧਰਮੀਓਂ ਮੇਂ ਫਰਕ ਇਤਨਾ ਹੈ ਕਿ ਸਨਾਤਨ ਧਰਮੀਓਂ ਕੀ ਬਿਵਾਹ ਪੱਧਤੀ ਅਨੇਕ ਰਿਖੀ ਪ੍ਰਣੀਤ ਹੈ। ਆਰਯ ਸਮਾਜੀਓਂ ਕੀ ਬਿਵਾਹ ਪੱਧਤੀ ਸ੍ਵਾਮੀ ਦਯਾ ਨੰਦ ਜੀ ਕੀ ਸ੍ਵੇ ਇਛਾ ਪ੍ਰਣੀਤ ਹੈ ਔਰ ਸਨਾਤਨ ਧਰਮੀਓਂ ਕੀ ਬਿਵਾਹ ਪੱਧ ਤੀ "ਪਤਿਬ੍ਰਤ" ਧਰਮਕੋ ਦ੍ਰਿੜ੍ਹਾਨੇ ਵਾਲੀ ਹੈ। ਆਰਯਸਮਾਜੀਓਂ ਕੀ ਬਿਵਾਹ ਪੱਧਤੀ ਨਿਯੋਗਾਦੀ ਬਿਭਚਾਰ ਕਾ ਬੀਜ ਫੈਲਾਨੇ ਵਾਲੀ ਹੈ ॥ ਯਥਾ—ਸ੍ਵਾਮੀ ਦਯਾਨੰਦ ਕ੍ਰਿਤ ਦੇਖੋ ਤੀਸਰੀ ਬਾਰ ਕੀ ਛਪੀ ਸੰਸਕਾਰ ਵਿਧੀ ਸਫਾ ੧੨੫ ਸਤਰ ੨੬ ਔਰ ਸਫਾ ੧੪੬ ਸਤਰ ੨੦ ਬਿਵਾਹ ਪ੍ਰਕਰਣ ਮੇਂ ਨਿਯੋਗ ਸ੍ਵਾਮੀ

Sri Satguru Jagjit Singh Ji Elibrary NamdhariElibrary@gmail.com

ਦਯਾਨੰਦ ਜੀ ਨੇ ਆਪਨੀ ਅਨਰਥਕਾਰੀ ਬੁਧਿ ਸੇ ਲਿਖ ਮਾਰਾ ਹੈ ਜੋ ਕਵਾਰੀ ਕੋ ਏਕ ਪਤੀ ਔਰ ਬਿਧਵਾਕੇ ਲੀਏ ਗਿਆਰਾਂ ੧੧ ਪਤੀ ਜੋ ਇਸਤ੍ਰੀ ਗਿਆਰਾਂ ਬਾਰ ਵਿਧਵਾ ਹੋ ਜਾਏ ਤੋ ਏਕ ਸੌ ਇੱਕੀ ੧੨੧ ਪਤੀਓਂ ਤਕ ਗਣਨਾ ਪਹੁੰਚ ਜਾਤੀ ਹੈ। ਮਿਤਰੋ ਏਸ ਵਾਸਤੇ ਸਨਾਤਨ ਧਰਮੀ ਇਨਾਂਤੋਂ ਦੂਰ ਨੱਠਦੇ ਹਨ॥

**ਵੈਦ** ਸਫਾ ੧੨ ਸਤਰ ੩ ਸੇ ੭ ਤਕ। ਵਰਤਮਾਨ ਸਨਾਤਨ ਹਿੰਦੂ ਰੀਤੀ ਵਿਚ ਨਵਗ੍ਰਹਿ ਆਦਿ ਪੂਜਾ ਜੋ ਹੈ ਸੋ ਵੇਦ ਭਗਤ ਦਸਦੇ ਹਨ ਕਿ ਇਹ ਵੇਦ ਪ੍ਰਤਿਕੂਲ (ਵੇਦਾਂ ਦੇ ਉਲਟ) ਹੈ ਤਾਂਤੇ ਗੁਰੂ ਸਾਹਿਬਾਂ ਦੇ ਬਿਵਾਹ ਵੇਦ ਰੀਤੀ ਨਹੀਂ ਹੋਏ ਇਹ ਤਾਂ ਪ੍ਰਤੱਖ ਹੈ॥

**ਉਤ੍ਰ** ਵੇਦ ਜੀ ਵਰਤਮਾਨ ਸਨਾਤਨ ਹਿੰਦੂ ਰੀਤੀ ਮੇਂ ਨਵਗ੍ਰਹਿ ਆਦਿ ਪੂਜਾ ਵੇਦ ਅਨਕੂਲ ਹੈ ( ਸੂਰਜੋ ਦੇਵਤਾ ਚੰਦ੍ਰਮਾ ਦੇਵਤਾ) ਰਿਗ ਵੇਦਾਦਿ ਮੇਂ ਲਿਖੇ ਅਨੁਸਾਰ ੧ ਸੂਰਜ ੨ ਚੰਦ੍ਰ ੩ ਮੰਗਲ ੪ ਬੁੱਧ ੫ ਬ੍ਰਹਸ ਪਤੀ ੬ ਸ਼ੁਕ੍ਰ ੭ ਸ਼ਨੀ ੮ ਰਾਹ ੯ ਕੇਤੂ ਆਦਿ ਦੇਵਤਾ ਹੈਂ ਜਿਨਕੇ ਪੂਜਨ ਕੀ ਆਗਿਆ ਹੈ ਓਹ ਗੁੰਮ ਨਾਮੀ ਵੇਦ ਭਗਤ ਕੌਣ ਹੈ ਜੋ ਨਵਗ੍ਰਹਿ ਪੂਜਨ ਵੇਦ ਪ੍ਰਤੀਕੂਲ ਦਸਣ ਜੋ ਸ਼ਬਦ ਪ੍ਰਮਾਣ ਹੈ ਔਰ ਆਪ ਪ੍ਰਤੱਖ ਬਤਲਾਤੇ ਹੋ ਇਤ ਨਾ ਤੋ ਆਪਕੋ ਬੋਧ ਨਹੀਂ ਵੈਸਾ ਹੀ ਆਪਕੇ ਗੁੰਮ ਨਾਮੀ ਵੇਦ ਭਗਤਕੋ ਬੋਧ ਹੋਗਾ ਜਿਸਪਰ ਆਪ ਝੂਠੇ ਲੇਖ ਲਿਖ ਰਹੇ ਹੋ॥

**ਵੈਦ** ਸਫਾ ੧੨ ਸਤਰ ੭ ਸੇ ੧੩ ਤਕ। ਬਾਕੀ ਰਹੀ ਪੌਰਾਣਕ ਰੀਤੀ ਜੋ ਅਜਕਲ ਜਾਰੀ ਹੈ ਜਿਸਨੂੰ ਹਿੰਦੂ ਰੀਤੀ ਕੈਂਹਦੇ ਹਨ ਉਸ ਰੀਤੀ ਅਨੁਸਾਰ ਵਿਚਾਰ ਕਰਨ ਤੇ ਦੋ ਬਾਤਾਂ ਹਨ। ਪਹਿਲੀ ਤਾਂ ਇਹ ਹੈ ਕਿ ਗੁਰੂ ਅੰਗਦ ਦੇਵ ਜੀ ਜਦ ਸਿਖੀ ਵਿਚ ਆਏ ਸਨ ਉਸਤੋਂ ਪਹਿਲੇ ਹੀ ਵਿ-ਵਾਹਿਤ ਸੇ ਇਸੀ ਤਰਾਂ ਤੀਸਰੇ ਸਤਿਗੁਰੂ ਜੀ। ਆਪ ਉਨਹਾਂ ਦੇ ਵਿਵਾਹ ਨੂੰ ਕੀਕੂੰ ਨਜੀਰ ਪੇਸ਼ ਕਰ ਸਕਦੇ ਹੋ॥

**ਉਤ੍ਰ** ਵੇਦ ਜੀਕੋ ਵਰਤਮਾਨ ਪੌਰਾਣਕ ਹਿੰਦੂ ਰੀਤੀ ਅਨੁਸਾਰ ਗੁਰੂ ਅੰਗਦ ਅਰ ਗੁਰੂ ਅਮਰ ਦਾਸ ਜੀਕਾ ਵਿਵਾਹ ਹੂਆ ਮਾਨਨਾ ਪੜਾ ਤਥਾਪਿ ਨਜ਼ੀਰ ਪੇਸ਼ ਕਰਨੇ ਸੇ ਘਬਰਾਤੇ ਹੈਂ। ਵੇਦ ਜੀ ਦੂਸਰਾ ਤੀਸਰਾ ਗੁਰੂ ਬੇਨਜ਼ੀਰ (ਫਾਲਤੂ) ਪੁਰਖ ਹੈਂ? ਨਹੀਂ ੨ ਯਿਹ ਆਪਕਾ ਮੂਰਖ ਪਨ ਹੈ ਕਿਉਂ ਕਿ ਦਸੋਂ ਗੁਰੂ ਏਕ ਰੂਪ ਹੈਂ ਉਨਕੀ ਨਜ਼ੀਰ ਜ਼ਰੂਰ ਮਾਨਨੇ ਲਾਯਕ ਹੈ ਕਜੋਂ ਕਿ ਉਨ ਮੇਂ ਪ੍ਰਿਥਮ ਸੇ ਹੀ ਕਰਾਮਾਤ ਥੀ ਤਦ ਹੀ ਗੁਰੂ ਬਨੇ ਔਰ ਕੋਈ ਕਿਉਂ ਨਾ ਬਨੇ॥

**ਵੈਦ** ਸਫਾ ੧੨ ਸਤਰ ੧੩ ਸੇ ੧੭ ਤਕ॥ ਦੂਸਰੀ ਵਿਚਾਰ ਇਹ ਹੈ ਕਿ ਆਪ ਸਤਿਗੁਰਾਂ ਨੂੰ ਅਲਪੱਗ ਮੰਨਦੇ ਹੋ ਕਿ ਸਰਵੱਗ। ਕਰਨੀ ਤੇ ਕਹਿਨੀ ਦੇ ਇਕ ਮੰਨਦੇ ਹੋ ਕਿ ਦੋ। ਜੇਕਰ ਗੁਰੂ ਸਾਹਿਬ ਜੀ ਕਥਨੀ ਦੇ ਹੋਰ ਤੇ ਕਰਨੀ ਦੇ ਹੋਰ ਸਨ ਤਦ ਗੁਰੂ ਪਦ ਊਨ੍ਹਾਂ ਲਈ ਨਹੀਂ

ਰਹਿ ਸਕਦਾ ॥

**ਉਤ੍ਰ** ਵੈਦ ਜੀ ਗੁਰੂ ਸਾਹਿਬੋਂ ਕੋ ਹਮ ਭਗਤ ਔਰ ਭਗਤੀ ਰੂਪ ਮਾਨਤੇ ਹੈਂ ਜੋ ਗੁਰੂ ਸਾਹਿਬੋਂ ਕੇ ਲੇਖਸੇ ਹੀ ਪ੍ਰਗਟਹੈ ਕਿਉਂਕਿ ਗੁਰੂਓਂ ਨੇ ਕਬੀਰ ਆਦਿ ਭਗਤੋਂ ਕੇ ਸਦ੍ਰਿਸ਼ ਬਾਣੀ ਉਚਾਰਣ ਕੀ ਹੈ ਦੇਖੋ ਨ-ਸ਼ੀਰ ਗੁਰੂ ਗ੍ਰੰਥ ਸਾਹਿਬ॥ ਕਰਨੀ ਔਰ ਕਹਿਨੀ ਕੀ ਬਾਬਤ ਉਤ੍ਰ ਯੇਹ ਹੈ ਦੋ ਮਾਰਗ (ਪਰਵਿਰਤੀ ਔਰ ਨਵਿਰਤੀ) ਹੈਂ ਗੁਰੂ ਸਾਹਿਬ ਦੋਨੋਂ ਕੇ ਪੂਰੇ ਹੈਂ ਪਰਵਿਰਤੀ ਸੰਸਾਰਕ ਕਾਰਜ ਬਿਵਾਹਾਦਿਮੇਂ ਸੰਸਾਰ ਜੈਸੇ ਗੁਰੂਨਾਨਕ ਅੰਗਦ ਅਮਰਦਾਸ ਕਾ ਬਿਵਾਹ ਸਨਾਤਨ ਹਿੰਦੂ ਰੀਤੀ ਸੇ ਹੂਏ ਖੁਦ ਮਾਨ ਚੁਕੇ ਹੋ। ਨਵਿਰਤੀ ਪਰਲੋਕ ਕੇ ਲੀਏ ਗੁਰੂ ਸਾਹਿਬੋਂ ਕਾ ਭਗਤੀ ਮਾਰਗ ਥਾ ਸੋ ਗ੍ਰੰਥ ਸਾਹਿਬ ਭਗਤੀ ਮਾਰਗ ਕਾ ਭਜਨ ਪੁਸਤਕ ਹੈ ਧਰਮ ਪੁਸਤਕ ਨਹੀਂ ॥

**ਵੈਦ** ਸਫਾ ੧੨ ਸਤਰ ੨੩ਸੇ੨੪"(ਓ) ਸਾਹਾ ਗਣੈ ਨ ਕਰਹਿਵੀਚਾਰ। ਸਾਹੇ ਊਪਰ ਏਕੰਕਾਰ" ਸਫਾ ੧੩ ਸਤਰ ੭ ਸੇ ੯ ਤਕ। ਹੁਣ ਹਿੰਦੂ ਧਰਮਦੇ ਵਿਵਾਹ ਦਾ ਪਹਿਲਾ ਅੰਗ ਸਾਹਾ ਗਿਨਣਾ ਹੈ ਜਦ ਗੁਰੂ ਜੀ ਨੇ ਸਾਹੇ ਗਿਨਣਤੋਂ ਹੋੜ ਦਿੱਤਾ ਤਦ ਇਸਰੀਤੀਦਾ ਪਹਿਲਾ ਪੈਰਕਟਗਿਆ।

**ਉਤ੍ਰ** ਵੈਦ ਜੀ "ਸਾਹਾ ਗਣੈ ਨ ਕਰਹਿ ਵੀਚਾਰ" ਆਦਿ ਸ਼ਬਦ ਮੇਂ ਨਕਾਰ ਦੇਹਲੀ ਦੀਪਕ ਨਜਾਇ ਸੇ ਦੋ ਅਰਥ ਮੇਂ ਭਾਸਤਾ ਹੈ ਔਰ ਗੁਰੂ ਜੀ ਸਾਹਾ (ਲਗਨ) ਪੰਡਿਤ ਪਾਂਧੇ ਦੁਵਾਰਾ ਗਿਨਣਕਾ ਹੁਕਮਦੇਤੇ ਹੈਂ।"ਆਇਆ ਲਗਣ ਗਣਾਇ ਹਿਰਦੈ ਧਨ ਓਮਾਹੀਆਬਲਿਰਾਮਜੀਉ। ਪੰਡਿਤ ਪਾਂਧੇ ਆਣ ਪਤੀ ਬਹਿ ਵਾਚਾਈਆ ਬਲਿਰਾਮ ਜੀਉ। ਸੰਬਤ ਸਾਹਾ ਲਿਖਿਆ ਮਿਲ ਕਰ ਪਾਵਹੁ ਤੇਲ" ( ਆਦਿ ਗੁਰੂ ਗ੍ਰੰਥ ਸਾਹਿਬ ਰਾਗ ਸੂਹੀ ਮਹਲਾ੪ਛੰਤਸ਼ਬਦ੧ ਤੁਕ੪) ਵੈਦਜੀ ਹਿੰਦੂਰੀਤੀਦਾ ਪੈਰ ਤਾਂ ਨਹੀਂ ਕੱਟਿਆ ਆਪਕੀ ਮੂਰਖਤਾ ਕਾ ਸਿਰ ਜਰੂਰ ਕਟ ਗਿਆ ਜੋ ਆਪਕੀ ਮੂਰਖਤਾਸੇ ਗੁਰੂ ਗ੍ਰੰਥ ਸਾਹਿਬ ਮੇਂ ਪਰਸਪਰ ਵਿਰੋਧ ਆਤਾ ਹੈ ਜੋ ਨਹੀਂ ਚਾਹੀਏ ॥

**ਵੈਦ** ਸਫਾ ੧੩ ਸਤਰ ੨੧ ਸੇ ੨੪ ਤਕ। ( ਅ ) ਚਲੋ ਅੱਗੇ ਚਲੋ। ਹਿੰਦੂ ਰੀਤੀ ਵਿਚ ਨਵਗ੍ਰਹਿ ਪੂਜਾ ਜਰੂਰੀ ਅੰਗ ਹੈ। ਨਵਾਂਗ੍ਰਹਾਂ ਦੀ ਪੂਜਾ ਮੂਰਤੀ ਪੂਜਾ ਹੈ। ਮੂਰਤੀ ਪੂਜਾ ਦਾ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਖੰਡਨ ਕੀਤਾ ਹੈ ਜਿਸਪਰ ਕੋਈ ਝਗੜਾ ਨਹੀਂ ॥

**ਉਤ੍ਰ** ਵੈਦ ਜੀ ਹਿੰਦੂ ਵਿਵਾਹ ਰੀਤੀ ਮੇਂ ਨਵਗ੍ਰਹਿ ਪੂਜਨ ਜਰੂਰੀ ਅੰਗ ਹੈ ਸੋਈ ਗੁਰੂ ਸਾਹਿਬੋਂ ਕੇ ਬਿਵਾਹ ਪਰ ਨਵਗ੍ਰਹਿ ਪੂਜਨ ਹੂਈ ॥ ਯਥਾ—(੧) ਗੁਰੂ ਨਾਨਕਜੀ ਕੇ ਬਿਵਾਹ ਮੇਂ ਨਵਗ੍ਰਹਿ ਪੂਜਨ ਹੂਈ 'ਦਿਜ ਪੂਜ ਬਨਾਯਕ ਚੰਦਨ ਸੰਗਾ' (ਨਾਨਕ ਪ੍ਰਕਾਸ਼ ਅਧਯਾਇ ੨੨ ਕਵਤਾ ਅੰਗ ੨੫) (੨) ਗੁਰੂ ਹਰਿਗੋਬਿੰਦ ਜੀ ਕੇ ਬਿਵਾਹ ਮੇਂ ਨਵਗ੍ਰਹਿ ਪੂਜਨ ਹੂਈ 'ਪੂਜਤ ਨਵਗ੍ਰਹਿ ਗਣਪਤ ਅਗੇ' (ਗੁਰ ਪ੍ਰਤਾਪ ਸੂਰਜ ਰਾਸ ੪ ਅੰਸੂ

Sri Satguru Jagjit Singh Ji Elibrary NamdhariElibrary@gmail.com

੧੨ ਮੇਂ) (੩) ਗੁਰੂ ਤੇਗ ਬਹਾਦਰ ਜੀ ਕੇ ਬਿਵਾਹ ਮੇਂ ਨਵਗ੍ਰਹਿ ਪੂਜਨ ਹੂਈ 'ਗਣਪਤ ਸੁਰ ਪੂਜਨਕੀਨੇ' (ਗੁਰ ਪ੍ਰਤਾਪ ਸੂਰਜ ਰਾਸ ੮ ਅੰਸੂ ੬ ਮੇਂ)

(੪)ਸ੍ਰੀਗੁਰੂ ਗੋਬਿੰਦ ਸਿੰਘਜੀ ਕੇ ਬਿਵਾਹ ਮੇਂ ਨਵਗ੍ਰਹਿ ਪੂਜਨਹੂਈ 'ਨਵ ਗ੍ਰਹਿ ਸਫਲ ਹੋਨ ਹਿਤ ਦ੍ਵਿਜ ਬਨ ਹਰਜਸ ਕੇ ਗ੍ਰਹਿ ਆਇ ਗਯ' (ਗੁਰ ਪ੍ਰਤਾਪ ਪੰਥ ਪ੍ਰਕਾਸ਼ ਬਿਸ੍ਰਾਮ ੪੨) (੫) ਗੁਰੂ ਹਰਿਗੋਬਿੰਦ ਜੀ ਕੀ ਕੰਨਯਾ ਬੀਬੀ ਵੀਰੋ ਕੇ ਬਿਵਾਹ ਮੇਂ ਨਵਗ੍ਰਹਿ ਪੂਜਨ ਹੂਈ 'ਗਣਪਤ ਨਵਗ੍ਰਹਿ ਕੋ ਪੂਜਵਾਇ' (ਗ: ਪ੍ਰ: ਸੂਰਜ ਪ੍ਰਕਾਸ਼ ਰਾਸ ੬ ਅੰਸੂ ੧੯ ਮੇਂ) ॥

**ਨੋਟ** ਮਿਤ੍ਰ ਉਕਤ ਬੀਬੀ ਵੀਰੋ ਜੀ ਕਾ ਵਿਵਾਹ ਝਬਾਲ ਮੇਂ ਹੂਆ ਜੋ ਅੰਮ੍ਰਿਤਸਰਸੇ ੧੨ ਕੋਸ ਦੱਖਣ ਕੀ ਓਰਹੈ ਉਸ ਜਗਹ ਮਾਣਕ ਚੌਂਕ ਕਾ ਗੁਰਦੁਵਾਰਾ ਮੌਜੂਦ ਹੈ ਜਿਸਕਾ ਜੇਠ ਪ੍ਰਵਿਸ਼ਟੇ ੨੬ ਕੋ ਵੀਰੋ ਜੀ ਕੇ ਬਿਵਾਹ ਦਿਨ ਮੇਲਾ ਹੋਤਾ ਹੈ ਆਪ ਜੈਸੇ ਹਜਾਰੋਂ ਸਿਖ "ਮਾਣਕ ਚੌਂਕ" ਅਰਥਾਤ ਮੋਤੀਓਂ ਸੇ ਬਨੇ ਸੂਰਜ ਚੰਦਰ ਆਦਿ ਨਵਗ੍ਰਹਿ ਕੇ ਸਥਾਨ ਕੋ ਨਮਸਕਾਰ ਕਰਤੇ ਔਰ ਮੱਥੇ ਟੇਕਤੇ ਹੈਂ। ਰਹਾ ਮੂਰਤੀ ਪੂਜਨ ਬਾਬਤ ਉਤਰ (੧) ਖਾਸ ਸੁਲਤਾਨ ਪੁਰ ਰਿਆਸਤ ਕਪੂਰਥਲੇ ਸੇ ੧੫ ਕੋਸ ਪੱਛਮ ਕੀ ਓਰ ਗੁਰੂ ਨਾਨਕ ਸਾਹਿਬ ਜੀ ਕੀ ਹੱਟੀ ਸਾਹਿਬ ਹੈ ਉਸਮੇਂ ਗੁਰੂ ਨਾਨਕ ਜੀ ਕੇ ਹਾਥਕੇ ਥੱਟੇ ਮੌਜੂਦ ਹੈਂ ਜਿਨਕੋ ਆਪ ਜੈਸੇ ਅਨੇਕ ਸਿਖ ਮੱਥੇ ਟੇਕਤੇ ਅਰ ਚੜ੍ਹਾਵਾ ਚੜ੍ਹਾਤੇ ਹੈਂ॥ (੨) ਗੁਰੂ ਨਾਨਕ ਜੀ ਕਾ ਡੇਹਰਾ ਸਾਹਿਬ ਜ਼ਿਲਾ ਗੁਰਦਾਸ ਪੁਰ ਮੇਂ ਚੋਲਾ ਸਾਹਿਬ (ਗਲੇ ਮੇਂ ਪੈਹਰਨੇ ਕਾ ਬਸਤ੍ਰ) ਜੋ ਬਾਵਾ ਕਾਬਲਾਸਿੰਘ ਬੇਦੀ ਔਰ ਉਸਕੀ ਸੰਤਾਨ ਮੇਲੇ ਮੇਂ ਸਰਬ ਸੰਗਤੋਂ ਕੋ ਦਰਸ਼ਨ ਕਰਾਤੇ ਹੈਂ ਔਰ ਚੜ੍ਹਾਵਾ ਲੇਤੇ ਹੈਂ॥ (੩) ਮਦੂ ਗ੍ਰਾਮ ਮੇਂ ਗੁਰੂ ਅਮਰਦਾਸ ਜੀ ਕਾ ਪਲੰਘ ਗਿਲਗੋਤ੍ਰੀ ਜਿਮੀਂਦਾਰੋਂ ਕੇ ਘਰ ਮੇਂ ਹੈ ਆਪ ਜੈਸੇ ਸਰਬ ਸਿਖ ਉਸ ਪਲੰਘ ਕੀ ਪੂਜਾ ਕਰਤੇ ਔਰ ਚੜ੍ਹਾਵਾ ਚੜ੍ਹਾਤੇਹੈਂ॥ (੪)ਪਟਨੇ ਸਾਹਿਬ ਮੈਨੀ ਸੰਗਤ ਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਬਾਲਕ ਅਵਸਥਾ ਕੇ ਮੌਜੇ (ਚਮੜੇ ਕੇ ਜੂਤੇ) ਪੜੇ ਹੈਂ ਤਿਸ ਚਰਮ ਕੇ ਆਪ ਜੈਸੇ ਅਨੇਕ ਸਿਖ ਦਰ ਸ਼ਨ ਕਰਤੇ ਹੈਂ॥ (੫) ਪਟਨਾ ਸਾਹਿਬ ਹਾਂਡੀ ਵਾਲੀ ਸੰਗਤ ਮੇਂ ਗੁਰੂ ਗੋਬਿੰਦ ਸਿੰਘ ਜੀ ਕੋ ਬਾਲਕ ਅਵਸਥਾ ਮੇਂ ਇਕ ਮਾਈ ਨੇ ਹਾਂਡੀ ਮੇਂ ਪਕਾ ਕਰ ਖਿਚੜੀ ਖੁਲਾਈ ਥੀ। ਆਪ ਜੈਸੇ ਅਨੇਕ ਸਿਖ ਮਹਾਤਮ ਸਮਝ ਦਰਸ਼ਨ ਕਰ ਤੇ ਹੈਂ॥ (੬) ਅੰਮ੍ਰਿਤਸਰ ਅਕਾਲ ਬੁੰਗਾ, ਸ੍ਰੀ ਅਬਚਲ ਨਗਰ ਸਾਹਿਬ ਆਦਿ ਗੁਰਦੁਵਾਰੋਂ ਮੇਂ ਗੁਰੂ ਗੋਬਿੰਦ ਸਿੰਘ ਜੀ ਆਦੀਓਂ ਕੇ ਹਾਥਕੇ ਸ਼ਸਤ੍ਰੋਂ ਕੀ ਖੋੜਸੋਪਚਾਰ ਪੂਜਨ ਹੋਤੀ ਹੈ ਅਰਥਾਤ "ਧੂਪ ਦੀਪ ਆਰਤੀ" ਆਦਿ ਔਰਉਨਸ਼ਸਤ੍ਰੋਂ ਕੇ ਸ਼ਨਾਨਕਾ ਜਲ ਲੋਗੋਂ ਕੋ ਚਰਨਾਮ੍ਰਿਤ ਮਿਲਤਾਹੈ ਜੋ ਆਪ ਜੈਸੇ ਅਨੇਕ ਸਿਖ ਲੇਤੇ ਹੈਂ। (੭) ਬਾਬਾ ਅਟਲ ਕੇ ਪੱਥਰ ਇੱਟੋਂ ਸੇ ਬਨੇ ਗੁਰਦੁਆਰੇ ਕੀ ਆਪਜੈਸੇ ਅਨੇਕਸਿਖਮੁੱਠੀਚਾਪੀ ਆਦਿਕਕਰ ਪੂਜਨ ਕਰਤੇ

Sri Satguru Jagjit Singh Ji Elibrary NamdhariElibrary@gmail.com

ਹੈਂ ॥ (੮) ਸਰਹੰਦ ਕੇ ਸਮੀਪ ਫਤੇ ਗੜ੍ਹ ਮੇਂ ਗੁਰਦੁਵਾਰਾ "ਜੋਤੀ ਸਰੂਪ" ਜਿਸਮੇਂ ਗੁਰੂ ੧੦ ਜੀ ਕੇ ਦੋ ਪੁਤ੍ਰ ( ਜੁਝਾਰ ਸਿੰਘ ਫਤੇ ਸਿੰਘ ਔਰ ਮਾਤਾ ਗੂਜਰੀਜੀ) ਤੀਨੋਂਕੀ ਸਮਾਧ ਬਨੀਹੈ ਆਪ ਜੈਸੇ ਅਨੇਕ ਸਿਖਦਰਸ਼ਨ ਕਰਤੇ ਔਰ ਚੜ੍ਹਾਵਾ ਚੜ੍ਹਾਤੇ ਹੈਂ ॥ (੯) ਆਪਕੇ ਵੈਦ ਭਗਤੋਂ ਕਾ ਧਰਮ ਗ੍ਰੰਥ ਸ੍ਵਾਮੀ ਦਯਾਨੰਦ ਕ੍ਰਿਤ ਚੌਥੀ ਬਾਰ ਕਾ ਛਪਾ ਸਤਯਾਰਥ ਪ੍ਰਕਾਸ਼ ਸਫਾ ੩੫੯ ਸਤਰ ੧੨ ਸੇ ੧੬ ਤਕ। "ਵਿਸ਼ੇਖ ਗ੍ਰੰਥ ਕੀ ਪੂਜਾ ਕਰਤੇ ਹੈਂ। ਕਿਆ ਯੇਹ ਮੂਰਤੀ ਪੂਜਾ ਨਹੀਂ ਹੈ ਕਿਸੀ ਜੜ੍ਹ ਪਦਾਰਥ ਕੇ ਸਾਮਨੇ ਸਿਰ ਝੁਕਾਨਾ ਵਾ ਉਸਕੀ ਪੂਜਾ ਕਰਨੀ ਸਬ ਮੂਰਤੀ ਪੂਜਾ ਹੈ ਜੈਸੇ ਮੂਰਤੀ ਵਾਲੋਂ ਨੇ ਅਪਨੀ ਦੁਕਾਨ ਜਮਾਕਰ ਜੀਵਕਾ ਠਹਰਾਈ ਹੈ ਵੈਸੇ ਹੀ ਇਨ ਲੋਗੋਂ ਨੇ ਕਰਲੀ ਹੈ ਜੈਸੇ ਪੂਜਾਰੀ ਲੋਕ ਮੂਰਤੀ ਕਾ ਦਰਸਨ ਕਰਾਤੇ ਭੇਟ ਚੜ੍ਹਾਤੇ ਹੈਂ ਵੈਸੇ ਨਾਨਕ ਪੰਥੀ ਲੋਗ ਗ੍ਰੰਥ ਕੀ ਪੂਜਾ ਕਰਤੇ ਕਰਾਤੇ ਭੇਟ ਭੀ ਚੜ੍ਹਾਤੇ ਹੈਂ" ਲੌ ਆਪਦੇ ਤੱਤ ਖਾਲਸਾਦੇ ਮੁਰੈਲੀਓਂਕੀ ਕਲਈ ਖੋਲਤੇ ਹੈਂ ਕਿ ਰਸਾਲੇ ਹਮ ਹਿੰਦੂ ਨਹੀਂ ਕੇ ਕਰਤਾ ਕਾ ਛੋਟਾ ਭਾਈ ਜੋ ਆਪਭੀ ਪੱਕਾ ਤੱਤਖਾਲਸਾਹੈ ਗੁਰਦੁਵਾਰੇ ਸਾਹਿਬ ਦਾ ਗ੍ਰੰਥੀ ਦਸਮ ਗੁਰੂ ਦੇ ਚੋਲੇ ਸਾਹਿਬ ਦੀ ਪੂਜਾ ਕਰਦਾ ਤੇ ਚੜ੍ਹਾਵਾ ਲੈਂਦਾ ਔਰ ਗੁਰੂ ਗੋਬਿੰਦ ਸਿੰਘ ਜੀ ਦੀ ਪਥਰ ਦੀ ਮੂਰਤੀ ਤੇ ਸ਼ਸਤ੍ਰਾਂ ਦੀ ਪੂਜਾ ਕਰਦਾ ਤੇ ਚੜ੍ਹਾਵਾ ਲੈਂਦਾਹੈ। ਅਬ ਹਮ ਇਤਨਾ ਹੀ ਪੂਛਤੇ ਹੈਂ ਕਿ ਲੋਗੋਂ ਕੇ ਲੀਏ ਤੋ ਪੋਥੇ ਬਨਾ ਬਨਾ ਕਾਗਜ਼ਕਾਲੇ ਕਰਨੇ ਔਰ ਆਪ ਧਨ ਕੇ ਲੋਭ ਮੇਂ ਸਭ ਕੁਛ ਕਰਨਾ ਕਿਆ ਯੇਹ ਸਿੱਖੀ ਧਰਮ ਹੈ ਯਾ ਹਾਥੀ ਕੇ ਦਾਂਤੋਂ ਵਤ ਖਾਨੇ ਕੇ ਔਰ ਦਿਖਾਨੇ ਕੇ ਔਰ ॥ (੧੦) ਵੈਦ ਜੀ ਮੂਰਤੀ ਪੂਜਨ ਕੀ ਬਾਬਤ ਬਿਸੇਖ ਕਲਈ ਖੁਲੀ ਹੁਈ ਦੇਖਨੀ ਚਾਹੋ ਤੋ ਮੇਰੀ ਬਨਾਈ ਪੁਸਤਕ "ਨ-ਵੀਨ ਸਿੰਘ ਮਤ ਮਰਦਨ ਬੱਜਰ" ਅਧਯਾਇ ੫ ਦੇਖੋ ਜਿਸ ਮੇਂ ਸਿਧ ਕਰ ਦਿਖਾਯਾ ਹੈ ਕਿ ਸਿੰਘ ਸਭੀਏ ਬੇਰੀ, ਨਿੰਮ, ਪੀਪਲ ਆਦਿ ਅਨੇਕ ਜੜ ਪਦਾਰਥੋਂ ਕੀ ਗੁਰੁਹੁਕਮਾਨੁਸਾਰ ਪੂਜਨ ਕਰਤੇ ਹੈਂ ॥

**ਵੈਦ** ਸਫਾ ੧੪ ਸੇ ੧੬ ਤਕ। ਮੂਰਖਤਾ ਸੇ ਅਨੰਨਜ ਗੁਰੂ ਭਗਤੀ ਕੇ ਛੇ ਪਰਮਾਣੋਂ ਕੋ ਨਵਗ੍ਰਹਿ ਆਦਿ ਖੰਡਨ ਮੇਂ ਲਿਖਾ ਹੈ ਕਿ ਸੂਰਜ ਚੰਦ੍ਰ ਨਵਗ੍ਰਹੋਂ ਕੀ ਪਰਮਪਰਾ ਸੇ ਗੁਰਮਤ ਮੇਂ ਨਿਸ਼ੇਧੀ ਹੈ ॥

**ਉਤ੍ਰ** ਵੈਦ ਜੀ ਆਪਕੇ ਅੰਤਮ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਜਾਪ ਸਾਹਿਬ ਮੇਂ ਨਵਗ੍ਰਹੋਂ ਕੇ ਮੁਖਯ ਸੂਰਜ ਚੰਦ੍ਰਮਾ ਕੋ ਨਮਸਕਾਰ ਕਰਤੇ ਹੈਂ ॥ ਯਥਾ--"ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ" ( ਜਾਪ ਪੌੜੀ ੪੭) "ਨਮੋ ਸੂਰਜ ਸੂਰਜੇ ॥ ਨਮੋ ਚੰਦ੍ਰ ਚੰਦ੍ਰੇ" ( ਜਾਪ ਪੌੜੀ ੧੯੪ ) ਵੈਦ ਜੀ ਯਦਿ ਗੁਰਮਤ ਮੇਂ ਨਵਗ੍ਰਹੋਂ ਕੀ ਨਿਸ਼ੇਧੀ ਹੋਤੀ ਤੋ ਗੁਰੂ ੧੦ ਸਾਹਿਬ ਸੂਰਜ ਚੰਦ੍ਰਮਾ ਕੋ ਨਮਸਕਾਰ ਜੋ ( ਨਵਗ੍ਰਹਿ ਪੂਜਨ ਕਾ ਪਹਿਲਾ ਅੰਗ)ਹੈ ਕਿਉਂ ਕਰਤੇ। ਰਹਾ ਜੋਤਸ਼ ਵਗੈਰਾ ਰਾਸ਼ੋਂ ਕੀ ਬਾਬਤ ਸੋ ਸਫੇ ੨੩ ਆਪਕੇ

Sri Satguru Jagjit Singh Ji Elibrary NamdhariElibrary@gmail.com

ਪ੍ਰਮਾਣੀਕ ਸੂਰਜ ਪ੍ਰਕਾਸ਼ ਗ੍ਰੰਥ ਕੋ ਦੇਖੋ ਗੁਰਮਤ ਕੇ ਵਿਦਵਾਨ ਭਾਈ ਸੰਤੋਖ ਸਿੰਘ ਜੀ ਨੇ ਜੋਤਸ਼ ਕੀ ਪ੍ਰਕ੍ਰਿਯਾ ਪਰ ਦਸੋਂ ਗੁਰੂ ਸਾਹਿਬੋਂ ਕਾ ਇਤਿਹਾਸ ਲਿਖਾ ਹੈ। ਨਾਮ ਸੂਰਜ ਪ੍ਰਕਾਸ਼ ਉਸਮੇਂ ਬਾਰਾਂ ਰਾਸਾਂ ਛੇ ਰੁਤਾਂ ਦੋ ਅਯਨ ਸਾਰੀ ਕੀ ਸਾਰੀ ਜੋਤਸ਼ਮਾਨੀ ਹੂਈਹੈ ਜੋ ਆਪਕੇ ਪੰਥਮੇਂ ਸਦੈਵਜਾਰੀਰਹੇਗੀ॥

**ਵੈਦ** ਸਫਾ ੧੬ ਸਤਰ ੧੦ ਸੇ ੧੨ ਤਕ। ਜੇ ਦੂਸਰੇ ਗ੍ਰੰਥਾਂ ਵਲ ਆਓ ਤਦ ਛੇਵੇਂ ਸਤਗੁਰਾਂ ਦੇ ਗੁਰ ਬਿਲਾਸ ਵਿਚ ਸਪਸ਼ਟ ਹੁਕਮ ਹੈ ਕਿ--ਤਿਆਗ ਲਗਨ ਅਰਦਾਸ ਕਰਾਇ॥

**ਉਤ੍ਰ** ਵੈਦ ਜੀ ਝੂਠ ਲਿਖਨੇ ਔਰ ਬੋਲਨੇ ਕਾ ਕੁਛ ਪਾਪ ਨਹੀਂ ਸਮਝਤੇ "ਕੂੜਬੋਲ ਮੁਰਦਾਰ ਖਾਇ" ਗ੍ਰੰਥ ਸਾਹਿਬਮੇਂ ਝੂਠਕਾ ਪਾਪ ਹੈ ਕਿਉਂਕਿ ਉਕਤ ਪ੍ਰਮਾਣ ਛੇਵੀਂ ਪਾਤਸ਼ਾਹੀ ਮੇਂ ਨਹੀਂ ਮਿਲਤਾ ਬਲਕਿ ਦੇਖੋ "ਗੁਰਬਿਲਾਸ ਛੇਵੀਂ ਪਾਤਸ਼ਾਹੀ" ਮੇਂ ਵੈਦ ਜੀ ਕੋ ਝੂਠਾ ਕਰਨੇ ਵਾਲੇ ਸਾਹਾ (ਲਗਨ) ਹਿੰਦੂ ਰੀਤੀ ਸੇ ਮਾਨਨੇ ਕਾ ਹੁਕਮ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਕੇ ਪ੍ਰਥਮ ਬਿਵਾਹ ਮੇਂ ਗੌਧੂਲੀ ਲਗਨ ਥਾ। "ਦਾਸ ਨਰਾਇਣ ਘਰੇ ਸਿਧਾਯੋ॥ ਗੁਰ ਅਰਜਨ ਜਨਵਾਸੇ ਆਯੋ॥ ਨਰਾਇਣ ਦਾਸਕੋ ਬਿਪ੍ਰਨ ਕਹਾ॥ ਗੋ ਧੂਲ ਬਿਮਲ ਬੇਲਾ ਹਮ ਲਹਾ॥" ਔਰ ਦੇਖੋ ਉਕਤ ਗੁਰਬਿਲਾਸ ਸਫਾ ੯੭ ਔਰ ੨੦੩ ਔਰ ੨੭੨ ਔਰ ੫੧੯ ਪਰ ਲਗਨੋਂ ਸੈਹਤ ਸਾਹੇ ਚਿੱਠੀਏਂ ਲਿਖੀ ਹੈਂ॥

**ਵੈਦ** ਸਫਾ ੧੬ ਸਤਰ ੧੯ ਸਫਾ ੧੯ ਤਕ। ਵਰਤਮਾਨ ਮਰਦਮ ਸ਼ੁਮਾਰੀ ਕੀ ਰਪੋਟ ਸੇ ੪੯ ਲਖ ੬੪ ਹਜਾਰ ੩ ਸੌ ੧੭ ਹਿੰਦੂ ਵਿਧਵਾ ਹੈਂ ਜਿਨਾਂਦੇ ਦੁਖ ਨਾਲ ਵੈਦ ਜੀਨੇ ਆਪਨਾ ਹ੍ਰਿਦਯ ਫਟਨਾ ਲਿਖਾ ਹੈ। ਇਤਿਆਦਿ॥

**ਉਤ੍ਰ** ਵੈਦ ਜੀ ਆਪ ਆਪਨੇ ਲਿਖੇ ਟ੍ਰੈਕਟ "ਗੁਰਮਤ ਗੌਰਵਤਾ" ਸਫਾ ੨ ਸਤਰ ੬ ਸੇ ੨੦ ਤਕ। ਕਰਮਦੇ ਫਲ ਨੂੰ ਮੁਖ ਮੰਨਿਆ ਹੈ॥ ਯਥਾ-"ਸੱਜਨੋਂ ਇਸ ਬਾਤਨੂੰ ਕੌਣ ਨਹੀਂ ਜਾਣਦਾ ਕਿ ਜੋ ਜੋ ਜੀਵਾਂ ਦੇ ਭਾਗਾਂ ਵਿਚ ਸੁਖ ਦੁਖ ਲਿਖਿਆ ਹੁੰਦਾ ਹੈ ਉਸਦਾ ਫਲ ਜਰੂਰ ਭੋਗਣਾ ਪੈਂਦਾ ਹੈ ਪ੍ਰਾਰਬਧ ਦੇ ਚਲੇ ਹੋਏ ਤੀਰ ਨੂੰ ਸਾਧਾਰਣ ਤੋ ਕੋਈ ਨਹੀਂ ਰੋਕ ਸਕਦਾ। ਸ੍ਰੀ ਗੁਰੂ ਮਹਾਰਾਜ ਜੀ ਦੇ ਪਵਿਤ੍ਰ ਉਪਦੇਸ਼ ਹਨ ਕਿ "ਜੈਸੀ ਕਲਮ ਵੁੜੀ ਹੈ ਮਸਤਕ ਤੈਸੀ ਜੀਅੜੇ ਪਾਸਿ" (ਸ੍ਰੀ ਰਾਗ ਗੁਰੂ ੧) "ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ" (ਵਾਰ ਮਾਝ) "ਸਰਬ ਜੀਆਂਸਿਰਲੇਖ ਧੁਰਾਹੂ ਬਿਨ ਲੇਖੇ ਨਹੀ ਕੋਈ ਜੀਉ॥ ਆਪ ਅਲੇਖ ਕੁਦਰਤ ਕਰ ਦੇਖੈ ਹੁਕਮਿ ਚਲਾਏ ਸੋਈ ਜੀਉ" (ਗੁਰੂ ੧ ਸੋਰਠ) ਤਥਾ॥ "ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰ" (ਰਾਮ ਕਲੀ ਓਅੰਕਾਰ ਗੁਰੂ ੧) ਪੁਨਾ "ਲਿਖਿਆ ਮੇਟੁ ਨ ਸਕੀਐ ਜੋ ਧੁਰ ਲਿਖਿਆਕਰਤਾਰ"(ਗੁਰੂ ੩ ਵਾਰ ਮਾਝ) "ਵੈਦ ਜੀ

Sri Satguru Jagjit Singh Ji Elibrary NamdhariElibrary@gmail.com

ਉਕਤ ਵਿਧਵਾਓਂ ਕੇ ਭਾਗ (ਲੇਖ) ਮੇਂ ਵਿਪਦਾਕਾ ਦੁਖ ਹੀ ਲਿਖਾ ਹੂਆ ਹੈ ਆਪ ਕਿਉਂ ਰੰਡੀ ਰੋਨਾ ਕਰਤੇ ਹੂਏ ਬ੍ਰਿਥਾ ਰੋਤੇ ਹੋ। ਯਦਿ ਅਪਨੇ ਲਿਖੇ ਕਰਮ ਫਲ ਔਰ ਗੁਰੂ ਸਾਹਿਬਾਂ ਕੇ ਪਵਿਤ੍ਰ ਉਪਦੇਸ਼ ਕੋ ਸਚਾ ਸਮਝਤੇ ਹੋ ਤੋ ਰੁਦਨ ਨਾ ਕਰੋ। ਮਿਤਰੋ ਵੈਦ ਜੀਕੋ ਗੁਰੂ ਮਹਾਰਾਜਕਾ ਪਵਿਤ੍ਰ ਉਪਦੇਸ਼ ਰੂਪੀ ਰਮਾਲ ਭੇਜਤਾ ਹੂੰ ਉਸ ਸੇ ਆਂਸੂ ਪੋਂਚ ਲੇਂ ਜਿਸ ਸੇ ਨਿਯੋਗ ਕਰੇਵਾ ਅਨੰਦ ਗੁਰੂ ਹੁਕਮਾਨੁਸਾਰ ਨਿਸ਼ੇਧੀ ਹੈ ਜਿਸਕੇ ਕਰਨੇ ਸੇ ਨਰਕ ਮੇਂ ਦੁਖ ਭੋਗਨੇ ਪੜੇਂਗੇ। "ਖਸਮ ਮਰੈ ਤੌ ਨਾਰ ਨ ਰੋਵੈ। ਉਸ ਰਖਵਾਰਾ ਅਉਰੋ ਹੋਵੈ॥ ਰਖਵਾਰੇ ਕਾ ਹੋਇ ਬਿਨਾਸ॥ ਆਗੈ ਨਰਕ ਈਹਾ ਭੋਗ ਬਿਲਾਸ॥" (ਰਾਗ ਗੌਂਡ ਕਬੀਰ ਜੀ ਮਹਲਾ ੫)॥

**ਵੈਦ** ਸਫਾ ੧੯ ਸਤਰ ੧ ਸੇ ੧੩ ਤਕ। ਹੋਰ ਦਲੀਲ ਤੇ ਸ਼ਾਸਤ੍ਰਾਂ ਦੇ ਪ੍ਰਮਾਣ ਲਵੋ ਜਰਾ ਬਾਲਮੀਕੀ, ਤੁਲਸੀ, ਅਧਯਾਤਮ ਰਾਮਾਇਣ, ਜਾਂ ਹਨੂਮਾਨ ਨਾਟਕ ਵਿਚੋਂ ਸੀਤਾ ਜੀ ਦਾ ਵਿਰਲਾਪਪੜ੍ਹੋ ਇਤਯਾਦਿ॥

**ਉਤ੍ਰ** ਵੈਦ ਜੀ ਰਾਮਾਇਣਾਦਿ ਦੇਖਨੇ ਸੇ ਪ੍ਰਗਟ ਹੋਤਾ ਹੇ ਕਿ ਆਪਕੇ ਦਸੋਂ ਗੁਰੂਓਂ ਕੇ ਬਜ਼ੁਰਗ ਪੁਰਸ਼ੋਤਮ ਅਵਤਾਰ ਭਗਵਾਨ ਰਾਮ ਚੰਦ੍ਰ ਤਥਾ ਸੀਤਾ ਜੀ ਮਹਾਰਾਜ ਰਾਵਣ ਆਦਿ ਰਾਖਸ਼ੋਂ ਕੋ ਨਸ਼ਟ ਕਰਨੇ ਕੇ ਲੀਏ ਲੀਲ੍ਹਾ ਕੀ ਥੀ ਆਪ ਰਾਮਾਇਣ ਕੇ ਰਹਸ੍ਯ (ਤਾਤਪਰਯ) ਕੋ ਨਹੀਂ ਸਮਝ ਸਕਤੇ॥

**ਵੈਦ** ਸਫ਼ਾ ੧੯ ਸਤਰ ੧੬ ਸੇ ੨੪ ਤਕ। "ਰਾਸ਼ੀ" ਸੋ ਲਓ ਮਾੜੇਮੋਟੇ ਪ੍ਰਾਣੀਆਂ ਦੀਆਂ ਰਾਸਾਂ ਕੀ ਮੇਲਨੀਆਂ ਹੋਈਆਂ। ਅਵਤਾਰ ਦੇਸ਼ ਦੇ ਪੂਜਨੀਯ ਮਹਾਤਮਾਦੀਆਂ ਰਾਸਾਂ ਮੇਲੋ ਜੋ ਕਹੇਕੁ ਸੋਹਣੇ ਮੇਲ ਮਿਲੇ ਸਨ। ਰਾਮ ਚੰਦ੍ਰ ਤੇ ਰਾਵਣ। ਕ੍ਰਿਸ਼ਨ ਦੇਵ ਜੀ ਤੇ ਕੰਸ। ਵਿਸ੍ਵਾਮਿਤ੍ਰ ਤੇ ਵਸਿਸ਼ਟ। ਕੇਕਈ ਤੇ ਕੌਸ਼ਲਯਾ। ਨਿਰਮਲੇ ਤੇ ਨਿਹੰਗ ਇਹ ਚਾਰੇ ਜੁਗਾਂ ਦੀਆਂ ਰਾਸਾਂ ਦਾ ਮੇਲ ਹੈ॥

**ਉਤ੍ਰ** ਵੈਦ ਜੀ ਬਲਿਹਾਰ ਆਪਦੀਆਂ ਰਾਸਾਂ ਮੇਲਣ ਵਾਲੀ ਬੁਧੀ ਕੇ ਜੋ ਜੋਤਸ਼ਕੇ ਮੂਰਖੋਂਸੇਭੀ ਬਿਲਖਣਹੈ ਆਪਕੋ ਯੇਹ ਤੋ ਪਤਾ ਹੀ ਨਹੀਂ ਕਿ ਕੌਨ ਸੀ ਰਾਸ ਕਿਸ ਰਾਸਕੇ ਸਾਥ ਮਿਲਤੀ ਹੈ। ਵੈਦ ਜੀ ਤੁਸੀ ਏਕ ਆਦ ਦੇ ਅੱਖਰ ਨੂੰ ਹੀ ਪਕੜ ਕਰ ਰਾਸਾਂ ਮਿਲਾਉਣ ਲਗ ਗਏ ਜੋਤਸ਼ ਪੜ੍ਹੋ ਫਿਰ ਪਤਾ ਲਗੇਗਾ। ਔਰ ਚਾਰੋਂ ਜੁਗੋਂ ਕੀ ਰਾਸੋਂ ਕਾ ਮੇਲ ਭੀ ਉਪਹਾਸ ਜਨਕ ਹੈ॥ (੧) ਰਾਮਚੰਦ੍ਰ ਤੇ ਰਾਵਣ ਤ੍ਰੇਤਾ। ਕੈਕਈ ਤੇ ਕੌਸ਼ਲਯਾ ਤ੍ਰੇਤਾ। ਵਿਸ੍ਵਾਮਿਤ੍ਰ ਤੇ ਵਸਿਸ਼ਟ ਤ੍ਰੇਤਾ। (੨) ਕ੍ਰਿਸ਼ਨ ਦੇਵ ਜੀ ਤੇ ਕੰਸ ਦੁਆਪੁਰ। (੩) ਨਿਰਮਲੇ ਤੇ ਨਿਹੰਗ ਕਲੂ। ਵੈਦ ਜੀ ਉਕਤ ਰਾਸੋਂ ਮੇਂ ਚੌਥਾ ਜੁਗ ਕੌਨਸਾ ਹੈ ਕਿਸੀ ਬੁਧੀਵਾਨ ਸੇ ਸਿਖਿਆ ਗ੍ਰਹਣ ਕਰੋ। ਇਸ ਲੇਖ ਸੇ ਪ੍ਰਗਟ ਹੋ ਗਿਆ ਕਿ ਆਪ ਬੁਧਿ ਸੇ ਭੀ ਨ੍ਯੂਨ ਹੋ। ਇਸੀ ਵਿਦਿਆ ਕੇ

Sri Satguru Jagjit Singh Ji Elibrary NamdhariElibrary@gmail.com

ਘਮੰਡ ਪਰ ਉਤਰ ਲਿਖਨ ਵਾਸਤੇ ਬੈਠੇ ਹੋ ॥

**ਵੈਦ** ਸਫਾ ੨੦ ਸਤਰ ੧੦ ਸੇ ੧੬ ਤਕ । ਹਿੰਦੂ ਸਭਤੋਂ ਵਧੀਕ ਜਜੋਤਸ਼ ਨਾਲ ਅਗੰਮ ਦੇ ਜਾਨੂ ਬਣਦੇ ਹਨ ਪਰ ਸੰਸਾਰ ਵਿਚ ਸਭ ਤੋਂ ਹੀਣੇ ਹਿੰਦੂ ਹਨ । ਜਰਾ ਹਿੰਦ ਤੋਂ ਬਾਹਰ ਜਾਕੇ ਦੇਖੋ । ਟ੍ਰਾਂਸਵਾਲ ਵਗੈਰਾ ਦੀ ਸੈਰ ਕਰੋ ਲੋਕੀਂ ਆਪਨੂੰ ਕੁਲੀ ਖਿਆਲ ਕਰਦੇ ਹਨ ਏਹ ਉਸ ਕੌਮ ਦਾ ਅੰਤ ਹੋਯਾ ਹੈ ਜੋ ਕੌਮ ਜੋਤਸ਼ ਦੀ ਜਾਨੂ ਤੇ "ਥਿਤ ਵਾਰ ਰੁਤ ਮਾਹ" ਪਛਾਣ ਦੀ ਸਾਹੇ ਲਗਨ ਕੱਢਦੀ ਅਰ ਰਾਸਾਂ ਮੇਲਦੀ ਹੈ ॥

**ਉਤ੍ਰ** ਵੈਦ ਜੀ ਮੁਲਕ ਦੀ ਤਰੱਕੀ ਤੇ ਤਨਜ਼ਲੀ ( ਬ੍ਰਿਧੀ ਤੇ ਨਾਸ ) ਹੋਣਾ ਕਰਮ ਫਲ ਹੈ ਜਿਸ ਕਰਮ ਫਲ ਕੋ ਆਪ ਅਪਨੇ "ਗੁਰ ਮਤ ਗਰਵਤਾ" ਸਫਾ ੨ ਮੇਂ ਮਾਨ ਚੁਕੇ ਹੋ । ਮਿਤਰੋ ਜਿਸਦਿਨ ਭਾਰਤ ਵਰਸ਼ ਕੇ ਲੋਗ ਹਿੰਦੂ ਧਰਮ ਪਰ ਪ੍ਰਪੱਕ ਔਰ ਜੋਤਸ਼ ਪਰ ਪੂਰਣ ਨਿਸਚਾ ਥਾ ਉਸ ਸਮਯ ਭਾਰਤਵਰਸ਼ ਕੀ ਸਰਬ ਦੇਸੋਂ ਮੇਂ ਕੀਰਤੀ ਰੂਪੀ ਧੁਜਾ ਫੈਹਰਾ ਰਹੀ ਥੀ । ਦੇਖੋ ਮਹਾਂਭਾਰਥਕੇ ਸਮਯ ਤਕ । ਹਿੰਦੁਸਤਾਨਕੀ ਯੇਹ ਦਸ਼ਾ ਆਪ ਜੈਸੇ ਨਵੀਨ ਪੰਥੀਓਂ ਕੇ ਅਨੇਕ ਨਏ ੨ ਮਤ ਚਲਾਨੇ ਕੇ ਕਾਰਣ ਹੂਈ ॥

**ਵੈਦ** ਸਫਾ ੨੦ ਸਤਰ ੧੯ ਸੇ ੨੫ ਤਕ । ਆਪਦਾ ਪਸ਼ਨ ਇਹ ਹੈ ਕਿ ਗੁਰੂ ਸਾਹਿਬਾਂ ਦੇ ਵਿਵਾਹ ਏਸ ਰੀਤੀ ਨਾਲ ਹੋਏ ਜਾਂ ਨਹੀਂ । ਅਸੀ ਆਪਨੂੰ ਦੱਸਿਆ ਹੈ ਕਿ ਗੁਰਵਾਕ ਤੇ ਪਰਮਾਣੀਕ ਗੁਰਮੰਦਾਵਤ ਸਿਖ ਵਾਕ ਹਿੰਦੂ ਰੀਤੀਆਂ ਦੇ ਵਿਰੁਧ ਹਨ । ਹੁਣ ਜੇ ਗੁਰੂ ਜੀ ਤੇ ਓਸ ਸਮੇਂ ਦੇ ਪਿਆਰੇ ਸਿਖ ਹੁਕਮ ਤਾਂ ਉਪਰ ਲਿਖ ਦੇਂਦੇ ਰਹੇ ਤੇ ਕਰਦੇ ਉਲਟ ਰਹੇ ਤਦ ਆਪ ਸੋਚ ਲਵੋ ਕੀ ਬਣਦਾ ਹੈ ॥

**ਉਤ੍ਰ** ਵੈਦ ਜੀ ਗੁਰੂ ਵਾਕ ਹਿੰਦੂ ਰੀਤੀ (ਕੁਲ ਮਰਯਾਦਾ) ਸੇ ਬਰੁਧ ਨਹੀਂ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੂਪ ਕੌਰ ਕੋ ਉਪਦੇਸ਼ ਕਰਤੇ ਹੂਏ ਚਰਿਤ੍ਰ ੨੧ ਮੇਂ ਖੁਦ ਪ੍ਰਤਿਗਿਆ ਕਰਤੇ ਹੈਂ । "ਕੁਲ ਕਲੰਕ ਕੇ ਹੇਤ ਅਧਕ ਮਨ ਭੀਤਰ ਡਰਹੋਂ" ਔਰ ਗੁਰੂ ਸਾਹਿਬੋਂ ਕੇ ਬਿਵਾਹ ਹਿੰਦੂ ਰੀਤੀ ਸੇ ਹੂਏ ਜਿਨਕੇ ਇਤਿਹਾਸਕ ਸਬੂਤ ਔਰ ਪ੍ਰਤਖ ਪ੍ਰਮਾਣ ਮੌਜੂਦ ਹੈਂ ਦੇਖੋ ਜ਼ਿਲੇ ਅੰਮ੍ਰਿਤਸਰ ਬਟਾਲਾ ਸ਼ੈਹਰ ਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਕੇ ਬਿਵਾਹ ਮੇਂ ਜੋ ਬੇਦੀ ਰਚੀ ਗਈ ਉਸਕਾ ਗੁਰਦੁਆਰਾ ਮੌਜੂਦ ਹੈ ਔਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਅਪਨੀ ਪੁਤ੍ਰੀ ਬੀਬੀ ਵੀਰੋ ਜੀ ਕਾ ਬਿਵਾਹ ਜ਼ਿਲੇ ਅੰਮ੍ਰਿਤਸਰ ਝਬਾਲਮੇਂ ਕੀਆਨਵਗ੍ਰਹੋਂਕੇ ਚੌਂਕਕੇ ਸਥਾਨਮਾਣਕ(ਮੋਤੀਓਂਕੇ) ਚੌਂਕ ਕਾ ਗੁਰਦੁਆਰਾ ਮੌਜੂਦ ਹੈ । ਔਰ ਅਨੰਦਪੁਰ ਸਾਹਿਬ ਕੇ ਸਮੀਪ ਲਹੌਰੇ ਮੇਂ ਗੁਰੂ ਗੋਬਿੰਦ ਸਿੰਘ ਜੀ ਕੇ ਬਿਵਾਹ ਸਥਾਨ ਮੇਂ ਗੁਰਦੁਆਰਾ ਮੌਜੂਦ ਹੈ । ਫਿਰ ਹਿੰਦੂ ਰੀਤੀ ਸੇ ਵਿਰੁਧ ਗੁਰੂ ਬਿਵਾਹ ਬਤਲਾਨਾ ਆਪ ਕੀ ਮੂਰਖਤਾ ਨਹੀਂ ਤੋ ਔਰ ਕਿਆ ਹੈ ॥

Sri Satguru Jagjit Singh Ji Elibrary NamdhariElibrary@gmail.com

**ਵੈਦ** ਸਫਾ ੨੧ ਸਤਰ ੩ ਸੇ ੬ ਤਕ। ਇਕ ਹੋਰ ਯੁਕਤੀ ਇਨਾਂ ਦੇ ਖੰਡਨ ਦੀ ਹੈ "ਭਾਈ ਮਥੋ ਮੁਰਾਰੀ" ਦਾ ਬਿਵਾਹ ਭਾਈ ਸੀਹੇਂ ਦੀ ਧੀ ਦਾ ਵਿਆਹ ਗੁਰੂ ਜੀ ਦੇ ਸਾਮਣੇ ਹੋਯਾ ਆਪ ਕਰਵਾਯਾ॥

**ਉਤ੍ਰ** ਵੈਦ ਜੀ ਭਾਈ ਗੁਰਦਾਸ ਜੀ ਕੀ ਵਾਰ ੧੧ਮੇਂ ਪਾਂਚਵੇਂ ਗੁਰੂ ਤਕ ਸਰਬ ਸਿਖੋਂ ਕੇ ਨਾਮ ਮਏ ਜਾਤੀ ਕੇ ਲਿਖੇ ਹੈਂ ਉਕਤਵਾਰ ਮੇਂ ਗੁਰੂ ੩ ਔਰ ੪ ਕਾ ਸਿਖ ਮਥੋ ਮੁਰਾਰੀ ਕੋਈ ਨਹੀਂ ਫਿਰ ਉਸਕੇ ਬਿਵਾਹ ਕੀ ਨਜ਼ੀਰ ਪੇਸ਼ ਕਰਨੀ ਆਪਕੀ ਮੂਰਖਤਾ ਹੈ। ਔਰ ਸੀਹਾਂ ਉਪਲ ਗੁਰੂ ਕਾ ਸਿਖ ਉਕਤਵਾਰ ਮੇਂ ਲਿਖਾ ਹੈ ਔਰ "ਗੁਰ ਪ੍ਰਤਾਪ ਸੂਰਜ ਪ੍ਰਕਾਸ਼" ਰਾਸ ਏਕਮੇਂ ਸੀਹਾਂ ਉਪਲ ਗੁਰੂ ਕੇ ਆਗਿਆਕਾਰੀ ਸਿਖ ਕਾ ਪ੍ਰਸੰਗ ਦਰਜ ਹੈ ਜਿਸ ਨੇ ਅਪਨੀ ਕੁਲ ਮਰਯਾਦਾ (ਹਿੰਦੂ ਰੀਤੀ) ਸੇ ਅਪਨੇ ਪੁਤ੍ਰ ਕਾ ਮੁੰਡਨ ਸੰਸਕਾਰ ਕਰਨਾ ਚਾਹਾ ਗੁਰੂ ਜੀ ਨੇ ਅਪਨੇ ਹੁਕਮ ਸੇ ਅਪਨੇ ਸਾਮਨੇ ਸੀਹੇਂ ਕੇ ਪੁਤ੍ਰ ਕਾ ਮੁੰਡਨ ਸੰਸਕਾਰ ਹਿੰਦੂ ਰੀਤੀ ਸੇ ਕਰਾਯਾ। ਸੀਹੇਂ ਕੀ ਬੇਨਤੀ-"ਮੋਹਿ ਪੁਤ੍ਰ ਕੋ ਮੁੰਡਨ ਅਹ ਹੈ। ਬਡ ਉਤਸਾਹ ਕਰਜੋ ਮਮ ਚਹ ਹੈ"। (ਗੁਰੂ ਅੰਗਦ ਜੀ ਕੀ ਆਗਜਾ) "ਹਮਰੇ ਆਗੇ ਮੁੰਡਨ ਕਰੋ। ਉਰਕੋ ਭਰਮ ਸਰਬ ਪਰ ਹਰੋ" ਮਿਤਰੋ ਜਬ ਸੀਹੇਂ ਕੇ ਪੁਤਰ ਕਾ ਮੁੰਡਨ ਸੰਸਕਾਰ ਗੁਰੂ ਜੀ ਨੇ ਨਹੀਂ ਹਟਾਯਾ ਔਰ ਅਪਨੀ ਆਗਿਆ ਸੇ ਹਿੰਦੂ ਰੀਤੀ ਅਨੁਸਾਰ ਮੁੰਡਨ ਕਰਾਯਾ ਤੋ ਹਿੰਦੂ ਰੀਤੀ ਕੇ ਵਿਰੁਧ ਸੀਹੇਂ ਕੀ ਪੁਤ੍ਰੀ ਕਾ ਬਿਵਾਹ ਕਰਾਨਾ ਅਸੰਭਵ ਹੈ ਔਰ ਨਾਹੀਂ ਆਪਨੇ ਪਤਾ ਲਿਖਾ ਜਿਸਸੇ ਆਪਕਾ ਲੇਖ ਸਚਾ ਮਾਨਾ ਜਾਏ॥ ਲੀਜੀਏ ਆਪਕੀ ਵਾਕਫ਼ੀਯਤ ਔਰ ਧੋਖੇਦਹੀ ਕਾ ਹਾਲ ਸੁਨਾਤੇ ਹੈਂ ਮਥੋ ਮੁਰਾਰੀ ਗੁਰੂ ੩ ਕਾ ਸਿਖ ਥਾ ਦੇਖੀਏ ਉਸਕੀ ਪੁਤ੍ਰੀ ਕੇ ਹਿੰਦੂ ਰੀਤੀ ਸੇ ਫੇਰੇ ਸਿਧ ਹੋਤੇ ਹੈਂ ਮਥੋ ਮੁਰਾਰੀ ਖਤ੍ਰੀ ਜਿਸਕਾ ਕਸ਼ਟ ਗੁਰੂ ਅਮਰਦਾਸ ਜੀ ਨੇ ਦੂਰ ਕਰਕੇ ਸੰਗਤ ਕੋ ਹੁਕਮ ਦੀਆ ਇਸਕੋ ਬੇਟੀ ਦੋ। ਯਥਾ-"ਸੀਹਾਂ ਉਪਲ ਸਿਖ ਕੁਲੀਨ। ਤਿਨ ਕਰ ਜੋਰੇ ਬਿਨਤੀ ਕੀਨ। ਵਰ ਪ੍ਰਾਪਤ ਕੰਨਜਾ ਘਰ ਮੇਰੇ॥" ਇਸਕੇ ਪਸ਼ਚਾਤ ਅਪਨੇ ਘਰਸੇ ਕੰਨਿਆ ਲੇ ਆਯਾ "ਸੀਹਾਂ ਸੁਤਾ ਲੇ ਗੁਰ ਢਿਗ ਚਾਲਾ॥ ਤਤਛਿਨ ਸਾਥ ਮੁਰਾਰੀ ਤਹਾਂ॥ ਫੇਰੇ ਦਏ ਭਾਉ ਕਰ ਤਹਾਂ॥" ਭਾਈ ਜੀ ਸੁਨਾ ਅਬ ਤੋ ਸ਼ਰਮ ਆਗਈ ਹੋਗੀ ਦੇਖੋ! ਆਨੰਦ ਲਾਵਾਂ ਦੋਨੋਂ ਹੀ ਨਹੀਂ ਹਿੰਦੂ ਰੀਤੀ ਸੇ ਫੇਰੇ ਦੇਨੇ ਸਾਫ ਪ੍ਰਗਟ ਹੈਂ ਸੀਹਾਂ ਉਪਲ ਕੀ ਬੇਟੀ ਔਰ ਮਥੋ ਮੁਰਾਰੀ ਕਾ ਵਿਵਾਹ ਏਕ ਹੀ ਹੈ ਦੋ ਲਿਖਨੇ ਆਪ ਕੀ ਬੇਖਬਰੀ ਹੈ॥ (ਗੁ: ਪ੍ਰ: ਰਾ: ੧ ਅੰਕ ੬ ਅ: ੬੦)॥

**ਵੈਦ** ਸਫਾ ੨੧ ਸਤਰ ੧੦ ਸੇ ੧੫ ਤਕ। ਅਨੇਕਾਂ ਕਾਰਜ ਜੋ ਹਿੰਦੂ ਧਰਮ ਦੇ ਦਬਾਉ ਹੇਠ ਆਏ ਇਤੀਹਾਸਕਾਂ ਨੂੰ ਮੰਨਣੇ ਪਏ ਹਨ ਕੀਹ ਦਸਦੇ ਹਨ ਕਿ ਗੁਰੂ ਜੀ ਸਿਖਾਂ ਨੂੰ ਇਸੇ ਬਿਵਾਹ ਦੀ ਆਗਿਆ ਦਿੰਦੇ ਹਨ "ਦੂਰਜਨ ਤੋਖ ਨਜਾਯ" ਅਨੁਸਾਰ ਜੇ ਕਾਰਜ ਭੀ ਕਰਲਈਏ ਤਬ

ਸਾਡੇ ਲਈ ਗੁਰੂ ਜੀ ਦੀ ਆਗਿਆ ਸ੍ਰੇਸ਼ਟ ਹੈ ਗੁਰੂ ਜੀ ਦੀ ਕਰਣੀ ਨੂੰ ਕੌਣ ਪਹੁੰਚ ਸਕਦਾ ਹੈ ॥

ਉਤ੍ਰ ਵੈਦ ਜੀ ਨਿਰਬਲ ਹਿੰਦੂ ਧਰਮ ਦੀ ਗੁਰੂ ਸਾਹਿਬੋਂ ਨੇ ਰਖਿਆ ਕੀ ਫਿਰ ਨਿਰਬਲ ਹਿੰਦੂ ਧਰਮ ਕਾ ਦਬਾਓ ਕੈਸੇ ਹੋ ਸਕਤਾ ਹੈ ਔਰ ਇਤਿਹਾਸਕਾਰੋਂ ਨੇ ਸੱਚ ੨ ਲਿਖਾ ਹੈ ਜਿਨਕੇ ਲੇਖ ਗੁਰੂ ਸਾਹਿਬੋਂ ਕੇ ਬਿਵਾਹ ਹਿੰਦੂ ਰੀਤੀ ਸੇ ਹੂਏ ਪ੍ਰਤਖ ਝਬਾਲ ਆਦਿਕ ਮੇਂ ਮਾਣਕ ਚੌਂਕ ਕਾ ਗੁਰਦੁਆਰਾ ਮੌਜੂਦ ਹੈ ਜਿਸਮੇਂ "ਦੁਰਜਨ ਤੋਖ ਨਜਾਯ"ਦੀ ਜਰੂਰਤਨਹੀਂ ਗੁਰੂ ਜੀ ਦੀ ਕਰਨੀਕੋ ਪਹੁੰਚਨਾ ਕਥਨਮਾਤ੍ਰ ਝੂਠਕਾ ਉਲ੍ਹਾਹੈ। ਮਿਤ੍ਰਰੋਆਪ ਜੈਸੇ ਨਵੀਨ ਸਿੰਘ ਗੁਰੂ ਖਾਲਸਾ ਬਨ ਬੈਠੇ ਹੈਂ (ਦਸ ਗੁਰੂ ਗਿਆਰਵਾਂ ਗ੍ਰੰਥ ਸਾਹਿਬ ਬਾਰਵਾਂ ਗੁਰੂ ਖਾਲਸਾ) ਯਹ ਕਥਨ ਆਪਕਾ ਠੀਕ ਹੈ ਜੋ ਗੁਰੂ ਕੀ ਆਗਿਆ ਸ੍ਰੇਸ਼ਟ ਹੈ ਗੁਰੂ ਜੀ ਦੀ ਕਰਨੀਨੂੰ ਕੌਨ ਪਹੁੰਚ ਸਕਦਾਹੈ ਪਰ ਇਸ ਕਥਨ ਮੇਂ ਤੁਮਾਰੇ ਸਾਰੇ ਅਗਲੇ ਪਿਛਲੇ ਪ੍ਰਮਾਣ ਹਮ ਹਿੰਦੂ ਨਹੀਂ ਮੁਸਲਮਾਨ ਆਦਿ ਤ੍ਰਿਤਰ ਬਿਤਰ ਹੋਗਏ। ਕਿਉਂਕਿ ਯਦਿ ਗੁਰੂ ਸਾਹਿਬ ਨੇ ( ਨਾ ਸਿਖ ਹਿੰਦੂ ਨਾ ਮੁਸਲਮਾਨ) ਕਹਾ ਹੋਤਾ ਤਬ ਮਾਨਨੀਯਥਾ ਧੰਨ ਆਪਕੀਬਧੀ ਆਗਾ ਦੌੜ ਪਿਛਾ ਚੌੜ ।ਏਕ ਔਰ ਭੀ ਬਤਲਾਤੇ ਹੈਂ ਅਪਨੇ ਸਹਾਇਕੋਂ ਕੋ ਕੈਹ ਦੋ ਕਿ ਆਗੇਕੋ (ਗੁਰ ਸਿਖ ਮੀਤ ਚਲੋ ਗੁਰਚਾਲੀ) ਪ੍ਰਮਾਣਕਭੀ ਨ ਦੇਂ ਯਾ ਕੁਛ ਅਰਥ ਬਦਲੇਂ। ਵੈਦ ਜੀ ਯਦਿ ਆਪ ਗੁਰੂ ਬਚਨੋਂ ਕੇ ਪੱਕੇ ਸ਼੍ਰਧਾਲੂ ਹੋ ਤੋ ਅਪਨੀ ਦਵਾਈਓਂ ਕੀ ਸ਼ੀਸ਼ੀਓਂ ਕੋ ਤਰਨਤਾਰਨ ਕੇ ਤਾਲਾਬ ਮੇਂ ਗਿਰਾਕਰ ਵੈਦਗੀ ਛੋੜ ਦੋ ॥ ਯਥਾ "ਵੈਦ ਬੁਲਾਯਾ ਵੈਦਗੀ ਪਕੜ ਢਢੋਲੇ ਬਾਂਹਿ। ਭੋਲਾ ਵੈਦ ਨਾ ਜਾਣਈ ਕਰਕ ਕਲੇਜੇ ਮਾਹਿ ॥੧॥ ਵੈਦਾਵੈਦਸੁਵੈਦ ਤੂੰ ਪਹਿਲਾ ਰੋਗ ਪਛਾਣਿ ॥ ਐਸਾ ਦਾਰੂ ਲੋੜ ਲਹੁ ਜਿਤਵੰਞੈ ਰੋਗਾਘਾਣਿ॥ ਜਿਤ ਦਾਰੂ ਰੋਗ ਉਠਿਅਹਿ ਤਨ ਸੁਖ ਵਸੈ ਆਇ ॥ ਰੋਗ ਗਵਾਇਹਿ ਆਪਣਾ ਤ ਨਾਨਕ ਵੈਦ ਸਦਾਇ॥ (ਵਾਰ ਸ਼ਃ ਮਹਲਾ ੧) ॥

## ਨੌਕਰੀ ਭੀ ਕੋਈ ਤੱਤ ਖਾਲਸਾ ਨਾ ਕਰੇ

ਲਾਇ ਚਿਤ ਕਰਿ ਚਾਕਰੀ ਮੰਨ ਨਾਮ ਕਰ ਕੰਮ। ਬੰਨ ਬਦੀਆ ਕਰ ਧਾਵਣੀ ਤਾਕੋ ਆਖੈ ਧੰਨ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗੁਣਵੰਨ॥ (ਪੌੜੀ ਚੌਥੀ) ॥

## ਘੋੜੋਂ ਕੀ ਸੌਦਾਗਰੀ ਭੀ ਨਾ ਕਰਨੀ

ਸੁਣਿ ਸਾਸਤ ਸੌਦਾਗਰੀ ਸਤ ਘੋੜੇ ਲੈ ਚਲ ॥ ਖਰਚ ਬੰਨ ਚੰਗਿਆਈਆਂ ਮਤਮਨ ਜਾਣਹਿ ਕਲ। ਨਿਰੰਕਾਰ ਕੈ ਦੇਸ ਜਾਇ ਤਾਂ ਸੁਖ ਲਹਹਿ ਮਹਲ॥ (ਤੀਜੀ ਪੌੜ)

ਭੋਜਨ ਭੀ ਨਾ ਕਰਨਾ ਚਾਹੀਏ

ਹਰਿਨਾਮੁ ਹਮਾਰਾ ਭੋਜਨ ਛਤੀਹ ਪ੍ਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ

Sri Satguru Jagjit Singh Ji Elibrary NamdhariElibrary@gmail.com

ਭਈ ॥ ਔਰ ਭੋਜਨ ਨਾਮ ਅਧਾਰ ॥ ਆਦਿ ॥

**ਵੈਦ** ਸਫਾ ੨੧ ਸਤਰ ੧੯ ਸੇ ੧੫ ਤਕ। ਅਸੀ ਦਾਸ ਹਾਂ ਸਾਡੇ ਲਈ ਸਾਹੇ ਲਗਨ ਨਵਗ੍ਰਹਿ ਪੂਜਾ ਆਦਿਕ ਦਾ ਹੁਕਮ ਬੰਦ ਹੈ ਸੋ ਸਾਡੇ ਸਿਰ ਮੱਥੇ ਤੇ। ਹਥੀਂ ਉਨਾਂ ਸਿਖਾਂ ਦੇ ਅਨੰਦ ਲਾਵਾਂ ਕਰਾਏ। ਲਾਵਾਂ ਵਿਚ ਲਿਖ ਦਿਤਾ ਕਿ "ਪਰਵਿਰਤੀ" ਕਰਮ ਵਾਸਤੇ ਹਨ ਅਸੀਂ ਮੰਨਦੇ ਹਾਂ ਕਿ ਗੁਰੂ ਜੀ ਕਹਿਨੀ ਕਰਨੀ ਦ ਇਕ ਹਨ। ਕੈਹਨੀ ਉਨਾਂਦੇ ਆਪਣ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਵਧਾਨ ਮੌਜੂਦ ਹਨ ॥

**ਉਤ੍ਰ** ਵੈਦ ਜੀ ਸਾਹਾ ਲਗਣ ਨਵਗ੍ਰਹਿ ਪੂਜਾ ਸਰਬ ਗੁਰੂਓਂ ਕੇ ਬਿ-ਵਾਹ ਮੇਂ ਹੂਈ ਔਰ ਪੱਕੇ ਸਿਖ (ਸਿੰਘ) ਰਿਆਸਤੋਂ ਮੇਂ ਹੋਤੀ ਹੈ ਹੁਕਮ ਬੰਦ ਕੈਹਨਾ ਆਪਕਾ ਅਗਿਆਨ ਹੈ ਹਾਂ ਚਮਾਰ ਚੂਹੜੋਂ ਕੇ ਬ੍ਰਾਹਮਣ ਲੋਗ ਨਵਗ੍ਰਹਿ ਪੂਜਨ ਆਦੀ ਨਹੀਂ ਕਰਾਤੇ ਵੋਹੀ ਗੁਰ ਮਰਯਾਦਾ ਆਪ ਲੋਗੋਂ ਨੇ ਫੜ ਲੀ। ਅੱਛੇ ਖਾਨਦਾਨ ਮੇਂ ਉਤਪੰਨ ਹੋਕਰ ਚੂਹੜੇ ਚਮਾਰੋਂ ਵਾਲੀ ਰੀਤੀ ਮੇਂ ਨਵਗ੍ਰਹਿ ਪੂਜਨਾਦੀ ਹੁਕਮ ਬੰਦ ਹੈ ਸੋ ਆਪਨੇ ਸਿਰ ਮੱਥੇ ਤੇ ਧਰ ਲੀ ਅੱਛਾ ਕੀਆ। ਗੁਰੂ ਸਾਹਿਬੋਂ ਨੇ ਸਿੱਖੋਂ ਕੇ ਆਨੰਦ ਪੜ੍ਹਾਏ ਅਪ੍ਰਮਾਣੀਕ ਲਿਖਤੇ ਹੋ ਗੁਰੂਓਂ ਨੇ ਅਪਨੇ ਖਾਨਦਾਨ ਔਰ ਪੰਜ ਪਿਆਰੇ ਚਾਲੀ ਮੁਕਤੇ ਆਦੀ ਸਿਖੋਂ ਮੇਂ ਕਿਸੀ ਕੋ ਅਨੰਦ ਪੜ੍ਹਾਏ ਸਿਧ ਕਰਤੇ ਤੋ ਆਪਕਾ ਲੇਖ ਸੱਚਾ ਹੋ ਸਕਤਾ ਥਾ। ਵੈਦ ਜੀ ਲਾਵਾਂ ਪਰਵਿਰਤੀ ਕਰਮ ਵਾਸਤੇ ਜੋ ਲਿਖਤੇ ਹੋ ਇਸਕਾ ਅਰਥ ਹਮ ਪਹਿਲੇ ਲਿਖ ਚੁਕੇ ਹੈਂ ਲਾਵਾਂ ਗਿਆਨ ਵਾਸਤੇ ਹੈਂ ਜੈਸਾ "ਦੂਜੜੀ ਲਾਂਵ ਸਤਿਗੁਰ ਪੁਰਖ ਮਿਲਾਯਾ। ਤੀਜੜੀ ਲਾਂਵ ਮਨ ਚਾਉ ਭਇਆ ਬੈਰਾਗੀਆ ॥ ਚੌਥੜੀ ਲਾਂਵ ਮਨ ਸਹਿਜ ਭਇਆ ਹਰਿ ਪਾਇਆ ॥" ਯਦਿ ਲਾਵਾਂ ਬਿਵਾਹ ਪਰਵਿਰਤੀ ਵਾਸਤੇ ਹੀ ਹੈ ਤੋ "ਬਾਣੀ ਬ੍ਰਹਮਾ ਬੇਦ ਧਰਮ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥" ਵੇਦਕ ਰੀਤੀ ਸੇ ਬਿਵਾਹ ਕਰਨੇ ਕਾ ਸਾਫ ਹੁਕਮ ਹੈ। ਵੈਦ ਜੀ ਗੁਰੂ ਜੀ ਕੋ ਕੈਹਨੀ ਕਰਨੀ ਦੇ ਇਕ ਮੰਨਦੇ ਹੋ ਸੋ ਕੈਹਨੀ ਉਨਾਂ ਦੇ ਆਪਣੇ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਹਿੰਦੂ ਰੀਤੀ ਸੇ ਬਿਵਾਹ ਸਿਧ ਹੋਤਾ ਹੈ॥ (੧) ਆਇਆ ਲਗਨ ਗਣਾਇ ਹਿਰਦੇ ਧਨ ਓਮਾਹੀਆ ਬਲਿਰਾਮ ਜੀਉ। ਪੰਡਿਤ ਪਾਧੇ ਆਣ ਪਤੀ ਬਹਿ ਵਾਚਾਈਆ ਬਲਿਰਾਮ ਜੀਉ। (ਸੂਹੀ ਛੰਤ ਮਹਲਾ ੪ ਸ਼ਬਦ ੧ ਤੁਕ (੪) (੨) ਸੰਬਤ ਸਾਹਾ ਲਿਖਿਆ ਮਿਲ ਕਰ ਪਾਵਹੁ ਤੇਲ (ਆਦਿ ਗੁਰੂ ਗ੍ਰੰਥ ਸਾਹਿਬ) (੪) ਘੋੜੀ ਤੇਜਣ ਦੇਹ ਰਾਮਉ ਪਾਈਆ ਰਾਮ (ਬਡ (ਹੰਸ ਘੋੜੀਆ ਮਹਲਾ ੪ ਸ਼ਬਦ ੧ ਤੁਕ ੪) (੪) ਹਰਿ ਪਹਲੜੀ ਲਾਂਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥ ਬਾਣੀ ਬ੍ਰਹਮਾ ਵੇਦ ਧਰ ਮ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ (ਸੂਹੀ ਛੰਤ ਮਹਲਾ ੪ ਸ਼ਬਦ ੨ ਤੁਕ ੧) (੫) ਗੁੜੀ ਗਿਆਨੀ ਬਹ ਮਤਾ ਪਕਾਇਆ ਫਰੇ ਤਤ ਦ੍ਰਿ-

ਵਾਏ (ਸੂਹੀ ਛੰਤ ਮਹਲਾ ੪ ਸ਼ਬਦ ੧ ਤੁਕ ੪) (੬) ਜਦਹੁ ਸੀਆ ਵੀਆ ਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜ ਆਈਆ ਦੰਦ ਖੰਡ ਕੀਤੇ ਰਾਸ। ਉਪਰਹੁ ਪਾਣੀ ਵਾਰੀਐ ਝਲੇ ਝਿਮਕਨ ਪਾਸ ॥ (ਆਸਾ ਅਸ਼ਟਪਦੀ ਮਹਲਾ ੧ ਸਲੋਕ ੧੧ ਤੁਕ ੨) (੭) ਮੈਂ ਕਾਮਣ ਮੇਰਾ ਕੰਤ ਕਰਤਾਰ। ਜੇਹਾ ਕਰਾਏ ਤੇਹਾ ਕਰੀ ਸੀਗਾਰ ॥ ਜਾ ਤਿਸ ਭਾਵੈ ਤਾ ਕਰੇ ਭੋਗ ॥ ਤਨ ਮਨ ਸਾਚੇ ਸਾਹਿਬ ਜੋਗ ॥ (ਭੈਰੋ ਮਹਲਾ ੩ ਸਲੋਕ ੪ ਤੁਕ ੪) (੮) ਛੋਰ ਵਿਆਹੁਤਾ ਨਾਰ ਕੇਲ ਤੋਸੋ ਨ ਕਮਾਊਂ ॥ (ਦਸਮ ਗ੍ਰੰਥ ਸਾਹਿਬ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਚਰਿਤ੍ਰ ੨੧) ਵੈਦ ਜੀ ਅਸਬਾਲੀ ਪੁਲਕ ਨਜਾਏ ਸੇ ਗੁਰੂ ਸਾਹਿਬੋਂ ਕੀ ਕੇਹਨੀ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੇ ਉਕਤ ਬਿਵਾਹ ਮੇਂ ਹਿੰਦੂ ਰੀਤੀ ਕਾ ਹੁਕਮ ਸਿਧ ਹੋਤਾ ਹੈ ਯਦਿ ਆਪ ਹਿੰਦੂ ਰੀਤੀਸੇ ਵਿਰੁਧ ਸਿਧ ਕਰਤੇ ਹੋ ਤੋ ਗੁਰੂਓਂਕੇ ਕੈਹਨੀ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ "ਵਦਤੋ ਵਜਾਘਾਤ" (ਪਰਮਪਰ ਵਿਰੋਧ) ਸੇ ਝੂਠਾ ਸਿਧ ਕਰਤੇ ਹੋ ਜਿਸ ਵਦਤੋ ਵਜਾਘਾਤਸੇ ਆਪ ਅਪਨੇ ਧਰਮ ਗ੍ਰੰਥ ਗੁਰਮਤ ਇਤਿਹਾਸ (ਗੁਰਪ੍ਰਤਾਪ ਸੂਰਜ ਕੋ ਸਫੇ੨੨ ਮੇਂ) ਝੂਠਾ ਸਿਧ ਕਰਤੇ ਹੋ ॥

**ਵੈਦ** ਸਫਾ ੨੩ ਸੇ ੨੪ ਤਕ। ਸੂਰਜ ਪ੍ਰਕਾਸ, ਗੁਰ ਬਿਲਾਸ, ਭਾਈ ਸੁਖਾਸਿੰਘ ਕ੍ਰਿਤ। ਪੰਥ ਪ੍ਰਕਾਸ਼ ਕੇ ਪ੍ਰਮਾਣ ਸੇ ਖਾਲਸਾ ਹਿੰਦੂ ਮੁਸਲਮਾਨੋਂ ਸੇ ਨਿਆਰਾ ਤੀਸਰਾ ਪੰਥ ਸਿਧ ਕੀਆ ਹੈ॥

**ਉਤ੍ਰ** ਵੈਦ ਜੀ ਗੁਰੂ ਜੀ ਨੇ ਧਰਮ ਰਖਿਆਲੀਏ ਸਿੰਘ ਸਜਾਏ ਜਿਨੋਂ ਨੇ ਤਿਲਕ ਜੰਞੂ (ਹਿੰਦੂ) ਧਰਮ ਕੀ ਰਖਿਆ ਕੀ ਜੋ ਇਸੀ ਕਾਰਣ ਤੀਸਰਾ ਪੰਥ ਬਨਾਯਾਥਾ। ਮਿਤਰੋ ਉਕਤ ਇਤਿਹਾਸੋਂ ਮੇਂ ਗੁਰੂ ਸਾਹਿਬ ਅਪਨੇ ਆਪਕੋ ਹਿੰਦੂ ਸ੍ਵੀਕਾਰ ਕਰਤੇਹੈਂ। (ਗੁਰੂ ੯ ਅਪਨੇ ਕੋ ਹਿੰਦੂਮਾਨਤੇ ਹੈਂ)--ਤਿਨਤੇ ਸੁਨ ਸ੍ਰੀ ਤੇਗ ਬਹਾਦਰ। ਧਰਮ ਨਿਵਾਹਨ ਬਿਖੇ ਬਹਾਦਰ। ਉਤ੍ਰ ਭਨਿਯੋ ਧਰਮ ਹਮ ਹਿੰਦੂ। ਅਤਿ ਪ੍ਰਿਯ ਕੋ ਕਿਮ ਕਰੇਂ ਨਿਕੰਦੂ ॥ (ਗੁਰ ਪ੍ਰ: ਤ: ਸੂਰਜ ਪ੍ਰਕਾਸ਼ ) (ਗੁਰੂ ਗੋਬਿੰਦ ਸਿੰਘ ਜੀ ਹਿੰਦੂ ਹੈਂ)--ਹਿੰਦਨ ਕੋ ਬਾਲਕ ਯਹ ਪੀਰਾ। ਰੂਪ ਅਨੂਪ ਅਧਿਕ ਨਰ ਧੀਰਾ॥ (ਗੁਰ ਬਿ: ਭ: ਸੁ: ਸਿੰ:) ਨਮੋਸ੍ਤੁ ਹਾਥ ਜੋਰਕੇ ਕੁਸਤ੍ਰ ਤੇਜ ਤੋਰ ਜਿਨ ਪਾਲਜੋ ਹਿੰਦਾਨਕੋ (ਰੁਤ ੧) (ਗੁਰੂ ਗੋਬਿੰਦ ਸਿੰਘ ਜੀ ਕੇ ਪੁਤ੍ਰ ਹਿੰਦੂ ਹੈਂ) ਤੁਰਕ ਭਏ ਮਰੇ ਨਹੀਂ ਹਿੰਦ ਰਹੇ ਮਰ ਜਾਹਿ ਬਾਤ ਯਹ ਨਾਹੀਂ ਕਾਲ ਸਭਨਕੋ ਖਾਇਹੈਂ॥ (ਪੰਥ ਪ੍ਰਕਾਸ਼) (ਸਰਬ ਸਿਖ (ਸਿੰਘ) ਹਿੰਦੂ ਹੈਂ) ਹਮਤੇਂ ਲੈਹੈਂ ਛੀਨ ਤੁਰਕ ਗੁਰਦ੍ਵਾਰੇ ਅਬ ਸਭ ॥ ਧਰਮ ਹਿੰਦੂ ਕਾ ਜਾਇ ਪੰਥ ਯਹਿ ਬਵਨ ਵੈਹ ਕਬ ॥ (ਪੰਥ ਪ੍ਰਕਾਸ਼ ਦਿਲੀ ਮੁਰਤਜਵੀ ਪ੍ਰੈਸ ਮੇਂ ਛਪਾ)॥

**ਵੈਦ** ਸਫਾ ੨੪ ਸਤਰ ੧੫ ਸੇ ੨੨ ਤਕ। ਜਿਸ ਕਿੱਲੇ ਸਫਾ ੩੪੭ ਦੇ ਜੋਰ ਉਤੇ ਆਪ ਭੁੜਕਦੇ ਹੋ ਆਪ ਹੀ ਵਿਚਾਰ ਲਵੋ ਕਿ ਉਹ

ਵਦਤੋ ਵਜਾਘਾਤ ਰਖਦੇ ਹਨ ਕਿ ਨਹੀਂ ਓਹ ਇਕ ਥਾਂ ਹੋਰ ਗੱਲ ਦੂਜੀ ਥਾਂ ਉਸਦੇ ਉਲਟ ਆਖਦੇ ਹਨ ਕਿ ਨਹੀਂ ਤੇ ਅਸੀਂ ਜੋ ਆਪਨੂੰ ਸਬੂਤ ਦਿਤੇ ਹਨ ਸੋ ਸ੍ਰੀ ਗੁਰੂ ਜੀ ਦੇ ਪ੍ਰਮਾਣੀਕ ਵਾਕ ਹਨ ਜਿਨਾਂ ਤੋਂ ਨਾ ਤੁਸੀਂ ਨਾ ਅਸੀ ਸਿਰ ਫੇਰ ਸਕਦੇ ਹਾਂ। ਇਸ ਕਰਕੇ ਜੇ ਆਪ ਸੱਤ ਦਾ ਗ੍ਰੈਹਣ ਚਾਹੁੰਦੇ ਹੋ ਤਦ ਸਮਝ ਹੀ ਨਹੀਂ ਮੰਨ ਲਵੋ ॥

ਉਤ੍ਰ ਵੈਦ ਜੀ ਗੁਰਮਤ ਇਤਿਹਾਸੋਂ ਕੇ ਜੋਰ ਕੋ ਆਪ ਭੁੜਕਨਾ ਮੂਰਖਤਾ ਸੇ ਬਤਲਾਤੇ ਹੋ ਤੋ ਆਪ ਬਤਲਾਈਏ ਗੁਰਮਤ ਇਤਿਹਾਸੋਂ ਕੇ ਬਗੈਰ (੧) ਦਸੋਂ ਗੁਰੂਓਂ ਕੇ ਜਨਮ ਦਿਨ ਕਾ ਗੁਰਪੁਰਬ ਔਰ ਜਨਮ ਸਥਾਨ ਗ੍ਰੰਥ ਸਾਹਿਬ ਸੇ ਸਿਧ ਕਰੋ। (੨) ਦਸੋਂ ਗੁਰੂਓਂ ਕੇ ਮਾਤਾ ਪਿਤਾ। ਪੁਤ੍ਰੀ ਔਰ ਧਰਮਪਤਨੀਓਂਕੇ ਨਾਮਗੁਰੂਗ੍ਰੰਥ ਸਾਹਿਬ ਸੇ ਸਿਧ ਕਰੋ॥

(੩) ਦਸੋਂ ਗੁਰੂਓਂ ਕੇ ਜੋਤੀ ਜੋਤ ਸਮਾਉਣ (ਮ੍ਰਿਤਜੂ) ਸਥਾਨ ਔਰ ਅੰਤ ਦਿਨ ਕਾ ਗੁਰਪੁਰਬ ਗ੍ਰੰਥ ਸਾਹਿਬ ਸੇ ਸਿਧ ਕਰੋ। ਇਨਕੇ ਬਤਲਾਨੇ ਮੇਂ ਆਪ ਕੋ ਭੀ ਇਤਿਹਾਸੋਂ ਪਰਹੀਭੁੜਕਨਾਪੜੇਗਾ ਕਿਉਂਕਿ ਗੁ:ਗ੍ਰੰਥਸਾਹਿਬਸੇਉਕਤ ਪ੍ਰਕਰਣ ਸਿਧ ਨਹੀਂ ਕਰ ਸਕੋਗੇ ਜੇਕਰ ਆਪ ਮੂਰਖਤਾ ਸੇ ਬਿਬਸਥਾ ਕਰਨੇ ਕੀ ਨਾ ਵਿਦਿਆ ਰਖਤੇ ਹੂਏ ਸੰਸਕ੍ਰਿਤ ਕੀ ਓਟ ਸੇ ਵਦਤੋ ਵਜਾਘਾਤ ਕੈਹਤੇ ਹੋ ਤੋ ਸੀਧਾਹੀ ਕੈਹਦੋ ਕਿ ਗੁਰਮਤ ਇਤਿਹਾਸ ਗ੍ਰੰਥ ਝੂਠੇਹੈਂ ਆਪਕੇ ਹਮ ਖਿਆਲ ਆਧੇ ਪੁਰਖੋਂ ਨੇ ਦਸਮ ਗ੍ਰੰਥ ਸਾਹਿਬਕੋ ਰੱਦੀ ਗ੍ਰੰਥ ਸਿਧਕਰਦੀਆ ਹੈ ਦੇਖੋ ਪੁਸਤਕ ਭੁਲੇਖੇ। ਔਰ "ਵਦਤੋ ਵਜਾਘਾਤ" (ਪਰਸਪਰ ਵਿਰੋਧ ਆਦਿਗੁਰੂਗ੍ਰੰਥਸਾਹਿਬਜੀ ਮੇਂ ਅਨੇਕ ਮੌਜੂਦਹੈਂ ਜੋ ਮੈਂ ਉਕਤ ਬਿਵਾਹ ਹਿੰਦੂ ਰੀਤੀ ਸਿਧ ਕਰਣੇ ਮੇਂ ਲਿਖ ਚੁਕਾ ਹੂੰ ਯਾ ਤੋ ਆਪ ਹਿੰਦੂ ਰੀਤੀ ਸੇ ਬਿਵਾਹੋਂ ਕਾ ਗੁਰੂ ਹੁਕਮ ਮਾਨੋਗੇ ਨਹੀਂ ਗੁਰੂ ਗ੍ਰੰਥ ਸਾਹਿਬ ਮੇਂ ਵਦਤੋ ਵਜਾਘਾਤ (ਪਰਸਪਰ ਵਿਰੋਧ) ਮਾਨੋਗੇ। ਕਿਉਂਕਿ ਆਪਕੀ ਸਰਬਤ੍ਰ ਸੰਸਕਾਰ ਪਧਤੀਓਂਮੇਂਪੰਡਿਤਪਾਂਧੇਂਸੇਲਗਨਗਿਣਵਾਔਣੀ ਤੇਚੜ੍ਹਕਰਮਿਣਤੀਕਰਾਨਾ ਵੇਦ ਬਗੈਰ ਬਿਵਾਹ ਹੋਨਾ ਪਾਪ ਮਾਨਨਾ ਫੇਰੇ ਦੇਨੇ ਔਰ ਕੰਨਜਾ ਬਾਲਕਪਰ ਪਾਣੀ ਵਾਰ ਕਰ ਪੀਨਾ ਆਦੀ ਕਹੀਂ ਨਹਾਂ ਹਿੰਦੂ ਰੀਤੀ ਮੇਂ ਹੈ ਸੋਈ ਗੁਰੂ ਗ੍ਰੰਥ ਸਾਹਿਬ ਸੇ ਸਿਧ ਹੈਂ॥

ਵੈਦ ਸਫਾ ੨੫ ਸਤਰ ੩ ਔਰ ੪ (੨) (੩) ਇਸ ਅੰਗਦਾ ਉਤਰ ਭੀ ਉਪਰ ਆ ਚੁਕਾਹੈ। ਹੁਣ ਅੰਗ ੨ ਔਰ ੩ਕਾ ਉਤ੍ਰਦਿੰਦੇ ਹਾਂ॥

ਉਤ੍ਰ ਵੈਦਜੀ ਸਚਤੋ ਯੇਹਹੈਕਿ ਆਪ "ਆਨੰਦ ਬਿਵਾਹਪਰਵਿਚਾਰ" ਦੇ ਦੂਸਰੇ ਔਰ ਤੀਸਰੇ ਅੰਗ ਦਾ ਉਤਰ ਦੇ ਨਹੀਂ ਸਕਤੇ ਇਸ ਵਾਸਤੇ ਲਿਖ ਦੀਆ ਉਤਰ ਉਪਰ ਆ ਚੁਕਾ ਹੈ ਸੋ ਮਿਤ੍ਰ ਜੀ ਆਪਕੀ ਸਦ੍ਰਿਸ਼ ਇਤਨਾਂ ਲਿਖਨਾ ਕਾਫੀ ਹੈ ਕਿ ਹਮਾਰਾਭੀ ਉਤਰ ਉਪਰ ਆਚੁਕਾ ਕਜੋਂਕਿ ਹਮਨੇ ਆਪਕੀ ਏਕ ਏਕ ਬਾਤ ਔਰ ਅੱਖਰ ੨ ਕਾ ਉਤਰ ਲਿਖਾ ਹੈ॥

Sri Satguru Jagjit Singh Ji Elibrary NamdhariElibrary@gmail.com

**ਵੈਦ** ਸਫਾ ੨੫ ਸਤਰ ੮ ਸੇ ੧੨ ਤਕ। ਸ੍ਰੀ ਬਾਬਾ ਖੇਮਸਿੰਘ ਜੀ ਵੇਦੀ ਦੇ ਮੁੱਖ ਸਿਖ ਭਾਈ ਅਵਤਾਰ ਸਿੰਘ ਜੀ ਨੇ "ਵਿਵਾਹ ਪੱਧਤੀ" ਆਨੰਦ ਰੀਤੀ ਦੀ ਰਚੀ ਔਰ ਸ੍ਰੀ ਬਾਬਾ ਜੀ ਦੀ ਪੂਰਣ ਵਿਚਾਰ ਸੰਮਤੀ ਤੇ ਲਾਗਤ ਨਾਲ ਛਪਕੇ ਬਾਬਾ ਜੀ ਦੇ ਜੀਉਂਦੇ ਜੀ ਪ੍ਰਚਲਤ ਕੀਤੀ॥

**ਉਤ੍ਰ** ਵੈਦ ਜੀ ਸ੍ਰੀ ਮਾਨ ਵੇਦੀ ਵੰਸ ਅਵਤੰਸ ਔਨਰੇਬਲ ਸ੍ਰੀ ੧੦੮ ਬਾਬਾ ਖੇਮ ਸਿੰਘ ਜੀ ਕੇ ਦੋ ਤੀਨ ਬਿਵਾਹ ਔਰ ਉਨਕੇ ਚਾਰ ਸਪੁੱਤ੍ਰੋਂ ਕੇ ਬਿਵਾਹ ਸਨਾਤਨ ਹਿੰਦੂ ਰੀਤੀ ਸੇ ਹੂਏ ਔਰ ਅਬ ਸਨਾਤਨ ਹਿੰਦੂ ਰੀਤੀ ਸੇ ਉਨਕੇ ਖਾਨਦਾਨ ਮੇਂ ਬਿਵਾਹ ਹੋਤੇ ਹੈਂ। ਖਾਸ ਕਰ ਜਬ ਸ੍ਰੀ ੧੦੮ ਬਾਬਾ ਖੇਮ ਸਿੰਘ ਜੀ ਕਾ ਜੋਤੀ ਜੋਤ ਸਮਾਵਨ (ਮ੍ਰਿਤੂ) ਹੂਆ ਤਬ ਸ੍ਰੀ ੧੦੮ ਬਾਬਾ ਗੁਰਬਖਸ਼ ਸਿੰਘ ਬੇਦੀ ਸਭ ਸੇ ਬੜੇ ਪੁਤ੍ਰ ਜੀ ਨੇ ਮ੍ਰਿਤਕ ਕ੍ਰਿਯਾ ਕਰਮ ਸਨਾਤਨ ਹਿੰਦੂ ਰੀਤੀ ਸੇ ਕਰਵਾਈ ਔਰ ਭਾਈ ਅਵਤਾਰ ਸਿੰਘ ਜੀ ਨੇ ਅ- ਪਨੀ ਰਚਤ ਬਿਵਾਹ ਪੱਧਤੀ ਮੇਂ ਅਪਨਾ ਪਤਾ ਲਿਖਾ ਹੈ ਕਿ ਮੈਂ ਸ੍ਰੀ ੧੦੮ ਬਾਬਾ ਖੇਮਸਿੰਘ ਜੀ ਕਾ ਚਰਣ ਸੇਵਕ ਹੂੰ ਸ੍ਰੀ ਬਾਬਾ ਜੀ ਕੀ ਸੰਮਤੀ ਔਰ ਲਾਗਤ ਆਦੀ ਕਾ ਜਿਕਰ ਕਹੀਂ ਨਹੀਂ ਐਸਾ ਸੁਫੈਦ ਝੂਠ ਬੋਲਨੇ ਸੇ ਤੋ ਪਾਪੀ ਭੀ ਡਰਤੇ ਹੈਂ ਆਪ ਨਹੀਂ ਡਰਤੇ ਧੰਨ ਹੋ। ਔਰ ਸ੍ਰੀਮਾਨ ਭਾਈ ਅਵ ਤਾਰ ਸਿੰਘ ਜੀ ਆਪਕੀ ਮਨਮੁਖੀ ਗੁਰਮਰਯਾਦਾ ਸੇ ਵਿਰੁਧ ਬੇਦੀਆਦਿਕ ਅਪਨੀ ਸੰਸਕਾਰ ਬਿਧੀ ਮੇਂ ਲਿਖਤੇ ਹੈਂ ਜਿਸਕਾ ਪੂਰਾ ਨਿਰਣਾ ਅਪਨੇ ਰਚੇ "ਖਾਲਸਾ ਸੁਧਾਰਤਰੂ" ਸੈਂਚੀ ਅਠਵੀਂ ਸਫਾ ੪੪੩ ਔਰ ੪੪੪ ਗੁਰੂ ਕੇ ਸਿਖੋਂ ਮੇਂ ਓਅੰਕਾਰ ਔਰ ਨਵਗ੍ਰਹਿ ਪੂਜਾ ਕਰਨੀ ਆਦਿਕ ਮਾਨਤੇ ਹੈਂ। ਇਸੀ ਪ੍ਰਕਾਰ ਔਰ ਪ੍ਰਮਾਣ ਦੇਨੇ ਮੇਂ ਵੈਦ ਜੀ ਕਾ ਅਗਿਆਨ ਹੈ॥

**ਵੈਦ** ਸਫਾ ੨੬ ਸਤਰ ੧੦ ਸੇ ੧੪ ਤਕ॥ ਬੈਰਾੜ ਬੰਸ ਦੇ ਸਿਰਮੌਰ ਸ੍ਰੀ ੧੦੮ ਮਹਾਰਾਜਾ ਸਾਹਿਬ ਜੀ ਪਟਿਆਲਾ ਨੇ ਸਖਤ ਮੁਖਾਲ ਫਤ ਦੇ ਸਾਹਮਣੇ ਗੁਰਮਤ ਆਨੰਦ ਨੂੰ ਹੀ ਵਿਆਹ ਸਮਝਿਆ ਅਰ ਪੁਰਾਣੀ ਮਰਯਾਦਾ ਨੂੰ ਰੱਦਕੇ ਆਪਨਾ ਆਨੰਦ ਕਰਵਾਯਾ। ਓਹ ਸਮਝ ਗਏ ਹਨ ਕਿ ਸਾਡੀ (ਸਿਖਾਂ ਦੀ) ਅਸਲੀ ਰੀਤੀ ਏਹੋ ਹੈ॥

**ਉਤ੍ਰ** ਵੈਦ ਜੀ ਸ੍ਰੀ ੧੦੮ ਮਹਾਰਾਜਾ ਪਟਿਆਲਾ ਕੇ ਖਾਨ ਦਾਨ ਮੇਂ ਪ੍ਰਿਥਮ ਕਾਲ ਸੇ ਲੇਕਰ ਆਜ ਪ੍ਰਯੰਤ ਸਨਾਤਨ ਹਿੰਦੂ ਰੀਤੀ ਸੇ ਬਿਵਾਹ ਹੂਏ ਹੈਂ ਖਾਸਕਰ ਬਰਤਮਾਨਕੇ ਮਹਾਰਾਜਾ ਪਟਿਆਲਾ ਕਾ ਬਿਵਾਹ ਹਿੰਦੂ ਰੀਤੀ ਸੇ ਸ੍ਰੀ ੧੦੮ ਮਹਾਰਾਜਾ ਬ੍ਰਿਧ ਨਾਭਾ ਜੀ ਨਰੇਸ ਜੀ ਕੇ ਸਨਮੁਖ ਪਿਛਲੇ ਬਰਖ ਮੇਂ ਹੂਆ ਹੈ ਔਰ ਸ੍ਰੀ ੧੦੮ ਮਹਾਰਾਜਾ ਪਟਿਆਲਾ ਬੁਧੀਵਾਨ ਹੈਂ ਜੋ ਮਰਯਾਦਾ ਭੰਗ ਕਰਨੇ ਵਾਲੇ ਨਹੀਂ। ਅਲਪ ਕਾਲਕਾ ਸਮਾਚਾਰ ਸੁਨਾ ਕਿ ਫੌਜਕੇ ਅਫਸਰ ਨੇ ਫੌਜ ਸੇ ਸ੍ਰੀ ੧੦੮ ਮਹਾਰਾਜਾ ਕੋ "ਸ੍ਰੀਵਾਹਿਗੁਰੂ ਜੀ ਕੀ ਫਤੇ" ਜੋ ਬ੍ਰਾਬਰ ਕੇ ਪੁਰਖ ਕੋ ਕਹਾ ਕਰਤੇ ਹੈਂ ਵੋਹ ਕਹਿਲਾ ਦੀ ਸ੍ਰੀ

੧੦੮ ਮਹਾਰਾਜਾ ਨੇ ਫੌਜਕੇ ਅਫਸਰ ਕੋ ਬਹੁਤ ਡਾਂਟਾ ਔਰ ਸ੍ਰੀ ਮੁਖ ਸੇ ਕਹਾ ਕਿ ਮੇਰੇ ਚਾਚਾ ਸਾਹਿਬ ਪਿਤਾ ਸਮਾਨ ਤੇ ਮਹਾਰਾਜ ਹੋਣੇ ਕੇ ਕਾਰਣ ਮੱਥਾ ਟੇਕਤੇ ਹੈਂ ਆਪ ਮਰਯਾਦਾ ਭੰਗ ਕਰਾਤੇ ਹੋ॥ ਖਬਰਦਾਰ ਆਗੇ ਕੋ ਐਸੀ ਮੂਰਖਤਾ ਨਹੀਂ ਕਰਨੀ॥

**ਵੈਦ** ਸਫਾ ੨੬ ਸਤਰ ੧੫ ਸੇ ੧੭ ਤਕ। ਸ੍ਰੀ ਮਹਾਰਾਜਾ ਸਾਹਿਬ ਜੀ ਨਾਭਾ ਦਾ ਅੰਤ੍ਰੀਵ ਸੱਤ ਭਾਵ ਅਸੀਂ ਪਹਿਲੇ ਭੂਮਿਕਾ ਵਿਚ ਹੀ ਪ੍ਰਕਾਸ਼ਤ ਕਰ ਚੁਕੇ ਹਾਂ॥

**ਉਤ੍ਰ** ਵੈਦ ਜੀ ਕਿਆ ਸ੍ਰੀ ੧੦੮ ਮਹਾਰਾਜਾ ਸਾਹਿਬ ਨਾਭਾ ਸ੍ਰੀ ੧੦੮ ਮਹਾਰਾਜਾ ਪਟਿਆਲਾਕੇ ਸਦ੍ਰਿਸ਼ ਨਹੀਂ ਮਾਨਤੇ ਜੋ ਉਨਕੇ ਨਾਮ ਸਾਥ ੧੦੮ ਸ੍ਰੀ ਨਹੀਂ ਲਿਖੀ ਔਰ ਪਟਿਆਲਾ ਕੇ ਸਾਥ ਲਿਖੀ ਹੈ। ਵੈਦ ਜੀ ਸ੍ਰੀ ੧੦੮ ਮਹਾਰਾਜਾ ਸਾਹਿਬ ਨਾਭਾ ਜੀ ਕਾ ਅੰਤ੍ਰੀਵ ਸੱਤ ਭਾਵ ਹਿੰਦੂ ਵੈਦਕ ਰੀਤੀ ਕਾ ਹੈ ਜੋ ਉਨੋਂ ਨੇ ਅਪਨੇ ਪੁਤ੍ਰ ਸ੍ਰੀ ੧੦੮ ਟਿਕਾ ਜੀ ਔਰ ਪੁਤ੍ਰੀ ਸ੍ਰੀ ਬੀਬੀ ਕਾ ਬਿਵਾਹ ਹਿੰਦੂ ਰੀਤੀ ਸੇ ਕੀਆ ਔਰ ਪਤਖ ਸ੍ਰੀ ੧੦੮ ਮਹਾਰਾਜਾ ਕਾ ਸਿਧਾਂਤ ਔਰ ਹੁਕਮ "ਅਨੰਦ ਬਿਵਾਹ ਪਰ ਵਿਚਾਰ" ਰਸਾਲੇ ਦੁਆਰਾ ਦੇਖ ਲੋ ਖਾਸ ਕਰ ਜਿਸਕੇ ਦੇਖਨੇ ਸੇ ਆਪਕੋ ਦ੍ਵੇਸ਼ ਰੂਪੀ ਅਗਨੀ ਲਗੀਹੁਈ ਹੈ। ਜਿਸਕਾ ਉਤ੍ਰ ਲੋਗੋਂ ਕੀ ਇਮਦਾਦ ਸੇ ਲਿਖਤੇ ਹੋ॥

**ਵੈਦ** ਸਫਾ ੨੭ ਸਤਰ ੧ ਸੇ ੩ ਤਕ। ਹੁਣੇ ਹੀ ਆਪਦੀ ਰਿਆਸਤ ਦੇ ਵਜ਼ੀਰ ਸਾਹਿਬ ਦੇ ਸਪੁਤ੍ਰ ਦੀ ਸ਼ਾਦੀ ਪਟਿਆਲੇ ਦੇ ਵਜ਼ੀਰ ਸਾ-ਹਿਬ ਦੀ ਸਪੁਤ੍ਰੀ ਨਾਲ ਇਸੇ ਪ੍ਰਕਾਰ ਹੋਈ। ਚਰਾਗ ਤਲੇ ਅੰਧੇਰੇ ਵਾਲੀ ਗੱਲ ਹੈ॥

**ਉਤ੍ਰ** ਵੈਦ ਜੀ ਆਪਕੀ ਮਨਮੁਖੀ ਗੁਰਮਰਯਾਦਾ ਬਿਵਾਹ ਰੀਤੀ ਕੋ ਆਪਕੇ ਪਰਮਾਣੀਕ ਸਿੰਘ (ਭਾਈ ਅਵਤਾਰਸਿੰਘ ਜੀ) "ਖਾਲ ਸਾ ਸੁਧਾਰ ਤਰੂ" ਅਠਵੀਂ ਸੈਂਚੀ ਸਫਾ ੪੪੫ ਔਰ ੪੪੯ ਔਰ ੪੫੦ ਮੇਂ ਮਹਾਨ ਪਾਪ ਕੇ ਪਰਚਾਰ ਕਰਨੇ ਵਾਲੀ ਸਿਧ ਕਰਤੇ ਹੈਂ ਜੈਸੇ ਪਹਿਲੇ ਆਪ ਝੂਠ ਬੋਲਤੇ ਆਏਹੋ ਐਸੇਹੀ ਸੁਵੈਦ ਝੂਠਯੇਹਹੈ ਕਿਉਂਕਿ ਇਨਦੋਨੋਂਕੇ ਫੇਰੇ ਹੂਏ ਹੈਂ ਯਦਿ ਆਪਕੋ ਸੰਦੇਹ ਹੈ ਤੋ ਨਾਭੇ ਸੇ ਜਾਕਰ ਦੁਲਹਾ ਔਰ ਬਰਾਤਯੋਂ ਸੇ ਪੂਛ ਲੋ ਔਰ ਭੀ ਆਪਕੇ ਔਰ ਸ਼ਿਰੋਮਣੀ ਕੀ ਪੁਤ੍ਰੀ ਕੇ ਏਕ ਸਰਦਾਰ ਸੇ ਫੇਰੇ ਹੂਏ ਹੈਂ ਪਰੰਤੂ ਯੇਹ ਸਭ ਲੇਖ ਆਪਕੇ ਨਿਕੰਮੇ ਹੈਂ ਕਿਉਂਕਿ ਰਸਾਲੇ ਆਨੰਦ ਬਿਵਾਹ ਮੇਂ ਪ੍ਰਾਚੀਨ ਸਿਖੋਂ ਕੇ ਸਬੂਤ ਮਾਂਗੇ ਹੈਂ ਆਪ ਉਲਟ ਆਜ ਕਲ ਕੇ ਸਬੂਤ ਦੇਤੇ ਹੋ ਸਵਾਲ ਦੀਗਰ ਜਵਾਬ ਦੀਗਰ॥

**ਵੈਦ** ਸਫਾ ੨੯ ਸਤਰ ੧ ਸੇ ੨ ਔਰ ਸਫਾ ੨੮ ਸਤਰ ੩। (੪) ਸੌ ਸਾਖੀ ਦੀ ਬਾਤਨੂੰ ਆਪ ਲਿਖਦੇਹੋ ਕਿ ਕਰਤਾਨੇ ਇਕ ਤੋਂ ਸੁਣੀ ਹੈ ਇਸ ਵਾਸਤੇ ਮੰਨਨ ਯੋਗ ਨਹੀਂ ਹੈ ਆਪਦੇ ਖਿਆਲ ਵਿਚ ਸਿਖ ਦੀ ਗੱਲ

Sri Satguru Jagjit Singh Ji Elibrary NamdhariElibrary@gmail.com

ਮੰਨਨ ਯੋਗ ਨਹੀਂ ਹੈ ਕਿਉਂਕਿ ਆਪ ਸਿਖਾਂ ਨੂੰ ਝੂਠੇ ਖਯਾਲ ਕਰਦੇ ਹੋ ॥

**ਉਤ੍ਰ** ਵੈਦ ਜੀ ਆਪ ਜਲਪ ਔਰ ਵਿਤੰਡਾਬਾਦ ਕੇ ਪੂਰਣ ਪ੍ਰੇਮੀ ਹੋ ਜੋ "ਅਨੰਦ ਬਿਵਾਹ ਪਰ ਵਿਚਾਰ" ਲੇਖ ਸੇ ਵਿਰੁਧ ਔਰ ਅਪਨੇ ਮਤਲਬ ਕਾ ਲਿਖਕਰ ਖੰਡਨ ਕਰਤੇ ਹੋ ਕਿਉਂਕਿ "ਅਨੰਦ ਬਿਵਾਹ ਪਰ ਵਿਚਾਰ" ਮੇਂ ਲੇਖ ਹੈ ਕਿ ਯੇਹ ਸੌ ਸਾਖੀ ਕੀ ਬਾਰਤਾ ਮੇਰੇ ਸਾਮਨੇ ਨਹੀਂ ਹੂਈ ਔਰ ਨਾ ਗੁਰੂ ਸਾਹਿਬ ਜੀ ਸੇ ਸੁਨੀ ਸਿਰਫ ਏਕ ਇਕ ਸਿਖ ਕੀ ਜ਼ਬਾਨੀ ਸੁਨੀ ਹੈ ਸਿਖੋਂ ਕੋ ਝੂਠਾ ਖਿਆਲ ਕਰਨੇ ਕਾ ਝੂਠਾ ਇਲਜ਼ਾਮ ਦੇਤੇ ਹੋ ॥

**ਵੈਦ** ਸਫਾ ੨੯ ਸਤਰ ੧੬ ਸੇ ੧੯ ਤਕ। ਫੇਰ ਆਪ ਕਹਿੰਦੇ ਹੋ ਕਿ "ਕਾਹਨ ਸਿੰਘ ਉਸ ਲੜਕੀ ਨੂੰ ਭੈਣ ਕੈਹ ਚੁਕਾ ਸੀ ਫੇਰ ਵਿਆਹ ਕਰਨਾ ਪਿਆ ਇਸ ਲਈ ਉਹ ਔਰਤ ਰੰਡੀ ਸਮਝੀ ਗਈ ਤੇ ਤਦ ਕਰਕੇ ਅਨੰਦ ਦੀ ਰੀਤੀ ਹੋਈ" ॥

**ਉਤ੍ਰ** ਵੈਦ ਜੀ ਪੱਕਾ ਬਾਕਦਾਨ ਜੋ ਕੰਨਿਆਂ ਕੇ ਪਿਤਾ ਔਰ ਗੁਰੂ ਜੀ ਕੀ ਆਗਿਆਨੁਸਾਰ ਹੋ ਚੁਕਾ ਜਿਸਸੇ ਸ੍ਰੇਸ਼ਟ ਰੀਤੀ ਅਨੁਸਾਰ ਬਿਵਾਹ ਹੋ ਜਾਨਾ ਥਾ ਜਿਸਕੋ ਭਾਈ ਕਾਹਨਸਿੰਘਜੀਨੇ ਮੂਰਖਤਾ ਸੇ ਖੋਟਾਬਚਨ ਕੈਹਕਰ ਬਾਕਦਾਨ ਮੋੜ ਦੀਆ ਇਸ ਕਾਰਣ ਉਸਕਾ ਬਿਵਾਹ ਨਹੀਂ ਹੂਆ ਅਨੰਦ ਹੂਆ ਜੈਸੇ ਵਿਧਵਾਓਂ ਕਾ ਹੋਤਾ ਹੈ। ਰੰਡੀ ਸਮਝੀ ਗਈ ਕਹੀਂ ਪਾਠ ਨਹੀਂ। ਜਿਸ ਕੋ ਅਜੀਬ ਯੁਕਤੀ ਕੈਹਕਰ ਉਪਹਾਸ ਮੂਰਖੋਂ ਕੀ ਸਦ੍ਰਿਸ਼ ਕਰਤੇ ਹੋ ॥

**ਵੈਦ** ਸਫਾ ੩੦ ਸਤਰ ੩ ਸੇ ੧੮ ਤਕ। 'ਪਾਪੀਕੋ ਮਾਰਨੇਕੋ ਪਾਪ ਮਹਾਂ ਬਲੀ ਹੈ' ਆਪਦੇ ਇਸ ਹਿਸਾਬ ਦੁਨੀਆਂ ਵਿਚ ਆਪਦੀ ਵੇਦਕ ਰੀਤੀ ਨਾਲ ਜਿਤਨੇ ਵਿਆਹ ਹੋਏ ਹੋ ਰਹੇ ਤੇ ਹੋਣਗੇ ਓਹ ਸਭ ਰੰਡੀਆਂਹਨ ਤੇ ਹੋਣਗੀਆਂ ਹੋਰ ਕਿਸੇ ਤਰਾਂ ਨਹੀਂ ਕੇਵਲ ਆਪਦੇ ਏਸ ਮੰਤਕ ਨਾਲ ਹੀ ਕਿ "ਪੈਹਲੇ ਭੈਣ ਭਰਾ ਕਹੇ ਜਾਵਨ ਤੇ ਫੇਰ ਉਨਾਂ ਦੀ ਸ਼ਾਦੀ ਹੋਣੀ ਹੋਵੇ ਤਦ ਓਹ ਇਸਤ੍ਰੀ ਰੰਡੀ ਗਿਣੀ ਜਾਵੇਗੀ" ਆਪ ਪੁਛੋਗੇ ਕਿ ਭਾਈ ਕਾਹਨ ਸਿੰਘ ਜੀ ਨੇ ਤਾਂ ਉਸ ਲੜਕੀ ਨੂੰ ਭੈਣ ਕਿਹਾ ਸੀ ਪਰ ਵੇਦਕ ਰੀਤੀ ਨਾਲ ਵਿਆਹ ਹੋਣ ਵਾਲੇ ਭੈਣ ਭਰਾ ਕੀਕੁਰ ਹੋ ਜਾਂਦੇ ਹਨ ਇਸ ਵਾਸਤੇ ਲਓ ਆਪਦੇ ਹੀ ਚਾਰ ਭਾਗ ਗ੍ਰੰਥ ਪ੍ਰਜਾ ਧਰਮ ਮੇਂ ਲਿਖਿਆ ਹੈ ਕਿ "ਜਿਮੀਂਦਾਰ ਕੇ ਹਤਾ ਹੈ ਦੇਖੋ ਤੋ ਸਹੀ ਬ੍ਰਾਹਮਣ ਸਾਖਾਂ ਪੜ੍ਹਤਾ ਹੂਆ ਫੇਰਿਆਂ ਕੇ ਮੌਕੇ ਪਰ ਕਿਆ ਕਹਿਤਾ ਹੈ "ਕਸਵਾ ਗੋਤਰੀ ਕਸਵਾ ਗੋਤਰਾ" ਦੇਖੋ ਯੇਹ ਕਿਆ ਹੂਆ ਭੈਣ ਭਾਈ ਕਾ ਬਿਵਾਹ ਹੂਆ ਕਿ ਨਹੀਂ ॥"

**ਉਤ੍ਰ** ਵੈਦ ਜੀ "ਪਾਪ ਬੁਰਾ ਪਾਪੀਕੋ ਪਿਆਰਾ" ਭਾਈ ਕਾਹਨ ਸਿੰਘ ਜੀ ਨੇ ਤੋ ਇਸਤ੍ਰੀ ਕੋ ਭੈਣ ਕੈਹ ਦੀਆ। ਮਿਤਰੋ ਜਬ ਪਤੀ ਨੇ ਇਸਤ੍ਰੀ ਕਾ ਰਿਸ਼ਤਾ ਤੋੜ ਦੀਆ ਤੋ ਵਿਧਵਾ ਕੇ ਸਦ੍ਰਿਸ਼ ਹੋ ਗਈ ਔਰ ਜਿਨ

ਕੇ ਵੈਦਕ ਰੀਤੀ ਸੇ ਬਿਵਾਹ ਹੁਏ ਔਰ ਹੋਂਗੇ ਉਨ ਇਸਤ੍ਰੀ ਪੁਰਖੋਂ ਕੋ ਭੈਣ ਭਾਈ ਸਮਝਨਾ ਆਪਕਾ ਅਗਿਆਨ ਹੈ ਕਿਉਂਕਿ ਸਰਬਤ੍ਰ ਕਾ ਕਸਵ ਅਰਥਾਤ ਕਸ਼ਜਪ ਗੋਤ੍ਰ ਨਹੀਂ ਹੋਤਾ। ਦੂਸਰੇ ਕਸ਼ਪ ਗੋਤਕੀ ਭ੍ਰਾਂਤੀ ਐਸੇ ਹੈ ਜੈਸੇ ਅਨੇਕ ਲਾਵਾਰਸੋਂ ਕਾ ਵਾਰਸ ਰਾਜਾ ਹੋਤਾ ਹੈ ਵੈਸੇ ਹੀ ਜਿਸਕਾ ਗੋਤ੍ਰ ਮਾਲੂਮ ਨਹੀਂ ਉਸਕਾ ਕਸ਼ਪ ਗੋਤ੍ਰ ਕਹਾ ਕਰਤੇ ਹੈਂ ਕਿਉਂਕਿ ਕਸ਼ਪ ਸੇ ਸੰਸਾਰ ਕੀ ਉਤਪਤੀ ਲਿਖੀ ਹੈ ਦੇਖੋ ਸ੍ਰੀ ਮਦ ਭਾਗਵਤ ਸਕੰਧ ੪ ਅਧਜਾਇ ੧ ਸਲੋਕ ੧੩॥ ਔਰ ਵੈਦਜੀ ਆਪਕੀ ਮਨਮੁਖੀ ਗੁਰ ਮਰਯਾਦਾ (ਅਨੰਦ) ਸੇ ਤੋ ਸਕੇ ਭੈਣ ਭਾਈ ਜਰੂਰ ਬਨ ਕਰ ਪਾਪੀ ਹੋਨੇ ਕਾ ਡਰ ਹੈ। ਕਿਉਂਕਿ ਲੜਕੇ ਲੜਕੀ ਕੋ ਅੰਮ੍ਰਿਤ (ਪਾਹੁਲ) ਛਕਾਏ ਬਗੈਰ ਅਨੰਦ ਬਿਵਾਹ ਨਹੀਂ ਹੋਤਾ। ਜੋ ਅੰਮ੍ਰਿਤ ਛਕਤੇ ਹੈਂ ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਪੁਤ੍ਰ ਔਰ ਪੁਤ੍ਰੀ ਹੋ ਜਾਤੇ ਹੈਂ ਦੇਖੋ ਇਸਤ੍ਰੀ ਪੁਰਖੋਂ ਕੋ ਖੰਡੇ ਕਾ ਅੰਮ੍ਰਿਤ ਛਕਾਨੇ ਮੇਂ ਆਪਕੇ ਪ੍ਰਮਾਣੀਕ ਪੁਰਸ਼ੋਂ ਕੀ ਸੰਮਤੀ ਕਿ ਅੰਮ੍ਰਿਤ ਛਕ ਗੁਰੂ ੧੦ ਜੀ ਕੀ ਸੰਤਾਨ ਹੋਨਾ ਸਿਧ ਹੈ ਯਥਾ-(੧) ਦੇਖੋ ਭਾਈ ਦਿਤ ਸਿੰਘ ਗਿਆਨੀ ਕ੍ਰਿਤ "ਨਕਲੀ ਸਿਖ ਪ੍ਰਬੋਧ" ਸਫਾ ੫੧ ਸਤਰ ੧ ਸੇ ੬ ਔਰ ਸਫਾ ੬੬ ਸਤਰ ੧੪। ਅੰਮ੍ਰਿਤ ਛਕਾਯਾ ਅਤੇ ਸਭ ਨੂੰ ਇਕ ਜਗਾ ਭੋਜਨ ਛਕਾਯਾ ਅਰ ਹਕੀਕੀ ਭਾਈ ਬਣਾਏ ਜਿਸ ਤੇ ਉਨਾਂ ਨੂੰ ਇਹ ਉਪਦੇਸ਼ ਦਿਤਾ ਕਿ ਤੁਸੀ ਗੁਰੂ ਗੋਬਿੰਦ ਸਿੰਘ ਜੀ ਦੇ ਪੁਤ੍ਰ ਹੋਏ ਅਰਥਾਤ ਮੈਂ ਤੁਹਾਡਾ ਪਿਤਾ ਹਾਂ ਅਰ ਸਾਹਿਬ ਦੇਵਾਂ ਤੁਹਾਡੀ ਮਾਈ ਹੈ ਅਤੇ ਤੁਸਾਡੀ ਜਾਤ ਅਜ ਤੋਂ ਸੋਢੀ ਹੋਈ॥ (੨) ਦੇਖੋ ਹਮ ਹਿੰਦੂ ਨਹੀਂ ਕੇ ਰਚਤਾ ਭਾਈ ਕਾਹਨ ਸਿੰਘ ਕ੍ਰਿਤ ਗੁਰਮਤ ਪ੍ਰਭਾਕਰ ਸਫਾ ੨੬੫ ਸਤਰ ੨੨ ਜਬ ਕੋਈ ਪੁਰਸ਼ ਅੰਮ੍ਰਿਤ ਛਕਤਾ ਹੈ ਉਸਕੋ ਕਹਾ ਜਾਤਾ ਹੈ ਕਿ ਆਜ ਸੇ ਤੂੰ ਗੁਰੂ ਗੋਬਿੰਦ ਸਿੰਘ ਸਾਹਿਬ ਕਾ ਪੁਤ੍ਰ ਸੋਢਬੰਸ ਹੂਆ ਅਪਨਾ ਜਨਮ ਪਟਨੇ ਕਾ ਔਰ ਵਾਸੀ ਅਨੰਦ ਪੁਰ ਕਾ ਕਹਿਨਾ। ਔਰ ਉਕਤ ਪੁਸਤਕ ਸਫਾ ੨੬੧ ਸਤਰ ੨੪ ਲੜਕੀ ਕਾ ਅੰਮ੍ਰਿਤ ਨਾ ਛਕਿਆ ਹੂਆ ਹੋ ਤੋ ਅਨੰਦ ਸੇ ਪ੍ਰਿਥਮ ਛਕਾ ਦੇਨਾ ਚਾਹੀਏ॥ (੩) ਦੇਖੋ ਖਾਲਸਾ ਦੀਵਾਨ ਭਸੌੜ ਦੇ ਗੁਰਮਤੇ (ਫੈਸਲੇ) ਜੋ ਭਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼ ਦੇ ਮੁਫੀਦ ਆਮ ਪ੍ਰੇਸ ਲਾਹੌਰ ਸੰਮਤ ੪੩੫ ਨਾਨਕਸ਼ਾਹੀ ਮੇਂ ਤੀਸਰੀ ਬਾਰ ਛਪੇ ਕੇ ਸਫਾ ੧੦ ਸਤਰ ੧੦ ਸੇ ੧੫ ਤਕ। ਇਸ ਅੰਮ੍ਰਿਤ ਦੇ ਸਵਾਲ ਦਾ ਫੈਸਲਾ ਇਸਤੇ ਪੈਹਲਾਂ ਹੋ ਚੁਕਾ ਹੈ ਕਿ ਅੰਮ੍ਰਿਤ ਇਸਤ੍ਰੀ ਅਥਵਾ ਪੁਰਸ਼ ਕਾ ਇਕ ਹੈ ਔਰ ਵੋਹ ਖੰਡੇ ਕਾ ਹੈ ਔਰ ਖਾਲਸਾ ਅਖਬਾਰ ਮੇਂ ਪੰਥ ਪਰ ਪ੍ਰਗਟ ਹੋ ਚੁਕਾ ਹੈ ਔਰ ਮੁਤਾਬਕ ਫੈਸਲੇ ਕਾਰਰਵਾਈ ਜਾਰੀ ਹੈ ਔਰ ਇਸ ਦਿਵਾਨ ਨੇ ਭੀ ਏਹੋ ਫੈਸਲਾ ਪਰਵਾਨ ਕੀਤਾ ਹੈ ਕਿ ਇਸਤ੍ਰੀ ਔਰ ਪੁਰਸ਼ਾਂ ਵਾਸਤੇ ਇਕੋ ਅੰਮ੍ਰਿਤ ਖੰਡੇ ਕਾ ਹੈ॥ (੪) ਦੇਖੋ ਖਾਲਸਾ ਦੀਵਾਨ ਫੀਰੋਜ਼ਪੁਰ ਕੇ ਫੈਸਲੇ ਜੋ ੧੪-੧੫ ਜੁਲਾਈ ਸੰਨ ੧੯੦੧ ਕੋ ਹੂਏ ਔਰ ਵੀਰ ਸੁਧਾਰ ਪਤ੍ਰ ਮੇਂ ਜਿਸ

Sri Satguru Jagjit Singh Ji Elibrary NamdhariElibrary@gmail.com

ਤ੍ਰੀਓਂ ਕੋ ਅੰਮ੍ਰਿਤ ਛਕਾ ਕਰ ਪੁਰਸ਼ੋਂ ਜੈਸੀ ਦਸਤਾਰ (ਪਗੜੀ) ਬੰਧਾਈ ਗਈ ਸਾਫ ਲਿਖਾ ਹੈ ॥ (੫) ਵੇਖੋ ਰੀਪੋਰਟ ਖਾਲਸਾਜੀ ਦਾ ਦੀਵਾਨ ਧੰਨ ਪੋਠੋਹਾਰ ਜੋ ਵਜ਼ੀਰ ਹਿੰਦ ਪ੍ਰੇਸ ਅੰਮ੍ਰਿਤਸਰ ਮੰ: ੪੩੯ ਨਾਨਕਸ਼ਾਹੀ ਛਪੇ ਕਾ ਸਫਾ ੨੧ ਸਿੰਘਣੀਓਂ ਕੇ ਦੀਵਾਨ ਕੇ ਲੇਖ ਮੇਂ ਕਿ ਭੈਣੋ ਜੋ ਪਿਆਰ ਸਾਡੇ ਨਾਲ ਕਲਗੀਆਂ ਵਾਲੇ ਪਿਤਾ ਨੇ ਕੀਤਾ ਹੈ ਓਹ ਅਜ ਤਕ ਕਿਸੇ ਅਵਤਾਰ ਪੈਗੰਬਰ ਨੇ ਨਹੀਂ ਕੀਤਾ ਅੰਮ੍ਰਿਤ ਛਕਕੇ ਰਹਿਤ ਰਖਦੀਆਂ ਹਾਂ ਇਤਯਾਦਿ ॥

**ਨੋਟ** ਵੈਦ ਜੀ ਉਕਤ ਪ੍ਰਮਾਣੋਂ ਦੁਆਰਾ ਸਕੇ ਭੈਣ ਭਾਈ ਆਪਕੇ ਆਨੰਦ ਬਿਵਾਹ ਸੇ ਜਰੂਰ ਹੋ ਜਾਤੇ ਹੈਂ ਜਿਸ ਪਾਪ ਕੇ ਰੋਕਨੇ ਲੀਏ ਸ੍ਰੀ ਤਖਤ ਅਬਚਲਾ ਨਗਰ (ਹਜੂਰ ਸਾਹਿਬ) ਜੀ ਨੇ ਹੁਕਮ ਨਾਮਾ ਜਾਰੀ ਕੀਆ ਹੁਆ ਹੈ ਜਿਸਕੋ ਭਾਈ ਸਰਦੂਲ ਸਿੰਘ ਗਿਆਨੀ ਅੰਮ੍ਰਿਤਸਰ ਨਿਵਾਸੀ ਨੇ ੩ ਚੇਤ੍ਰ ਸੰਮਤ ੧੯੬੨ ਸ੍ਰੀ ਹਜੂਰ ਸਾਹਿਬ ਕਾ ਹੁਕਮ ਸ੍ਰੀਗੁਰਮਤ ਪ੍ਰੇਸ ਲਾਹੌਰ ਮੇਂ ਬਤੌਰ ਚਿੱਠੀ ਕੇ ਛਪਵਾਕਰ ਬਾਂਟ ਦੀਆ ਜਿਸਮੇਂ ਲਿਖਾ ਹੈ ਕਿ ਬੰਦੇ ਨੇ ਅਰਜ ਕੀਤੀ ਕਿ ਸਾਰੀਆਂ ਸਭਾ ਬੇਮੁਖ ਨਹੀਂ ਹਨ ਤਾਂ ਹੁਕਮ ਹੋਯਾ ਕਿ ਅੱਗੇ ਲਿਖੀਆਂ ਕੁਰੀਤੀਆਂ ਕਰਨ ਵਾਲਿਆਂ ਨਾਲ ਮੇਲ ਨਾ ਕਰੋ ॥ (੧) ਧੂਪ ਦੀਪ ਆਰਤੀ ਆਦਿ ਰੀਤੀਆਂ ਤੋੜਕੇ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ॥ (੨) ਜੋ ਰਹਿਰਾਸ ਦਾ ਪਾਠ ਘਟਾਉਣ ਅਰ ਰਾਗ ਮਾਲਾ ਨਾ ਪੜ੍ਹਨ ॥ (੩) ਜੋ ਤਖਤਾਂ ਦੀ ਆ-ਗਿਆ ਲਏ ਬਿਨਾਂ ਨੀਚ ਜਾਤੀਆਂ ਨਾਲ ਮੇਲ ਕਰਲੈਣ ॥ (੪) ਜੋ ਦਸਮ ਗੁਰੂਜੀ ਦੀ ਬਾਣੀ ਨੂੰ ਕਵੀ ਉਕਤਿ ਕਹਿਣ ਅਰ ਸ੍ਰੀਮੁਖਵਾਕ ਨਾ ਮੰਨਣ ॥ (੫) ਜੋ ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ॥ (੬) ਜੋ ਉਪਰ ਲਿਖੇ ਕੰਮ ਕਰਨ ਵਾਲਿਆਂ ਨਾਲ ਮੇਲ ਰਖਣ ॥ ਸੋ ਏਹ ਗੁਰੂ ਤੇ ਬੇਮੁਖ ਗੁਰਦੁਆਰਿਆਂ ਦੀ ਬੇਅਦਬੀ ਕਰਨ ਵਾਲੇ ਸਮਝਕੇ ਪੰਥ ਤੇ ਖਾਰਜ ਕੀਤੇ ਜਾਣਗੇ। ਔਰ ਚਾਰ ਭਾਗ ਕੀ ਬਾਬਤ ਹਮ ਪਹਿਲੇ ਲਿਖਚੁਕੇਹੈਂ ਜਿਸਕੋ ਆਪ ਸਫੇ ੭੨ ਪਰਪੰਚ ਰਚਨਾ ਬੇਦਲੀਲਾ ਅਪਰਮਾਣ ਆਦਿਕ ਅਪਸ਼ਬਦੋਂ ਸੇ ਚਾਰ ਭਾਗ ਕੀ ਨਿੰਦਾ ਕਰਤੇ ਹੋ ॥

**ਵੈਦ** ਸਫਾ ੩੧ ਸੇ ੩੬ ਤਕ। ਚਾਰ ਭਾਗ ਗ੍ਰੰਥ ਕੇ ਪ੍ਰਮਾਣੋਂ ਪਰ ਜ਼ੋਰ ਦੇਕਰ ਮਹਾਰਾਜਾ ਕ੍ਰਿਤ ਔਰ ਅਨੰਦ ਕੇ ਹਾਮੀ ਸਿਧ ਕੀਆਹੈ ॥

**ਉਤ੍ਰ** ਵੈਦ ਜੀ ਆਪਕੇ ਉਕਤ ਲੇਖ ਮੂਰਖਤਾ ਕਾ ਉਤਰ ਸਫੇ (੬) ਔਰ ੩੦ ਕੇ ਉਤ੍ਰ ਮੈਂ ਲਿਖ ਚੁਕਾ ਹੂੰ। ਪ੍ਰਿਸਟ ਪੇਸਣ ਕੀ ਜਰੂ-ਰਤ ਨਹੀਂ ਵਹਾਂ ਦੇਖ ਲੋ ॥

**ਵੈਦ** ਸਫਾ ੩੬ ਸਤਰ ੨੩ਸੇ ੨੫। (੫) ਇਸਨੰਬਰ ਵਿਚ ਲੇਖਕ ਜੀ ਉਹੋ ਮੁੜ ੨ ਪੀਸੇ ਨੂੰ ਪੀਸਦੇ ਹਨ ਕਿ "ਅਨੰਦ ਦੀ ਮਰਯਾਦਾ ਹੈ ਪ੍ਰਮਾਣੀਕ ਅਰ ਗੁਰੂ ਘਰ ਦੀ ਹੈ" ॥ (ਅੰਗ ੫ ਕਾ ਉਤ੍ਰ)

Sri Satguru Jagjit Singh Ji Elibrary NamdhariElibrary@gmail.com

**ਉਤ੍ਰ** ਵੈਦ ਜੀ ਮੁੜ ੨ ਪੀਸੇ ਕੋ ਨਹੀਂ ਪੀਸਤੇ ਪ੍ਰਕਰਣ ਪੁਸ਼ਟੀ ਵਾਸ ਤੇ ਲੇਖ ਹੈ ਜੈਸੇ ਆਪਕੇ ਲੇਖਮੇਂ ਚਾਰ ਛਾਗਕੇ ਬਾਰ ਬਾਰ ਲੇਖ ਹੈਂ। ਆਪ ਪਰ ਹੀ ਪਿਸ਼ਟ ਪੇਸ਼ਣ ਕਾ ਦੋਖ ਆਤਾ ਹੈ ॥

**ਵੈਦ** ਸਫਾ ੩੭ ਸਤਰ ੧੮ ਸੇ ੨੪ ਤਕ। ਅਥਰਵ ਵੇਦ ਦੇ ਗਪੌੜੇ ਤਾਂ ਸ਼ਾਇਦ ਵਿਦਵਾਨਾਂ ਵਿਚ ਕੀਹ ਮੁਲ ਪਾਉਣਗੇ ਪਰ ਨਯੋਗ ਦੀ ਪ੍ਰਸਿਧ ਰੀਤੀ ਹਿੰਦੂ ਸ਼ਾਸਤ੍ਰਾਂ ਵਿਚ ਭਰੀ ਪਈ ਹੈ ਜਿਸ ਨਾਲ ਨਾ ਕੇਵਲ ਵਿਧਵਾ ਬਲਕਿ ਪਰਦੇਸ ਗਏ ਪਤੀ ਦੀ ਨਾਰ ਵਿਦਿਆ ਪ੍ਰਾਪਤੀ ਵਾਸਤੇ ਬਾਹਰ ਗਏ ਦੀ ਨਾਰ ਖੁਸਰੇ ਤੇ ਬੀਮਾਰ ਪਤੀ ਦੀ ਨਾਰ ਧਰਮ ਵਿਹਤ ਹੋਕੇ ਦੂਸਰੇ ਪੁਰਖ ਨਾਲ ਸੰਜੋਗ ਕਰ ਸਕਦੀ ਹੈ ॥

**ਉਤ੍ਰ** ਵੈਦ ਜੀ ਸ਼ੋਕ ਹੈ ਆਪਕੀ ਬੁਧੀ ਪਰ ਜੋ ਅਥਰਵ ਵੇਦਕੋ ਗਪੌੜੇ ਲਿਖਤੇ ਹੋ ਜਿਸਕੇ ਪਾਠਸੇ ਗੁਰੂ ਦਸਮ ਜੀ ਪਾਪ ਦੂਰ ਹੋਨਾ ਮਾਨਤੇ ਹੈਂ "ਅਥਰ ਬੇਦ ਪਠਿਯੰ॥ ਸੁਣੇ ਪਾਪ ਨਠਿਯੰ" (ਚਰਿਤ੍ਰ ਨਾਇਕ ਗ੍ਰੰਥ ਅਧਯਾਇ ੪ ਕਵਤਾ ਅੰਕ ੪ ਸ੍ਰੀ ਮੁਖਵਾਕ ਪਾਤਸ਼ਾਹੀ ੧੦) ਮੂਰਖ ਵੈਦ ਜੀ ਹਿੰਦੂ ਸ਼ਾਸਤ੍ਰੋਂ ਮੇਂ ਨਯੋਗ ਕੋ ਪਸ਼ੂ ਧਰਮਕਹਾ ਹੈ ਦੇਖੋ ਮਨੁ ਸਿੰਮ੍ਰਤੀ ਅਧਯਾਇ ੯ ਸਲੋਕ ੬੨ ਸੇ ੬੬ ਤਕ। ਜੋ ਪਰਦੇਸ ਗਏ ਪਤੀ ਦੀ ਨਾਰ ਵਿਦਿਆ ਪ੍ਰਾਪਤੀ ਆਦੀ ਕਾਰਯੋਂ ਕੋ ਗਏ ਪਤੀ ਦੀ ਨਾਰ ਨਯੋਗ ਕਰ ਲਵੇ ਯੇਹ ਸੁਆਮੀ ਦਯਾਨੰਦ ਜੀ ਕੇ ਲਿਖੇ ਸਮਾਜੀਓਂ ਕੇ ਸਤਯਾਰਥ ਪ੍ਰਕਾਸ਼ ਕਾ ਲੇਖ ਹੈ। ਹਿੰਦੂ ਸ਼ਾਸਤ੍ਰੋਂ ਕਾ ਨਹੀਂ। ਆਪਕੋ ਝੂਠ ਲਿਖਨੇ ਸੇ ਲੱਜਾ ਨਹੀਂ ਆਤੀ। ਇਸੀ ਸਤਯਾਰਥ ਪ੍ਰਕਾਸ਼ ਮੇਂ ਗੁਰੂ ਨਾਨਕ ਸਾਹਿਬ ਕੀ ਨਿਸਬਤ ਜੋ ਲਿਖਾ ਹੈ ਕਿਆ ਉਸਕੋ ਭੀ ਆਪ ਮਾਨੋਗੇ ?

**ਵੈਦ** ਸਫਾ ੩੮ ਸਤਰ ੧ ਸੇ ੩। ਹਿੰਦੂ ਸ਼ਾਸਤ੍ਰ ਦੀ ਆਗਿਆ ਏਥੋਂ ਤਕ ਭੀ ਹੈ ਕਿ "ਵੀਰਯ ਮੁੱਲ ਲੈਕੇ ਸੰਤਾਨ ਉਤਪੰਨ ਕੀਤੀ ਜਾਵੇ ਤਦ ਭੀ ਕੋਈ ਦੋਸ਼ ਨਹੀਂ ॥"

**ਉਤ੍ਰ** ਵੈਦ ਜੀ ਉਸ ਸ਼ਾਸਤ੍ਰ ਕਾ ਨਾਮ ਤੋ ਲਿਖਨਾ ਥਾ ਜਿਸਮੇਂ ਵੀਰਯ ਮੁੱਲ ਬੇਚਨੇ ਕਾ ਹੁਕਮ ਤੋਲ ਆਦਿ ਲਿਖਾ ਹੋ ਚਾਰਭਾਗ ਹਿੰਦੂਓਂ ਕਾ ਧਰਮ ਸ਼ਾਸਤ੍ਰ ਸਮਝਨਾ ਯੇਹੀ ਆਪਕੀ ਮੂਰਖਤਾ ਹੈ। ਜਿਸ ਚਾਰਭਾਗ ਕੋ ਸਫੇ ੭੨ ਸਤਰ ੧੭ ਔਰ ੧੯ ਮੇਂ। ਪ੍ਰਪੰਚ ਰਚਨਾ ਬੇਦਲੀਲ ਅਪ੍ਰਮਾਣੀਕ ਆਪ ਲਿਖਤੇ ਹੋ ਫਿਰ ਉਸਕਾ ਪ੍ਰਮਾਣ ਦੇਣਾ ਸੱਚੀ ਮੂਰਖਤਾ ਹੈ॥

**ਵੈਦ** ਸਫਾ ੩੯ ਸਤਰ ੧੧ ਸੇ ੧੩। ਲੇਖਕ ਜੀ ਦੀ ਆਪਦੀ ਅਕਲ ਦਾ ਤਮਾਸ਼ਾ ਦੇਖੋ ਆਨੰਦ ਦੀ ਉਤਮ ਰੀਤੀਦੀ ਆਪਦੇ ਹਿਸਾਬ ਬਮੂਜਬ ਹੈਸੀਯਤ ਕੀਹ ਬਣੀ ਜੋ ਕਰੇਵੇ ਅਰ ਚੱਦਰ ਪਾਉਣਦੀ ਹੈ॥

**ਉਤ੍ਰ** ਵੈਦ ਜੀ ਜੇ ਆਨੰਦ ਰੀਤੀ ਉਤਮ ਹੁੰਦੀ ਤਾਂ ਆਪਕੇ ਵਿਦ੍ਵਾਨ ਭ੍ਰਸ਼ਟ ਔਰ ਪਾਪਦਾਇਕ ਕਿਉਂ ਲਿਖਤੇ ਦੇਖੋ ਸਫੇ ੧੦ ਕੇ ਊਤ੍ਰ

ਮੇਂ ਉਤ੍ਰ ਲਿਖ ਚੁਕਾ ਹੂੰ ॥

**ਵੈਦ** ਸਫਾ ੪੦ ਸਤਰ ੨ ਸੇ ੬ । 'ਅਨੰਦ' ਪਹਿਲੇ ਵਿਵਾਹ ਵਾਸਤੇ ਹੈ ਵਿਧਵਾ ਇਸਤ੍ਰੀ ਵਾਸਤੇ ਕਰੇਵਾ ਹੈ । ਏਥੋਂ ਤਕ ਕਿ ਆਪਨੇ ਆਰੀਆ ਸਮਾਜੀਆਂ ਦੇ ਸੁਆਮੀ ਦਯਾਨੰਦ ਜੀ ਦੇ ਖਿਆਲਾਂ ਨਾਲ ਜੀਉਂ ਦੇ ਪਤੀ ਵਾਸਤੇ ਪਤੀ ਦੇਵਣ ਦੀ ਭੀ ਕੁਝ ਰੀਸ ਕੀਤੀ ਹੈ ॥

**ਉਤ੍ਰ** ਵੈਦ ਜੀ ਉਕਤ ਜਾਲਸਾਜ਼ੀ ਵਾਲੇ ਲੇਖੋਂ ਸੇ ਆਪ ਅਧਰਮੀ ਬਨੇਂਗੇ ਕਿਉਂਕਿ ਆਨੰਦ ਬਿਵਾਹ ਰਸਾਲੇ ਮੇਂ 'ਅਨੰਦ' ਪਹਿਲੇ ਬਿਵਾਹ ਵਾਸਤੇ ਹੈ ਵਿਧਵਾ ਇਸਤ੍ਰੀ ਵਾਸਤੇ ਕਰੇਵਾ ਯੇਹ ਲੇਖ ਕਹੀਂ ਨਹੀਂ ਆਪਨੇ ਹੀ ਆਰੀਆ ਸਮਾਜੀਉਂ ਕੀ ਰੀਸ ਸਫੇ ੪੭ ਨਯੋਗਕੀ ਨਕਲ ਕੀਹੈ।

**ਵੈਦ** ਸਫ਼ਾ ੪੦ ਸਤਰ ੧੮ ਸੇ ਸਫਾ ੪੧ ਸਤਰ ੧ ਸੇ ੯ ਤਕ । "ਬਿਨਾਂ ਅਨੰਦ ਬਿਵਾਹ ਕੇ ਭੁਗਤੇ ਪਰ ਕੀ ਜੋਇ। ਸੁਣ ਸਿਖਾ ਗੁਰੂ ਕਹਿ ਥਕੇ ਮੇਰਾ ਸਿਖ ਨਾ ਸੋਇ ॥" ਲੇਖਕ ਜੀ ਦਾ ਸਾਰਾ ਜੋਰ 'ਜੋਇ' ਪਦ ਉਤੇ ਹੈ ਕਿ ਇਸਦਾ ਅਰਥ "ਇਸਤ੍ਰੀ" ਹੈ ਪਰ ਇਹ ਤਾਂ "ਜੋ" ਅਰਥ ਦਾ ਵਾਚਕ ਹੈ ਜੋ ਪਰਾਈ ਨੂੰ ਬਿਨਾਂ ਬਿਵਾਹ ਅਨੰਦ ਦੇ (ਅਰਥਾਤ ਆਪਣੀ ਇਸਤ੍ਰੀ) ਜੋ ਆਨੰਦ ਰੀਤੀ ਅਨੁਸਾਰ ਆਪ ਨਾਲ ਵਿਆਹੀ ਜਾ ਚੁਕੀ ਹੈ ਓਸ ਤੋਂ ਛੁਟ ਪਰਾਈ(ਪਰ ਇਸਤ੍ਰੀ)ਨੂੰ ਭੋਗੇ ਸੋ ਮੇਰਾ ਸਿੱਖ ਨਹੀਂ"ਸੋਇ"ਪਦ ਜੋ ਦੂਜੀ ਸਤਰ ਵਿਚਹੈ ਓਹ"ਜੋਇ"ਪਦ ਦੀ ਅਕਾਂਖਯਾ ਰਖਦਾਹੈ।ਇਸਦੇ ਬਿਨਾਂ ਵਾਕਯ ਸੰਪੂਰਨ ਨਹੀਂ ਹੋ ਸਕਦਾ ਅੰਗ੍ਰੇਜ਼ੀ ਪੜ੍ਹੇ ਜਾਣਦੇ ਹਨ ਇਸ ਥਾਂ ਤੇ "ਜੋਇ" "ਸੋਇ" ਅਪਣੇ ਵਯਾਕਰਨੀ ਸੰਬੰਧ ਵਿਚ ਵਰਤੇ ਗਏ ਹਨ। ਭਾਈ ਸਾਹਿਬ ਨੂੰ ਜੋਇ ਦੇ ਅਰਥ ਭੰਨਕੇ ਵਿਦਵਤਾ ਘੋਲਣੀਪਈ ਪਰ ਪਾਜ ਉਘੜਗਿਆ॥

**ਉਤ੍ਰ** ਵੈਦ ਜੀ ਸੌ ਸਾਖੀ ਮੇਂ "ਬਿਨਾਂ ਅਨੰਦ ਬਿਵਾਹ ਤੇ ਭੁਗਤੇ ਪਰ ਕੀ ਜੋਇ" ਆਦਿ ਲੇਖ ਹੈ ਪਰ ਕੀ ਅਨੇਕ ਵਸਤੂ ਹੋਤੀ ਹੈ । ਜੈਸੇ ਪਰ ਕੀ ਘੋੜੀ ਪਰ ਕੀ ਗਧੀ ਪਰ ਕੀ ਕੁੱਤੀ ਪਰ ਕੀ ਬੰਦਰੀ ਪਰ ਕੀ ਭੈਂਸ ਇਤਯਾਦਿ ਅਨੇਕ ਹੈਂ ਯਦਿ ਵੈਦ ਜੀ (ਜੋਇ) ਸ਼ਬਦਕੋ (ਜੋ) ਕੇ ਅਰਥ ਮੇਂ ਲੀਆ ਜਾਵੇ ਫਿਰ ਤੋ (ਆਨੰਦ ਬਿਵਾਹ) ਸ਼ਬਦ ਸੇ ਯੇਹ ਭੀ ਭੋਗਨੇ ਲਾਇਕ ਹੋਗਈਂ ਅਬ ਬਤਾਓ ਇਸਤ੍ਰੀ ਕੀ ਵਿਸ਼ੇਸ਼ਤਾ ਕੈਸੇ ਹੁਈ। ਸ਼ੁਧ ਅਰਥ ਯੇਹ ਹੈ ਕਿ ਜੋੜਾ ਸਿਖ ਕਿਸੀ ਕੀ ਕੰਨਿਆਂ ਕੇ ਸਾਥ ਆਨੰਦ ਮੰਗਲ ਕਾਰਕ ਪਾਠ ਔਰ (ਬਿਵਾਹ) ਵੇਦਰੀਤੀ ਅਨੁਸਾਰ ਫੇਰੇ ਲੇਕਰ ਇਸਤ੍ਰੀ ਬਨਾ ਕਰ ਤੋ ਭੋਗ ਕਰਤਾ ਨਹੀਂ ਪਰੰਤੂ ਪਰਾਈ ਇਸਤ੍ਰੀ ਕੋ ਭੋਗਤਾ ਹੈ ਅਰਥਾਤ ਬਿਭਚਾਰ ਕਰਤਾ ਹੈ ਵੋਹ ਮੇਰਾ ਸਿੱਖ ਨਹੀ ਭਾਵ—ਇਸਮੇ ਵਿਭਚਾਰਕਾ ਨਿਸ਼ੇਧ ਹੈ ਔਰ ਬਿਵਾਹ ਕੇ ਸਹਿਤ ਅਨੰਦ ਪਾਠ ਕੀ ਆਗਿਆ ਹੈ । ਉਕਤ ਪ੍ਰਸੰਗ ਇਸਤ੍ਰੀ ਕਾ ਹੈ ਜਿਸ ਕਾਰਣ ਜੋਇ ਪਦ ਇਸਤ੍ਰੀ ਬੋਧਕ ਹੈ। ਦੂਸਰੇ ਅਨੰਦ ਬਿਵਾਹ ਪਰ ਵਿਚਾਰ ਕਾ ਲੇਖਕ ਗੁਰਮਤ ਗ੍ਰੰਥ ਔਰ ਖਾਸ ਕਰ ਗੁਰੂਗ੍ਰੰਥ

ਸਾਹਿਬ ਕਾ ਅੱਛਾ ਵਿਦਵਾਨ ਹੈ ਜਿਨਕੇ ਸਾਮਨੇ ਆਪਕੀ ਅੰਗ੍ਰੇਜ਼ੀ ਸ਼ਰਮਿੰਦੀ ਔਰ ਵਿਆਕਰਣ ਕੀ ਭੀ ਕੋਈ ਜ਼ਰੂਰਤ ਨਹੀਂ ਦੇਖੋ ਗੁਰੂ ਗ੍ਰੰਥ ਸਾਹਿਬ ਰਾਗ ਗੌਂਡ ਬਾਨੀ ਨਾਮਦੇਵ ਮੇਂ "ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈਥੀ" ਔਰ ਦੇਖੋ ਕੋਸ਼ ਤਾਰਾ ਸਿੰਘ ਪੰਡਿਤ ਰਚਿਤ ॥ ਜੋਇ-ਇਸਤ੍ਰੀ ਯਥਾ-ਜੋਇ ਖਸਮ ਹੈ ਜਾਇਆ ॥ ਕਿਉਂ ਵੈਦ ਜੀ ਉਕਤ "ਜੋਇ" ਪਦ ਇਸਤ੍ਰੀ ਵਾਚਕ ਹੈ "ਸੋਇ" ਪਦ ਦੀ ਅਕਾਂਖਯਾ ਵਾਸਤੇ ਕਦਾਪੀ ਨਹੀਂ ਹੋਸਕਦਾ ਧੰਨ ਆਪਕੀ ਅੰਗ੍ਰੇਜ਼ੀ ਔਰ ਧੰਨ ਵਿਆਕਰਣ ਜੋ ਗੁਰਮਤ ਗ੍ਰੰਥੋਂ ਸੇ ਆਪ ਸ਼ੂਨਯ ਹੋ। ਵੈਦ ਜੀ ਪਾਜ ਇਸ ਪ੍ਰਕਾਰ ਉਘੜਾ ਕਰਤਾ ਹੈ। ਔਰ ਸੰਸਾਰ ਮੇਂ ਅਗਿਆਨੀ ਹੋਕਰ ਠੋਕਰੇਂ ਖਾਨੀ ਪੜਤੀਂ ਹੈਂ ॥

**ਵੈਦ** ਸਫਾ ੪੨ ਸਤਰ ੧੯ ਸੇ ੨੦ ਤਕ। ਡਿੱਠਾ ਜੇ ਤਮਾਸ਼ਾ ਕਿ ਲੇਖਕ ਜੀ ਦੀ ਟੀਕਾ ਨੇ ਕੀਹ ਅਨਰਥ ਮਾਰਿਆ। ਇਸ ਟੀਕਾ ਅਨੁਸਾਰ ਆਪ ਪਰਾਈ ਇਸਤ੍ਰੀ ਨਾਲ ਅਨੰਦ ਪੜ੍ਹਾਕੇ ਭੋਗ ਕਰ ਸਕਦੇ ਹੋ ਅਰਥਾਤ ਪਰ ਇਸਤ੍ਰੀ ਰਮਨਾ ਅਨੰਦ ਪੜ੍ਹਕੇ ਜਾਇਜ਼ ਹੋਗਿਆ ਚਾਹੇ ਕਾਨੂੰਨ ਇਸ ਗੱਲ ਲਈ ਕੈਦ ਕਰੇ ॥

**ਉਤ੍ਰ** ਵੈਦ ਜੀ ਪਰ ਇਸਤ੍ਰੀ ਰਮਨਾ ਯੇਹ ਮੂਰਖਤਾ ਸੇ ਆਪਹੀ ਅਪਨੇ ਅੱਖਰੋਂ ਕੀ ਏਰ ਫੇਰ ਸੇ ਸਿਧ ਕਰਤੇ ਹੋ ਰਸਾਲੇ "ਅਨੰਦ ਬਿਵਾਹ ਪਰ ਵਿਚਾਰ" ਮੇਂ ਤੋ ਪਰ ਇਸਤ੍ਰੀ ਰਮਨਾ(ਵਿਭਚਾਰ) ਕੀ ਬੰਦਸ਼ ਲੀਏ (ਜਿਸ ਵਿਧਵਾਓਂ ਸੇ ਨਾ ਰਹਾ ਜਾਏ) ਉਨਕੇ ਲੀਏ ਅਨੰਦ ਰਖਾ ਹੈ ਕਿਉਂਕਿ ਉਨਕਾ ਬਿਵਾਹ ਹਿੰਦੂ ਰੀਤੀ ਸੇ ਨਹੀਂ ਹੋ ਸਕਤਾ ਅਬ ਆਪ ਅਪਨੇ ਅਰਥ ਕੀ ਤਰਫ ਖਿਆਲ ਕਰੋ ਕਿ ਪਰਾਈ ਹਰ ਏਕ ਇਸਤ੍ਰੀ ਕੋ ਭੋਗਨੇ ਕੀ ਆਗਿਆ ਦੇਤੇ ਹੋ ਕਿ (ਜੋਇ) ਸ਼ਬਦ ਕੋ ਜੋ ਸਿਧ ਕਰਤੇ ਹੋ ॥

**ਵੈਦ** ਸਫਾ ੪੩ ਸਤਰ ੨੧ ਸੇ ੨੫ ਤਕ। ਆਪ ਇਸ ਤੁਕ ਵਿਚ ਜੋਇ ਲਫਜ਼ ਨੂੰ ਇਸਤ੍ਰੀ ਕਹਿਕੇ "ਪਰਾਈ ਇਸਤ੍ਰੀ" ਕੈਂਹਦੇ ਹੋਏ 'ਵਿਧਵਾ' ਪਲਿਓਂ ਪਾਉਂਦੇ ਹਨ। ਜੋ ਨਾ ਮੂਲ ਵਿਚ ਹੈ ਨਾ ਮੂਲ ਦੀ ਧੁਨੀ ਵਿਚ ਨਾ ਬਜੰਜਨਾਂ ਵਿਚ ਹੈ ਨਾ ਲੱਛਨਾਂ ਵਿਚ ਅਤੇ ਨਾ ਹੀ ਅਧਜਾਹਾਰਲ੍ਹਾਲ ਆ ਸਕਦੀ ਹੈ ॥

**ਉਤ੍ਰ** ਵੈਦ ਜੀ ਜੋਇ ਲਫਜ਼ (ਪਦ) ਪਰਾਈ ਇਸਤ੍ਰੀ ਜੋ ਵਿਧਵਾਹੋਤੀ ਹੈ ਉਸਕੇ ਲੀਏ ਯਥਾਰਥ ਹੈ ਦੇਖੋ ਗੁਰੂ ਗ੍ਰੰਥ ਸਾਹਿਬ ਰਾਗ ਗੌਂਡ ਬਾਨੀ ਨਾਮਦੇਵ ਮੇਂ। "ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈਥੀ" ਘਰ ਕੀ ਭਾਵ ਅਪਨੀ ਔਰ ਪਰ ਕੀ ਭਾਵ ਪਰਾਈ ਸੋ ਪਰਾਈ ਵਿਧਵਾ ਹੀ ਹੋ ਸਕਦੀ ਹੈ ਜੋ ਮੂਲ ਵਿਚ ਔਰ ਮੂਲ ਕੀ ਧੁਨੀ ਵਿਚ ਮੌਜੂਦ ਹੈ ਔਰ ਬਜੰਜਨਾ ਵਿਚ ਅਤੇ ਲੱਛਨਾਂ ਵਿਚ ਸਪਸ਼ਟ ਹੈ ਜਿਸਮੇਂ ਅਧਜਾਹਾਰ ਲਗਾਨੇ ਕੀ ਕੋਈ ਜ਼ਰੂਰਤ ਨਹੀਂ ॥

Sri Satguru Jagjit Singh Ji Elibrary NamdhariElibrary@gmail.com

**ਵੈਦ** ਸਫਾ ੪੪ ਸਤ੍ਰ ੭ ਸੇ ੧੨ ਤਕ। ਭਾਈ ਜੀ ਦੇ ਦਿਲ ਨੂੰ ਖਾਧਾ ਕਿ ਅਰਥ ਗਲਤ ਹੈ ਤਦ ਦੋ ਅਰਥ ਹੋਰ ਕਰਦੇ ਹਨ "ਜਿਸ ਬਿਵਾਹ ਮੇਂ ਅਨੰਦ ਅਰਥਾਤ ਰਸ ਬਨਾ ਰਹੇ ਵੋਹ ਆਨੰਦ ਬਿਵਾਹ ਹੈ ਤੀਸਰੇ ਯੇਹ ਹੈ ਕਿ ਜਿਸ ਬਿਵਾਹ ਮੇਂ ਲੜਕੇ ਲੜਕੀ ਕਾ ਆਪਸ ਮੇਂ ਅਨੰਦ ਔਰ ਰਸ ਬਨਾ ਰਹੇ ਵੋਹ ਅਨੰਦ ਬਿਵਾਹ ਹੈ॥"

**ਉਤ੍ਰ** ਵੈਦ ਜੀ "ਅਨੰਦ ਬਿਵਾਹ ਪਰ ਵਿਚਾਰ" ਕਾ ਲੇਖਕ ਬੜਾ ਬੁਧੀਵਾਨ ਹੈ ਜੋ ਅਨੰਦ ਸ਼ਬਦ ਕੇ ਸ਼ਬਦਾਰਥ ਮੇਂ ਤੀਨ ਅਰਥ ਕਰਕੇ ਬਤਲਾਤਾ ਹੈ ਜੈਸੇ ਪਰਾਚੀਨ ਕੋਸ਼ ਰਚਤਾਓਂ ਨੇ ਏਕ ੨ ਸ਼ਬਦ ਕੇ ਅ-ਨੇਕ ਅਰਥ ਕੀਏ ਹੈਂ॥ ਔਰ ਵੈਦ ਜੀ ਆਨੰਦ ਬਿਵਾਹ ਇਸੀ ਕਾਰਣ ਠੀਕ ਨਹੀਂ ਹੋਸਕਤਾ॥ ਯਥਾ॥ ਏਕ ਲੜਕੀ ਜਿਸਕਾ ਅਨੰਦ ਹੈ ਸੌ ਪੁਰਸ਼ੋਂ ਕੀ ਬਰਾਤ ਜੋ ਸਾਰੇ ਕੇ ਸਾਰੇ ਹੀ ਅਨੰਦ ਹੁਏ। ਲੜਕਾ ਲੜਕੀ ਕੋ ਲੇਕਰ ਅ-ਨੰਦ। ਲੜਕੇ ਕਾ ਪਿਤਾ ਦਾਤ ਬਰਾਤ ਔਰ ਪੁਤ੍ਰ ਵਧੂਕੀ ਜੋੜੀ ਜੁੜੇਸੇ ਅਨੰਦ। ਬਰਾਤੀ ਅਛੇ ੨ ਪਕਵਾਨ ਭੋਜਨੋਂ ਸੇ ਅਨੰਦ। ਲਾਗੀ ਲਾਗ (ਧਨ) ਲੇਕਰ ਅਨੰਦ। ਬਤਲਾਓ ਏਕ ਲੜਕੀ ਕੇ ਅਨੰਦ ਸੇ ਸਾਰੇ ਅਨੰਦ। ਕਿਸਕੇ ਸਾਥ ਅਨੰਦ ਸਮਝਾ ਜਾਏ। ਇਸ ਵਾਸਤੇ ਆਪਸ ਕੀ ਪ੍ਰਤੱਗਜਾ (ਇਕਰਾਰ ਨਾਮੇ) ਵਾਲਾ ਹਿੰਦੂ ਰੀਤੀ ਕਾ ਬਿਵਾਹ ਠੀਕ ਹੈ॥

**ਵੈਦ** ਸਫਾ ੪੪ ਸਤ੍ਰ ੧੪ ਸੇ ੧੬। ਲਓ ਨਾਭਾ ਪਤੀ ਦੇ ਗਿਆਨੀ ਦੀ ਹੋਰ ਅਕਲ ਦੇਖੋ ਜਿਸ ਇਸਤ੍ਰੀ ਦੀ ਪਤੀ ਨਾਲ ਪ੍ਰੀਤੀ ਨਹੀਂ ਉਹ ਪਰ ਇਸਤ੍ਰੀ ਹੈ॥

**ਉਤ੍ਰ** ਵੈਦ ਜੀ ਯਦਿ ਆਪਕੋ ਅਗਿਆਨੀ ਕਹਾ ਜਾਏ ਕੋਈ ਅਨੁ-ਚਿਤ ਨਹੀਂ ਕਿਉਂਕਿ ਸ੍ਰੀ ੧੦੮ ਨਾਭਾ ਪਤੀ ਜੀ ਕੇ ਗਿਆਨੀ ਜੀਨੇ ਜੋ ਲਿਖਾ ਹੈ ਸੋ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਕੇ ਚਰਿਤ੍ਰੋਂ ਕੇ ਅਨੁ-ਸਾਰ ਲਿਖਾ ਹੈ। ਦੇਖੋ ਸੰਪੂਰਣ ਚਰਿਤ੍ਰੋਂ ਕੋ। ਐਸੇ ਵਿਦਵਾਨੋਂ ਕੋ ਆਪ ਮੂ-ਰਖਤਾ ਸੇ ਟੁਕੜ ਗਦਾਈ ਲਿਖਤੇ ਹੋ॥

**ਵੈਦ** ਸਫਾ ੪੬ ਸਤ੍ਰ ੭ ਸੇ ੧੬ ਤਕ। ਅਗੇ ਆਪ ਕਹਿੰਦੇ ਹਨ ਕਿ "ਜੇ ਅਨੰਦ ਮਤਲਬ ਹੁੰਦਾ ਤਦ ਨਾਲ ਬਿਵਾਹ ਲਫਜ ਨਾ ਹੁੰਦਾ" ਉਤਰ ਇਹ ਹੈ ਕਿ ਬਿਵਾਹ ਲਫਜ ਇਸ ਵਾਸਤੇ ਆਇਆ ਹੈ ਕਿ ਸਿਖ ਲਈ ਅਸਿੱਖ ਰੀਤੀ ਦਾ ਬਿਵਾਹ ਜਾਇਜ਼ ਨਹੀਂ ਹੈ ਸਿਖ ਵਾਸਤੇ ਬਿਵਾਹ ਆਨੰਦ ਵਾਲਾ ਜਾਯਜ਼ ਹੈ ਗੁਰੂ ਜੀ ਦਾ ਕਥਨ ਹੈ ਕਿ "ਮੇਰਾ ਸਿਖ ਉਹ ਨਹੀਂ ਹੈ ਜੋ ਅਨੰਦ ਵਾਲੇ ਬਿਵਾਹ ਕੀਤੇ ਬਿਨਾ ਕਿਸੇ ਇਸਤ੍ਰੀ ਨੂੰ ਆਪਨੀ ਬਨਾਂਦਾ ਹੈ" ਅਪਣੇ ਸਿਖ ਦੀ ਅਨੰਨਤਾ ਪ੍ਰਗਟ ਕਰਨ ਲਈ ਅਪਨੀ ਚਲਾਈ ਅਨੰਦ ਦੀ ਬਿਵਾਹ ਰੀਤੀ ਲਈ ਵਾਕ ਕਿਹਾ ਹੈ॥

**ਉਤ੍ਰ** ਵੈਦ ਜੀ ਗੁਰੂ ਸਾਹਿਬੋਂ ਕੇ ਬਿਵਾਹ ਹਿੰਦੂ ਰੀਤੀ ਸੇ ਹੂਏ ਔਰ ਖਾਸ ਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਸੀਆਂ ਵਾਲੇ ਵਾਜ-ਬੁਲ ਅਰਜ਼ ਦੂਸ ਪੂਰਬਨੇ ਕੇ ਉਤਰ ਮੇਂ ਅਨੰਦ ਅਰਦਾਸ ਪਹਿਲੇ ਕਰਨ ਪਿਛੇ ਸੇ ਵੇਦ ਮੰਤਰੋਂ ਸੇ ਬ੍ਰਾਹਮਣੋਂ ਦੁਵਾਰਾ ਬਿਵਾਹ ਕਰਾਨੇ ਕਾ ਹੁਕਮ ਦੇਤੇ ਹੈਂ ਦੇਖੋ ਭਗਤ ਰਤਨਾਵਲੀ ਸ੍ਰੀ ਭਾਈ ਮਨੀਸਿੰਘ ਕ੍ਰਿਤ ਸਾਖੀ ੧੩੩ ਪ੍ਰਸ਼ਨ ਪੈਹਲਾ ॥ ਯਥਾ ॥ ਅਗੇ ਵਿਵਾਹ ਦੇ ਸਮੇ ਅਸੀ ਵੇਦ ਪਾਠੀ ਬ੍ਰਾਹਮਣਾਂ ਨੂੰ ਬੁ-ਲਾਇਕੇ ਵੇਦ ਮੰਤਰੋਂ ਸੇ ਬਿਵਾਹ ਕਰਦੇ ਸਾਂ ਤੇ ਹੁਨ ਸਿਖ ਕੈਂਹਦੇ ਹੈਨ ਤੁਸੀ ਅਨੰਦ ਪੜ੍ਹਾਕੇ ਬਿਵਾਹ ਕਰੋ ਬ੍ਰਾਹਮਣਾਂ ਨੂੰ ਨਾ ਬੁਲਾਓ ॥ ਉਤਰ ॥ ਪਹਿਲੇ ਅਨੰਦ ਪੜ੍ਹਨਾ ਅਰਦਾਸ ਕਰਨੀ ਪਿਛੇ ਬ੍ਰਾਹਮਣਾਂ ਸੇ ਹਮੇਸ਼ਾਂ ਜਿਸਤਰਾਂ ਵੇਦ ਮੰਤ੍ਰ ਪੜ੍ਹਾਂਵਦੇ ਆਏ ਹੋ ਤਿਵੇਂ ਪੜ੍ਹਾਵਨਾ ਸੰਸਾ ਨਹੀਂ ਕਰਨਾ ॥ ਕਿਉਂ ਵੈਦ ਜੀ ਗੁਰੂ ੧੦ ਜੀ ਕਾ ਤੋ ਅਨੰਦ ਅਰਦਾਸ ਤੋ ਈਸ੍ਵਰ ਪ੍ਰਾਰਥਨਾ ਕੇ ਲੀਏ ਔਰ ਬਿਵਾਹ ਵੇਦ ਮੰਤਰੋਂ ਸੇ ਆਪਕੀ ਪ੍ਰਮਾਣੀਕ ਪੁਸਤਕ (ਭਗਤ ਰਤਨਾ ਵਲੀ) ਮੇਂ ਹੁਕਮ ਹੈ ਫਿਰ ਅਨੰਦ ਪ੍ਰਾਰਥਨਾ ਕੋ ਹੀ ਬਿਵਾਹ ਸਮਝਨਾ ਆਪ ਕੀ ਮੂਰਖਤਾ ਨਹੀਂ ਤੋ ਔਰ ਕਿਆ ਹੈ ॥

**ਵੈਦ** ੪੯ ਸਤਰ ੧ ਸੇ ੭ ਤਕ । ਭਲਾ ਦੱਸੋ ਖਾਂ ਆਨੰਦ ਜੇ "ਰੰਡੀ" ਵਾਸਤੇ ਹੈ ਤਾਂ ਰੰਡਵੇ ਵਾਸਤੇ ਕੀਹ ਮਰਯਾਦਾ ਹੈ ਜੇ ਗੁਰੂ ਜੀ ਨੇ ਵਿਧਵਾ ਵਾਸਤੇ ਅਨੰਦ ਰਚਿਆ ਤਦ 'ਰੰਡਵੇ' ਵਾਸਤੇ ਕੋਈ ਹੋਰ ਮੰਗਲ ਰਚਨਾ ਸੀ ਫੇਰ ਜੀਉਂਦੀ ਇਸਤ੍ਰੀ ਤੇ ਦੂਸਰਾ ਵਿਵਾਹ ਕਰਨਾ ਜਾਇਜ਼ ਹੈ ਕਿ ਨਹੀਂ ਜੇ ਹੈ ਤਾਂ ਉਸ ਵਾਸਤੇ ਵੱਖਰੀ ਮਰਯਾਦਾ ਚਾਹੀਦੀ ਹੈ ॥

**ਉਤ੍ਰ** ਵੈਦ ਜੀ ਅਨੰਦ ਰੰਡੀ ਵਾਸਤੇ ਹੀ ਹੈ ਦੇਖੋ ਅਪਨੇ ਵਿਦਵਾਨ ਠਾਕੁਰ ਸਿੰਘ ਗਿਆਨੀ ਕ੍ਰਿਤ "ਗੁਰਮਤ ਹੁਲਾਸ" ਕੇ ਨਾਮ ਸੇ ਸੰਸਕਾਰ ਪੱਧਤੀ ਮੇਂ ਰੰਡੀ ਵਾਸਤੇ ਅਨੰਦ ਵਿਧੀ ਜੁਦੀ ਹੀ ਹੈ ਪੁਰਖ ਕਵਾਰਾ ਔਰ ਰੰਡਵਾ ਬਿਵਾਹ ਕਰਾ ਸਕਤਾ ਹੈ ਪੁਰਖੋਂ ਕੇ ਲੀਏ ਅਨੇਕ ਬਿਵਾਹ ਹੈਂ ਕਿਉਂਕਿ ਏਕ ਪੁਰਖਕੀ ਅਨੇਕ ਇਸਤ੍ਰੀ ਹੋ ਸਕਤੀ ਹੈਂ ॥ ਯਥਾ ॥ "ਕੇਤੀ ਨਾਰ ਵਰ ਏਕ ਸਮਾਲ । ਗੁਰਮੁਖ ਮਰਣ ਜੀਵਣ ਪ੍ਰਭ ਨਾਲ" ॥ ਰਾਮ ਕਲੀ ਓਅੰਕਾਰ ਮ: ੧ ਸ਼ਬਦ ੨੧) ਔਰ ਇਕ ਇਸਤ੍ਰੀਕੋ ਅਨੇਕ ਪਤੀ ਕਰਨੇ ਨਰਕ ਕਾ ਸਾਧਨ ਹੈ ॥ ਯਥਾ–"ਖਸਮ ਮਰੈ ਤੌ ਨਾਰ ਨ ਰੋਵੈ। ਉਸ ਰਖਵਾਰਾ ਅਉਰੋ ਹੋਵੈ। ਰਖਵਾਰੇ ਕਾ ਹੋਇ ਬਿਨਾਸ ॥ ਆਗੈ ਨਰਕ ਈਹਾਂ ਭੋਗ ਬਿਲਾਸ" ਰਾਗ ਗੌਡ ਕਬੀਰ ਜੀ॥ ਵਖਰੀ ਮਰਯਾਦਾ ਦੀ ਕੋਈ ਲੋੜ ਨਹੀਂ ਕਿਉਂਕਿ ਗੁਰੂ ਸਾਹਿਬੋਂ ਨੇ ਹਿੰਦੂ ਰੀਤੀ ਸੇ ਹੀ ਬਿਵਾਹ ਕਰਵਾਏ ਔਰ ਉਕਤ ਭਗਤ ਰਤਨਾ ਵਲੀ ਸਾਖੀ ੧੩੩ ਮੇਂ ਹਿੰਦੂ ਰੀਤੀ ਸੇ ਬਿਵਾਹ ਕਰਵਾਨੇ ਕਾ ਹੁਕਮ ਦੇਗਏ । ਔਰ ਜੀਉਂਦੀ ਇਸਤ੍ਰੀ ਤੇ ਦੂਸਰਾ ਵਿਵਾਹ ਕਰਨਾ ਜਾਇਜ਼ ਹੈ ਜੈਸੇ ਸ੍ਰੀ ਗੁਰੂ ਹਰਿਗੋਬਿੰਦ ਜੀ ਕੇ ਤੀਨ ਬਿਵਾਹ ਹਿੰਦੂ ਰੀਤੀ ਸੇ ਹੂਏ ਔ ਸ੍ਰੀ ਗੁਰੂ ਹਰਿ

ਰਾਇ ਜੀ ਕੇ ਸਾਤ ਬਿਵਾਹ ਹਿੰਦੂ ਰੀਤੀ ਸੇ ਹੂਏ ਔਰ ਸ੍ਰੀਗੁਰੂ ਗੋਬਿੰਦ ਸਿੰਘ ਜੀ ਕੇ ਦੋ ਬਿਵਾਹ ਹਿੰਦੂਰੀਤੀ ਸੇ ਹੂਏ ਵਖਰੀ ਰੀਤੀ ਕੀ ਕੋਈ ਜਰੂਰਤ ਨਹੀਂ ਕਿਉਂਕਿ ਉਕਤ ਬਿਵਾਹ ਜੀਓਂਦੀ ਇਸਤ੍ਰੀਓਂਪਰ ਹਿੰਦੂ ਰੀਤੀ ਸੇ ਹੂਏ ਅਬ ਹੋਤੇ ਔਰ ਆਗੇ ਕੋ ਹੋ ਸਕਤੇ ਹੈਂ ॥

**ਵੈਦ** ਸਫਾ ੪੯ ਸਤਰ ੧੮ ਸੇ ੨੬ ਔਰ ਸਫਾ ੫੦ ਸਤਰ ੧ ਸੇ ੫ ਤਕ। ਇਸ ਸਾਰੇ ਲੇਖ ਦਾ ਇਥੇ ਉਤਰ ਦੇਣਾ ਫਜ਼ੂਲਹੈ ਕਿਉਂਕਿ ਪਰਸੰਗ ਨਾਲ ਸੰਬੰਧ ਨਹੀਂ ਹੈ ਇਸ ਸੰਬੰਧੀ ਉਤਰ "ਮਨਮਤ ਪ੍ਹਾਰ" ਜਾਂ ਵੇਦ ਪ੍ਬੋਧ ਵਿਚ ਪੂਰਨ ਆ ਚੁਕਾ ਹੈ। ਜੇ ਇਥੇ ਦੇਣਾ ਹੀ ਹੋਵੇ ਤਦ ਪਹਿਲੇ ਤਾਂ ਤੁਕ ਗਲਤ ਹੈ। ਤੇ ਫੇਰ ਵੇਦ ਭਗਤ ! ਨਹੀਂ ੨ ਵੇਦਾਂ ਦੇ ਆਸਰਾ ਰੂਪ ਮਹਾਤਮਾ ਦੇ ਬਚਨ ਹਨ ਕਿ 'ਨ ਵੇਦੰ ਵੇਦ ਇਤਜਾਹੁਰ ਵੇਦੋ ਵੇਦੋਨ ਵਿਦਤੇ।ਪਰਮਾਵਿਦਜਤੇਯੇਨਸਵੇਦੋਵੇਦਉਚਜਤੇ" ।੭੩ ਅਰਥ–ਪੰਡਤਗਿਆਨਵਾਨ ਪੁਰਸ਼ ਵੇਦ ਖਾਸ ਪੁਸਤਕ ਨੂੰ ਵੇਦ ਨਹੀਂ ਆਖਦੇ ਔਰ ਵੇਦ ਪੁਸਤਕ ਵੇਦ ਗਿਆਨ ਹੈ ਭੀ ਨਹੀਂ ਕਿੰਤੂ ਪਰਮਾਤਮਾ (ਵਾਹਿਗੁਰੂ ਅਕਾਲ ਪੁਰਖ) ਜਿਸਤੋਂ ਜਾਣਿਆ ਜਾਵੇ ਉਹੋ ਹੀ ਗਿਆਨੀਆਂ ਨੇ ਵੇਦ ਕਿਹਾ ਹੈ ॥

**ਉਤ੍ਰ** ਵੈਦ ਜੀ ਉਤਰ ਦੇਣਾ ਫਜ਼ੂਲ ਕੇਹਣਾ ਆਪਕੀ ਮੂਰਖਤਾ ਹੈ ਕਿਉਂਕਿ ਵੈਦਕ ਬਿਵਾਹ ਕੇ ਸਾਥ ਵੇਦ ਕਾ ਪੂਰਣ ਸੰਬੰਧ ਹੈ ਔਰ ਗਲਤ ਕੋਈ ਨਹੀਂ ਛਪਨੇਕੀ ਖਰਾਬੀਮੇਂ "ਮਹਿ" ਕੀ ਜਗਹ "ਵਿਚ" ਛਪ ਗਿਆ ਹੋਗਾ ਜੋ ਏਕ ਹੀ ਅਰਥ ਬੋਧਕ ਹੈ ਔਰ ਸੰਸਕ੍ਰਿਤ ਮੇਂ ਸ਼ਬਦ ਦੋ ਪ੍ਰਕਾਰ ਕੇ ਹੋਤੇ ਹੈਂ ਏਕ ਯੌਗਿਕ ਔਰ ਏਕ ਰੂੜ੍ਹੀ ਵੇਦ ਸ਼ਬਦ ਮਨੂਆਦਿ ਧਰਮ ਸ਼ਾਸਤ੍ਰ ਔਰ ਪੁਰਾਣ ਇਤਿਹਾਸੋਂ ਮੇਂ ਰੂੜ੍ਹੀ ਵੇਦ ਪੁਸਤਕੋਂਕਾ ਹੀ ਨਾਮ ਮਾਨਾ ਹੈ ਖਾਸ ਕਰ ਗੁਰੂ ਗ੍ਰੰਥ ਸਾਹਿ ਜੀ ਮੇਂ ਵੇਦ ਸ਼ਬਦ ਰੂੜ੍ਹੀ ਪੁਸਤਕੋਂ ਕਾ ਹੀ ਨਾਮ ਸਪਸ਼ਟ ਹੈ ॥ ਯਥਾ ॥ (੧) ਚਾਰੇ ਵੇਦ ਕਥਹ ਆਕਾਰ(ਗੌੜੀ ਮ: ੧ ਸ਼ਬਦ ੧੨ ਤੁਕ ੧) (੨) ਚਚੈ ਚਾਰ ਵੇਦ ਜਿਨ ਸਾਜੇ ਚਾਰੇ ਖਾਣੀ ਚਾਰ ਜੁਗਾ (ਆਸਾ ਮਹਲਾ ੧ ਪਟੀ ਲਿਖੀ ਸ਼ਬਦ ੯), (੩) ਚਾਰੇ ਬੇਦ ਹੋਏ ਸਚਿਆਰ (ਸੂਹੀ ਕੀ ਵਾਰ ਮਹਲਾ ੧ ਸਲੋਕ ੧੩) (੪) ਚਾਰੇ ਵੇਦ ਬ੍ਰਹਮੇ ਕਉ ਦੀਏ ਪੜ ਪੜਕਰੇਵੀਚਾਰੀ(ਆਸਾ ਅਸ਼ਟਪਦੀਮਹਲਾ੩ ਸ: ੧ ਤੁਕ ੩)

(੫) ਸਾਮਵੇਦ ਰਿਗੁ ਜੁਜਰ ਅਥਰਬਣਬ੍ਰਹਮੇ ਮੁਖ ਮਾਇਆ ਹੈ ਤ੍ਰੈਗੁਣ। (ਮਾਰੂ ਮਹਲਾ ੧ ਸ਼ਬਦ ੧੭ ਤੁਕ ੯) ਕਿਉਂ ਵੈਦ ਜੀ ਆਪਕੋ ਅੰਨ ਮਤ ਵਾਲੇ ਗਿਆਨੀਓਂ ਕਾ ਕਹਾ ਮਨਜ਼ੂਰ ਹੈ ਕਿ ਗੁਰੂ ਸਾਹਿਬੋਂ ਕਾ ਜੋ ਵੇਦ ਰੂੜ੍ਹੀ ਸ਼ਬਦਾਰਥ ਮੇਂ ਵੇਦ ਪੁਸਤਕ ਮਾਨਤੇ ਹੈਂ ਜਿਨਕਾ ਹੁਕਮ ਆਪਕੋ ਸਿਰ ਮਾਥੇ ਪਰ ਧਰਨਾ ਪੜੇਗਾ "ਵੇਦ ਕਹਾ ਸਿਖਨ ਸਮਝਾਉ" ॥

**ਵੈਦ** ਸਫਾ ੫੦ ਸਤਰ ੧੦ ਸੇ ੧੨। "ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ। ਬਾਣੀਤ ਕਚੀ ਸਤਗੁਰੂਬਾਬਹ ਹੋਰ ਕਚੀ ਬਾਣੀ। ਕਹਿੰ

ਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥"

ਉਤ੍ਰ ਵੇਦ ਜੀ ਤੁਕ ਤੋ ਲਿਖ ਦਈ ਮਗਰ ਅਰਥ ਕੀ ਆਪਕੋ ਕੁਛ ਖਬਰ ਨਹੀਂ ਸੁਨੀਏ ਪ੍ਰਮਾਣਿਕ ਗਿਆਨੀਓਂ ਕਾ ਟੀਕਾ ਫਰੀਦਕੋਟ ਆਪਕੀ ਆਂਖੋਂ ਕਾ ਅੰਧਕਾਰ ਦੂਰ ਕਰਤਾ ਹੈ ॥ ਯਥਾ--(ਸਤਗੁਰੂ ਬਿਨਾਂ) ਕਹੀਏ ਸਤ ਸਰੂਪ ਔਰ (ਗੁਰੂ) ਪੂਜਨ ਰੂਪ ਪਰਮੇਸ਼ੁਰ ਤੋਂ ਬਿਨਾਂ ਭਾਵ ਜਿਸ ਬਾਨੀ ਮੇਂ ਪਰਮੇਸ਼੍ਵਰ ਕੇ ਜਨਮ ਔਰ ਕਰਮ ਤਥਾ ਨਾਮ ਨਹੀਂ ਹੈਂ ਸੋ ਕੱਚੀ ਹੈ ਕਿਆ ਅਧੋਗਤਿ ਕੋ ਪ੍ਰਾਪਤ ਕਰਨੇ ਵਾਲੀ ਹੈ ਇਸ ਪਰ ਪ੍ਰਮਾਣ ਭਾਗਵਤ ਕੇ ਏਕਾਦਸ਼ ਸਕੰਧ ਮੇਂ ਕ੍ਰਿਸ਼ਨ ਜੀ ਕਾ ਕਥਨ ਊਧਵਪ੍ਰਤਿ ਬਾਣੀ ਸਤਗੁਰੋਂ ਬਿਨਾਂ ਕੱਚੀ ਹੈ ਔਰ ਕੋਈ ਭਰਮਾਏ ਤੋ ਭ੍ਰਮਣਾ ਨਹੀਂ ਯਹੀ ਨਿਸਚਾ ਕਰੋ ਕਿ ਯੇਹ ਬਾਣੀ ਕੱਚੀ ਹੈ ਕਿੰਵਾ ਜਨਮ ਕਰਮ ਬਹੁਤੇਰੇ। ਜਾਂਬਾਣੀ ਮੇਂ ਨਾਹੀਂ ਮੇਰੇ। ਬੰਧਜਾ ਬਾਂਣੀ ਤਾਹਿ ਬਿਚਾਰੇ। ਨਿਸ਼ਫਲ ਜਾਨਨਪੰਡਿਤ ਧਾਰੇ ॥ ਜਿਸ ਬਾਣੀ ਕੇ ਕੇਹਨੇ ਵਾਲੇ ਕੱਚੇ ਹੈਂ ਤਿਸਕੇ ਸੁਨਨੇ ਹਾਰੇ ਭੀ ਕੱਚੇ ਹੈਂ ਕਥਾ ਭੀ ਮੁਖ (ਮੂੰਹ) ਕਰਕੇ ਹੀ ਹੈ (ਟੀਕਾ ਫਰੀਦਕੋਟ ਆਨੰਦ ਪੌੜੀ ੨੩ ਸਫਾ ੯੦੩ ਲੌ ਔਰ ਸੁਨੋ ਗੁਰੂਸਾਹਿਬ ਅਨੰਦਕੇ ਅੰਤ ਕੀ ਪੌੜੀ ੪੦ ਮੇਂ ਸਤਗੁਰੂ ਸਰਬ ਬਜਾਪਕ ਈਸ਼ੁਰ ਕੋ ਮਾਨਤੇ ਹੈਂ ॥ ਯਥਾ--"ਸਤਿਗੁਰ ਰਹਿਆ ਭਰਪੂਰੇ" ਸੋ ਈਸ਼ੁਰ ਨੇ ਵੇਦ ਬ੍ਰਹਮਾ ਜੀ ਕੋ ਦੀਏ "ਚਾਰੇ ਵੇਦ ਬ੍ਰਹਮੇ ਕੋ ਦੀਏ ਪੜ ਪੜ ਕਰੇ ਵੀਚਾਰੀ" (ਰਾਗ ਆਸਾ ਅਸ਼ਟਪਦੀ ਮ੦ ੩ ਸਬਦ ੧ ਤੁਕ ੩)ਜੋ ਵੇਦ ਓਅੰਕਾਰ ਸੇ ਉਤਪੰਨ ਹੂਏ ਹੈਂ "ਓਅੰਕਾਰ ਬੇਦ ਨਿਰਮਏ" (ਰਾਗ ਰਾਮਕਲੀ ਓਅੰਕਾਰ ਮਹਲਾ ੧) ਫਿਰ ਵੇਦ ਬਾਣੀ ਕੋ ਕੱਚੀ ਬਾਣੀ ਕੇਹਣਾ ਆਪਕੀ ਹਠਧਰਮੀ ਪੂਰਬਕ ਮੂਰਖਪਣਾ ਹੈ। ਯਦਿ ਵੇਦ ਸ਼ਾਸਤ੍ਰ ਪੁਰਾਣ ਕੀ ਬਾਣੀ ਕੱਚੀਹੈ ਤੋ ਗੁਰੂ ਗ੍ਰੰਥਸਾਹਿਬ ਮੇਂ ਉਕਤ ਗ੍ਰੰਥੋਂਸੇ ਭਿੰਨਬਾਣੀ ਨਹੀਂ ਰਾਮਨਾਮਕੀ ਮਹਿਮਾ ਹਿੰਦੂ ਗ੍ਰੰਥੋਂ ਮੇਂ ਪ੍ਰਥਮਸੇ ਮੌਜੂਦ ਸੋਈ ਗੁਰੂਗ੍ਰੰਥ ਸਾਹਿਬ ਮੇਂ ਹੈ ਔਰ ਹਰੀਹਰ ਗੋਬਿੰਦ ਮੁਕੰਦ ਨਾਰਾਇਣ ਆਦਿ ਨਾਮੋਂ ਕੀ ਮਹਿਮਾ ਹਿੰਦੂ ਧਰਮ ਗ੍ਰੰਥੋਂ ਮੇਂ ਨਾਮ ਦਾਨ ਭਗਤੀ ਮੌਜੂਦ ਹੈ ਸੋਈ ਗ੍ਰੰਥ ਸਾਹਿਬ ਮੇਂ ਹੈ ਇਸ ਸੇ ਤੋ ਗੁਰੂਗ੍ਰੰਥਸਾਹਿਬਜੀ ਕੀ ਭੀ ਬਾਣੀ ਕੱਚੀ ਸਿੱਧ ਹੋਜਾਏਗੀ।ਔਰ ਸੌ ਸਾਖੀ ਮੇਂ ਸਾਖੀ ੧੦ ਗੋਪੀ ਚੰਦ ਕੀ ਬਾਣੀ ਕੋ ਸਿਖੋਂ ਨੇ ਕਚੀ ਬਾਣੀ ਕਹਾ ਗੁਰੂ ੧੦ ਜੀ ਨੇ ਸਿਖ ਨੂੰ ਝਿੜਕਿਆ ਔਰ ਗੋਪੀ ਚੰਦ ਨੂੰ ਧੰਨ ਧੰਨ ਕਹਾ ਭਾਈ ਜੀ ਅਰਥ ਗਿਆਨ ਰਹਿਤ ਹੋ ਪ੍ਰਥਮ ਅਰਥ ਪੜ੍ਹੋ ॥

ਵੈਦ ਸਫਾ ੫੧ ਸਤਰ ੨੦ ਸੇ ੨੫ ਔਰ ਸਫਾ ੫੨ ਸਤਰ ੧ ਸੇ ੪ ਤਕ ॥ ਭਲਾ ਕ੍ਰਿਪਾ ਕਰਕੇ ਸ੍ਰੀ ਕਲਗੀਧਰ ਜੀ ਦੀਆਂ ਏਹ ਤੁਕਾਂ ਪੜ੍ਹਕੇ ਦਸੋ ਖਾਂ ਕਿ ਵੇਦ ਪਾਠੀ ਬੇਤਾਲ ਹਨ ਕਿ ਵੇਦ ਨਾ ਪਾਠੀ ਬੇਤਾਲ ਹਨ ਸ਼ਰਮ ਨਾ ਕਰਨੀ ਜ਼ਰਾ ਧਿਆਨ ਨਾਲ ਪੜ੍ਹਨਾ "ਜੇ ਸਿੰਮ੍ਰਿਤਨਕੇ ਭਏ ਅਨੁਰਾਗੀ।ਤਿਨ ਤਿਨ ਕ੍ਰਿਯਾ ਬ੍ਰਹਮ ਕੀ ਤਿਆਗੀ। ਜਿਨ ਮਨ

Sri Satguru Jagjit Singh Ji Elibrary NamdhariElibrary@gmail.com

ਹਰਿ ਚਰਨਨ ਠਹਿਰਾਯੋ । ਸੋ ਸਿਮ੍ਰਤਨ ਕੇ ਰਾਹ ਨ ਆਯੋ ॥ ੧੯॥ ਬ੍ਰਹਮੇ ਚਾਰ ਹੀ ਬੇਦ ਬਨਾਏ। ਸਰਬ ਲੋਕ ਤਿਹ ਕਰਮ ਚਲਾਏ। ਜਿਨਕੀ ਲਿਵ ਹਰਿ ਚਰਨਨ ਲਾਗੀ। ਤੇ ਬੇਦਨ ਤੇ ਭਏ ਤਜਾਗੀ। ਜਿਨਮਤ ਬੇਦ ਕਤੇਬਨ ਤਜਾਗੀ। ਪਾਰ ਬ੍ਰਹਮ ਕੇ ਭਏ ਅਨੁਰਾਗੀ॥" (ਬਚਿਤ੍ਰ ਨਾਟਿਕ ਅ: ੬)

ਉਤ੍ਰ ਵੈਦਜੀ ਆਨੰਦਬਿਵਾਹ ਮੇਂ ਯਹਤੁਕ ਦਰਜ ਹੈ ਕਿ "ਵੇਦਾਂ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ"(ਟੀਕਾ ਵ:)ਵੇਦੋਂ ਮੇਂ ਜੋ ਨਾਮ ਉਤਮ ਹੈਂ ਸੋ ਤੋ ਸੁਨਤੇ ਹੀ ਨਹੀਂ ਹੈਂ ਔਰ ਭੂਤੋਂ ਕੀ ਤਰਹ ਫਿਰਤੇ ਹੈਂ ਭਾਵ ਅਸ਼ੁਧ ਹੈਂ (ਆਨੰਦ ਪੌੜੀ ੧੯ ਸਫਾ ੦੨)ਭਾਈਜੀ ਯਦਿ ਵਿਦਜਾ ਹੈ ਤੋ ਇਸਕੋ ਰੱਦ ਕਰਕੇ ਦਿਖਲਾਓ ਆਨੰਦ ਬਿਵਾਹ ਮੇਂ ਹਮਨੇ ਪ੍ਰਮਾਨ ਆਦਿਗੁਰੂਗ੍ਰੰਥ ਸਾਹਿਬ ਕਾ ਦੀਆ ਹੈ ਆਪ ਦਸਮ ਕੀ ਤੁਕੇਂ ਲਿਖਤੇ ਹੈਂ ਤਥਾਪਿ:- "ਜੇ ਸਿਮ੍ਰਿਤਨਕੇ ਭਏ ਅਨੁਰਾਗੀ" ਸਬਦ ਸੇ ਸਿਮ੍ਰਿਤੀਓਂ ਕੀ ਨਿਦਾ ਸਮਝਨੀ ਆਪ ਕੀ ਮੂਰਖਤਾ ਹੈ ਕਿਉਂਕਿ ਆਦਿ ਗੁਰੂ ਗ੍ਰੰਥ ਸਾਹਿਬ ਜੀ ਸਿਮ੍ਰਿਤੀਓਂ ਕੇ ਹੁਕਮ ਕੋ ਧਰਮ ਪੂਰਬਕ ਮਾਨਨੇ ਕਾ ਹੁਕਮ ਦੇਤੇ ਹੈਂ "ਧਰਮ ਦ੍ਰਿੜਹੁ ਹਰਿ ਨਾਮ ਧਿਆਵਹੁ ਸਿਮ੍ਰਿਤ ਨਾਮ ਦ੍ਰਿੜਾਇਆ" (ਰਾਗ ਸੂਹੀ ਛੰਤ ਮਹਲਾ ੪ ਸਬਦ ੨ ਤੁਕ ੧) "ਵੇਦ ਪੁਰਾਨ ਸਿਮ੍ਰਿਤ ਮਹਿ ਦੇਖ)" (ਸੁਖਮਨੀ ਅਸਟਪਦੀ ੨ ਤੁਕ ੩) ਔਰ "ਬ੍ਰਹਮੇ ਚਾਰ ਹੀ ਬੇਦ ਬਨਾਏ। ਸਰਬ ਲੋਕ ਤਿਹਕਰਮ ਚਲਾਏ"ਸਬਦ ਆਦਿਗੁਰੂਗ੍ਰੰਥ ਸਾਹਿਬ ਜੀ ਸੇ ਪਰਸ ਪਰ ਬਿਰੋਧ (ਵਦਤੋ ਵਜਾਘਾਤ) ਸੇ ਆਪਕਾ ਪਖ ਝੂਠਾ ਹੋਤਾ ਹੈ ਕਿਉਂਕਿ ਬੇਦ ਬ੍ਰਹਮਾ ਜੀ ਨੇ ਨਹੀਂ ਬਨਾਏ ਬ੍ਰਹਮਾ ਜੀ ਕੋ ਈਸ਼੍ਵਰ ਨੇ ਦੀਏ ਹੈਂ ॥(੧) "ਓਅੰਕਾਰ ਬੇਦ ਨਿਰਮਏ" ਆਦਿ ਗ੍ਰੰਥ ਸਾਹਿਬ (੨) "ਚਾਰੇ ਬੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ" ਆਦਿ ਗੁਰੂ ਗ੍ਰੰਥ ਸਾਹਿਬ। ਵੈਦ ਜੀ ਖਾਸ ਕਰ ਉਕਤ ਆਪਕੇ ਬਚਿਤ੍ਰ ਨਾਟਿਕ ਗ੍ਰੰਥ ਅਧਜਾਏ ੪ ਕਵਿਤਾ ਅੰਕ ੧ ਸੇ ੪ ਤਕ ਵੇਦੋਂ ਕੇ ਪਾਠ ਸੇ ਪਾਪ ਦੂਰ ਹੋਨੇ ਕਾ ਹੁਕਮ ਹੈ।

(੧)"ਜਿਨੋ ਵੇਦ ਪਠਿਓ ਸੁ ਵਦੀਕ ਕਹਾਏ"(੨)ਪੜ੍ਹੇ ਸ਼ਾਮ ਵੇਦੰ। ਯੁਜਰ ਵੇਦ ਕਥੰ। ਰਿਗ ਵੇਦ ਪਠਿਅੰ। ਕਰੇ ਭਾਵ ਹਖੰ। ਅਥਰ ਵੇਦ ਪਠਿਅੰ।ਸੁਣੰ ਪਾਪ ਨਠਿਅੰ॥ਔਰ ਐਸੇਹੀ ਆਦਿਗ੍ਰੰਥਸਾਹਿਬ ਜੀਮੇ "ਵੇਦ ਪਾਠ ਮਤਿ ਪਾਪਾਂ ਖਾਇ" (ਰਾਗ ਸੂਹੀ ਕੀ ਵਾਰ ਮ: ੧ ਸਲੋਕ ੧੭) ਜਪਜੀ ੩੮ ਪੌੜੀ "ਅਹਰਣ ਮਤਿ ਵੇਦ ਹਥਿਆਰ" "ਬਦ ਸਾਸਤ੍ਰ ਕਉ ਤਰਕਨ ਲਾਗਾ ਤਤਜੋਗੁ ਨ ਪਛਾਨੈ" (ਆਸਾ ਮ: ੫ ਸ: ੪੨ ਤੁਕ ੨) ਵਿਸੇਖ ਵੇਦ ਸ਼ਾਸਤ੍ਰ ਕੀ ਗ੍ਰੰਥ ਸਾਹਿਬ ਜੀ ਸੇ ਮਹਿਮਾ ਦਖਣੀ ਹੋਵੇ ਤੋ ਮੇਰੀ ਰਚਤ ਨਵੀਨ ਸਿੰਘ ਸਿਖਜਾ ਅਧਜਾਏ ੨ ਦੇਖੋ॥ ਵੈਦ ਜੀ ਭੁੜਕਨਾ ਨਹੀਂ ਸ਼ੰਤਮ ਕੇ ਸਾਥ ਵਿਚਾਰ ਕਰਨਾ ਹੁਣ ਸਮਝ ਲੈਨਾ ਕਿ ਵੇਤਾਲ ਕੌਨ ਹੈਂ ਅਰਥਾਤ ਵੇਦੋਂ ਮੇਂ ਲਿਖੇ ਹੂਏ ਉਤਮ ਬਾਣੀ ਕੋ ਹੀਨ ਮਾਨਨੇ ਵਾਲੇ ਵੇਤਾਲ ਸਿੱਧ ਹੂਏ॥

Sri Satguru Jagjit Singh Ji Elibrary NamdhariElibrary@gmail.com

**ਵੈਦ** ਸਫਾ ੫੨ ਸਤਰ ੪ ਸੇ ੭ ਤਕ। ਹੋਰ ਸੌ ਸਾਖੀ ਦੀ ਤੁਕ ਲਿਖਕੇ ਆਪ ਟੀਕਾ ਕਰਦੇ ਹਨ ਕਿ ਗੁਰੂ ਸਾਹਿਬ ਸਿਖਾਂ ਨੂੰ ਵੇਦ ਦੇ ਰਸਤੇ ਸਮਝਾਉਂਦੇ ਹਨ ਗੁਰੂ ਗ੍ਰੰਥ ਸਾਹਿਬ ਜੀ ਦੇ ਰਸਤੇ ਨਹੀਂ ਸਮਝਾਉਂਦੇ

**ਉਤ੍ਰ** ਵੈਦ ਜੀ ਸੌ ਸਾਖੀ ਮੇਂ ਵੇਦਕੇ ਰਸਤੇ ਸਿਖੋਂ ਕੋ ਸਮਝਾਨੇ ਕੀ ਪ੍ਰਤੱਗਜਾ ਹੈ ਵੋਹੀ ਸ੍ਰੀ ਭਾਈ ਗੁਰਦਾਸ ਜੀ ਵਾਰ ੧ ਪੌੜੀ ੧੭ ਮੇਂ ਵੇਦ ਗ੍ਰੰਥ ਗੁਰੂ ਸਾਹਿਬੋਂ ਕੀ ਦੁਕਾਨ ਜਿਸ ਸੇ ਸੰਸਾਰ ਕੋ ਸੌਦਾ(ਸ਼ੁਭ ਉਪਦੇਸ਼) ਦੇਕਰ ਭਵ ਸਾਗਰ ਸੇ ਪਾਰ ਕਰੇਂਗੇ॥

ਯਥਾਃ-ਭਈ ਗਿਲਾਨ ਜਗਤ ਵਿਚ ਵਰਤੇ ਪਾਪ ਭ੍ਰਸ਼ਟ ਸੰਸਾਰਾ। ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ। ਵੇਦ ਗ੍ਰੰਥ ਗੁਰ ਹਟਹੈ ਜਿਸ ਲਗ ਭਵਜਲ ਪਾਰ ਉਤਾਰਾ॥ (ਵਾਰ ੧ ਪੌੜੀ ੧੭)

ਵੈਦ ਜੀ ਗੁਰੂ ਗ੍ਰੰਥ ਸਾਹਿਬ ਤੋ ਉਕਤ ਬਾਣੀ ਕੇ ਸਮਯ ਤਯਾਰ ਥਾ ਤੋ ਭੀ ਵੇਦ ਗ੍ਰੰਥੋਂ ਕੇ ਰਸਤੇ ਹੀ ਗੁਰੂਓਂ ਕੀ ਸਿਖ੍ਯਾ ਰਹੀ। ਆਪ ਪਰਸਪਰ ਬਿਰੋਧ ਸੇ ਸੌ ਸਾਖੀ ਕੋ ਭੀ ਝੂਠੀ ਸਿੱਧ ਕਰਤੇ ਹੋ। ਸ੍ਰੀ ਭਾਈ ਗੁਰਦਾਸ ਜੀ ਕੀ ਬਾਣੀ ਕੋ ਭੀ ਝੂਠੀ ਸਿੱਧ ਕਰਨੇ ਕਾ ਡਰ ਹੈ। ਮਹਾਤਮਾ ਜੀ ਉਕਤ ਪ੍ਰਮਾਣ ਦਵਾਰਾ ਦੇਖ ਲਓ ਕਿ ਗੁਰੂਸਾਹਿਬ ਸਿਖੋਂ ਕੋ ਵੇਦਕੇਰਸਤੇ ਸਮਝਾਤੇ ਹੈਂ ਕਿ ਨਹੀਂ॥

**ਵੈਦ** ਸਫਾ ੫੩ ਸਤਰ੨ਸੇ ੩ ॥ਸਰਬ ਲੋਹਗ੍ਰੰਥ ਵਿਚ ਭੀ ਲਿਖਿਆਹੈ ਕਿ "ਵੇਦ ਕਤੇਬ ਧਕੇਲ ਦੀਏ ਖੰਡੇ ਕੀ ਧਾਰ ਚਲਾਵਹਿੰਗ"

**ਉਤ੍ਰ** ਵੈਦ ਜੀ ਸਰਬ ਲੋਹ ਗ੍ਰੰਥ ਕੇ ਮਾਨਨੇ ਸੇ ਭੀ ਆਪਨੇ ਚਾਂਗਾਂ ਮਾਰ ਕਰ ਨੱਠਨਾ ਹੈ ਕਿਉਂਕਿ ਸਰਬ ਲੋਹ ਗ੍ਰੰਥ ਮੇਂ ਦੇਵੀ ਜੀ ਕੀ ਬਹੁਤ ਉਸਤਤੀ ਖਾਸ ਕਰ ਦੇਵੀ ਸੇ ਭਿੰਨ ਵਾਹਿਗੁਰੂ ਕੋਈ ਨਹੀਂ ਮਾਨਾ ਔਰ ਰਾਮ ਕ੍ਰਿਸ਼ਨ ਅਵਤਾਰੋਂ ਕੀ ਉਸਤਤਿ ਮੌਜੂਦ ਹੈ, ਜੋ ਉਕਤ ਪ੍ਰਸੰਗੋਂ ਸੇ ਵੇਦ ਸ਼ਾਸਤ੍ਰ ਕੀ ਪੁਸ਼ਟੀ ਕਰਨੇ ਵਾਲਾ ਸਰਬ ਲੋਹ ਗ੍ਰੰਥ ਹੈ॥

ਲੌ ਸਰਬ ਲੋਹ ਗ੍ਰੰਥ ਭੀ ਲੋਹ ਲੱਠ ਲੇਕਰ ਆਪਕੇ ਪੀਛੇ ਪੜਤਾ ਹੈ ਤਕੜੇ ਹੋਨਾ। (੧) ਸ਼ੁਰੂ ਮੇਂ ਪਹਲੇ ਯਹ ਲੇਖ ਹੈ, ਉਸਤਤ ਸ੍ਰੀ ਮਾਯਾ ਲਛਮੀ ਜੀ ਕੀ। ਆਦਿ ਭਵਾਨੀ ਈਸ਼ਰੀ ਮਾਯਾ ਜਾਂਕੇ ਨਾਮ, ਇਨ ਬਿਨਸਰੇ ਨ ਏਕ ਛਿੰਨ ਪੂਰਨ ਹੋਤ ਨ ਕਾਮ॥ ੨॥ ਮੰਗਲਾ ਚਰਣ॥(੨) ਇਸ਼ਟਦੇਵ ਰਿਖਿ ਮਿਤ੍ਰ ਬ੍ਰਾਹਮਣ ਗਊ ਅਭਜਾਗਤ ਮਾਨੋ। (੩) ਮੱਛ ਹੋਯ ਸੰਖਾਸੁਰ ਮਾਰਜੋ ਵੇਦ ਉਧਾਰੇ ਕਸ਼ਟ ਦਲੇ॥ ੭੬੧॥ ਅ: ੨ (੪) ਤੀਰਥ ਵਰਤ ਨੇਮ ਸੁਚ ਕ੍ਰਿਯਾ ਸੀਲ ਸੰਤੋਖ ਅਚਾਰੋ। ਪੂਜਾ ਤਿਲਕ ਹੋਮ ਗਾਯਤ੍ਰੀ ਸੰਧ੍ਯਾ ਤਰਪਣ ਤਾਰੋ। ਗੁਰ ਠਾਕਰ ਪਿਤ ਮਾਤ ਬੰਧੂ ਜਨ ਮਿਸ਼ਟ ਬਚਨ ਅਭਲਾਖੋ। ਸਭਕੀ ਰੇਣ ਹੋਯ ਰਹੁ ਪੰਖੇਰੂ ਮੰਦਾ ਕਿਸੇ ਨਾ ਭਾਖੋ॥ ਵਿਸ਼ਨ ਪਦ ਕਲਜਾਨ (੫) ਤੁਮ ਹੀ ਤੁ ਵੇਦ ਪੂਰਣ ਪਰਮਾਰਥ। ਸਰਬ ਲੋਹ ਕਵਚ॥(੬) ਯਾ

ਭਗਵਤ ਸਾਵਿਤ੍ਰੀ ਗਾਯਤ੍ਰੀ ੨੧ ॥ ਯਾ ਭਗਵਨ ਰਿਖੀਨਾ ਵੇਦ ਮੰਤ੍ਰ ਸਹਿਤ ਯਜਿਤੰ ॥ ੨੩ ॥ ਸਰਬ ਲੋਹ ਕਵਚ ॥ (੭) ਚਾਰੋਂ ਨਿਗਮ ਧਨ ਰੂਪ ਚਹੁੰ ਜੁਗ। ਸਾਮ, ਯਜੁਰ; ਅਥਰਵਣ, ਰਿਗ॥ ੫ ਗੁਰ ਗੋਂਵਿ ਧਾਤੂ ੧੦ (੮) ਵੇਦ ਪ੍ਰਾਪਤ ਭਯੋ ਤਵ ਪ੍ਰਸਾਦ ਮੋਹ ਦਯਾ ਨਿਧੇ ॥ ੨ ॥ ਸਰਵ ਦ੍ਰਯ ਸਤੁਤ। (੯) ਜੋ ਜੇ ਅਸੁਰ ਪ੍ਰਭ ਸੰਤਨ ਦ੍ਰੋਹੀ ਹਰ ਮਾਰਗ ਮੇਂ ਵਿਘਨ ਕਰੰਤੇ। ਤੇਤੇ ਦੁਸ਼ਟ ਪਛਾਰੇ ਸਤਗੁਰ ਮਨਾਯ ਭਗਵਤੀ ਸਿਮਰ ਭਗਵੰਤੇ। ਭੂ ਸੁਰ ਕੌ ਦ੍ਰੋਹੀ ਜੋ ਦੁਸ਼ਟਨ ਧਰਮ ਜੁਧ ਕਰ ਅਸੁਰ ਦਲੰਤੇ ॥ ਉਕਤ ਸ੍ਵੈਯੇ ਤਰਹ ਦੂਜੀ॥(੧੦)ਗ੍ਰਾਹੋਸ਼ੁਭ ਤਜਾਗ। ਵਿਵਰਜਿਤ ਸ੍ਰਤੀ ਆਦਿਅੰਤ ਸ਼੍ਰੀਮੁਖ ਪਰਮੇਸ੍ਰਰ ਗੀਤਾ ਉਪਨਿਸ਼ਦ ਮਹਾਂਵਾਕ ਮਹਾਰੈਹਨੀ ਭਗਤ ਗਿਆਨੀ ਬ੍ਰਿਜੇਸ੍ਰਰ ॥ ੫ ॥ ਐਸੇ ਖਾਲਸਾ ਖਾਲਸ ਪਦ ਪ੍ਰਾਪਤ ਨਿਰੰਕਾਰੀ ਸ਼ਿਵ ਰੂਪ ਮਹਾਨੈ। ਤਾਂਕੀ ਰਹਨੀ ਸ਼੍ਰੁਤੀ ਯੁਕਤ ਭਾਖਤ ਦਸ ਗ੍ਰਾਹੀ ਖਾਲਸਾ ਪ੍ਰਧਾਨੈ॥੬॥ ਖਾਲਸਾ ਪ੍ਰਕਾਸ਼। (੧੧) ਅਨ ਭੌ ਲੀਲ੍ਹਾ ਪ੍ਰਭਕੀ ਵੇਦ ਪੁਰਾਨਣ ਗਾਯੇ। ਸ਼ਬਦ ਮਹਾਤਮ ॥ (੧੨) ਉਪਮਾ ਕੀਨ ਸ਼ਾਸਤ੍ਰ ਸ਼੍ਰੁਤੀ ਵੇਦਾ ਅਬ ਨਿਰਤ ॥

ਲੌ ਵੈਦ ਜੀ ਆਗੇ ਚਲ ਕਰ ਸਰਬ ਲੋਹ ਕੇ ਅੰਤ ਮੇਂ ਗੁਰੂ ਸਾਹਿਬ ਗ੍ਰੰਥ ਪੁਸਤੱਕ ਵਾਚਨੇ ਵਾਲੇ ਕੇ ਲਖਜਣ ਲਿਖਤੇ ਹੈਂ ॥ ਵਕਤਾ ਪੰਡਿਤ ਗਜਾਨੀ ਹੋਯ। ਸ਼੍ਰਤ ਸ਼ਾਸਤ੍ਰ ਪੌਰਾਣ ਰਤ ਹੋਯ। ਗ੍ਰੰਥ ਸਮਾਪਤੀ ਪਰ॥ ਕਿਉਂ ਵੈਦ ਜੀ ਮੌਲੂਮ ਹੁਆ ਕਿ ਸਰਬ ਲੋਹ ਕੈਸੇ ਲੋਹ ਜੰਜੀਰ ਡਾਲਤਾ ਹੈ ਔਰ ਯਹ ਪ੍ਰਮਾਣ ਹਮਨੇ ਉਨ ਸਥਾਨੋਂ ਮੇਂ ਸੇ ਲਿਖੇ ਹੈਂ ਜੋ ਖਾਲਸਾ ਪ੍ਰਤਿ ਗੁਰੂ ਸਾਹਿਬ ਨੇ ਉਪਦੇਸ਼ ਰੂਪ ਕਥਨ ਕੀਆ ਹੈ ਔਰ ਉਕਤ ਪ੍ਰਮਾਣੋਂ ਮੇਂ ਪ੍ਰਤੱਗਜਾ ਹੈ ਕਿ ਖਾਲਸਾ ਵਹੀ ਹੈ ਜੋ ਵੇਦ ਪੁਰਾਣੋਂ ਕੇ ਅਨੁਕੂਲ ਚਲਤਾ ਹੈ ਔਰ ਆਪਕਾ ਬੇ ਪਤੇ ਪ੍ਰਮਾਣ ਹਮਨੇ ਸਰਬ ਲੋਹ ਗ੍ਰੰਥ ਮੇਂ ਜੋ ਕਰੀਬ ਏਕ ਹਜਾਰ ਪ੍ਰਿਸ਼ਟ ਕੇ ਹੈ ਦੇਖਾ ਪਰੰਤੂ ਬਿਲਾ ਪਤੇ ਕਹੀਂ ਨਹੀਂ ਮਿਲਾ ਅਬ ਕ੍ਰਿਪਾ ਕਰਕੇ ਅਨੰਦਪੁਰ ਚਲਕੇ ਸਰਵ ਲੋਹ ਮੇਂ ਦਿਖਾਓ ਔਰ ਯਹ ਭੀ ਮਲੂਮ ਰਹੇ ਕਿ ਏਕ ਹਜਾਰ ਸਫੇ ਕਾ ਗ੍ਰੰਥ ਇਸੀ ਕਿਸਮ ਕੇ ਵਾਕੰ ਸੇ ਭਰਾ ਪੜਾ ਹੈ ਔਰ ਸਰਬ ਲੋਹ ਗ੍ਰੰਥ ਕੇ ਪ੍ਰਕਰਣੋਂ ਕੇ ਅੰਤ ਮੇ ਦਾਸ ਗੋਵਿੰਦ ਯਾ ਗੋਵਿੰਦ ਦਾਸ ਨਾਮ ਲਿਖੇ ਹੈਂ ਔਰ ਪ੍ਰਾਰੰਭ ਮੇਂ ਸ੍ਰੀ ਮੁਖ ਵਾਕ੍ਰ ਪਾਤਸ਼ਾਹੀ੧੦ ਲਿਖਾਹੈ ਜਿਸ ਸੇ ਕ੍ਰਿਸੀ ਕਵੀ ਕੀ ਰਚਨਾਕਾ ਅਡਿੰਗਭੀ ਆਪ ਨਹੀਂ ਲਗਾ ਸਕਤੇ। ਅਬ ਸ਼ਰਮਿੰਦੇ ਹੋਕਰ ਮੂੰਹ ਨਾ ਲੁਕੋਨਾ ਅਗਰ ਬਹਾਦਰੀ ਹੈ ਤੋ ਸਰਵ ਲੋਹ ਪਰ ਹੀ ਸ਼ਾਸਤ੍ਰਾਰਥ ਕਰਤੇ ਰਹੋ ॥

**ਵੈਦ** ਸਫਾ ੫੨ ਸਤਰ ੧੦.ਨਾ ਸਿਖ ਵੇਦ ਦੇ ਵਿਰੋਧੀ ਹਨ ਨਾ ਕਿਤੇਬ ਦੇ ਏਹ ਝੂਠਾ ਦੋਸ਼ ਤੁਸੀ ਮਨ ਕਲਿਪਤ ਦੇ ਰਹੇ ਹੋ ॥

**ਉਤ੍ਰ** ਵੈਦ ਜੀ ਜੇ ਆਪ ਜੈਸੇ ਸਿਖ ਵੇਦ ਦੇ ਵਿਰੋਧੀ ਨਾ ਹੁੰਦੇ ਤੇ ਸਫੇ ੪੯ ਸਤਰ੨੦ ਮੇਂ "ਮਨਮਤ ਪ੍ਰਹਾਰ ਨੰਬਰ ੪ ਵੇਦਪ੍ਰਬੋਧ",

ਅਰਥਾਤ ਵੇਦ ਕੀ ਨਿੰਦਾ ਨਾ ਲਿਖਤੇ। ਆਪ ਆਪਨੇ ਲੇਖ ਸੇ ਹੀ ਝੂਠੇ ਸਿੱਧ ਹੋਤੇ ਹੋ॥

**ਵੈਦ** ਸਫਾ ੫੩ ਸਤਰ ੧੨ ਪੇ ੧੯॥ ਆਪਦੇ ਲੇਖਾਂ ਤੋਂ ਤਾਂ ਪਤਾ ਲਗਦਾ ਹੈ ਕਿ ਆਪ ਪੰਜਾਬੀ ਤੋਂ ਭੀ ਪੂਰੇ ਜਾਣੂ ਨਹੀਂ ਹੋ। ਇਥੋਂ ਤਕ ਕਿ ਸ਼ਾਯਦ ਆਪਨੂੰ ਇਹ ਭੀ ਪਤਾ ਨਹੀਂ ਹੋਣਾ ਕਿ "ਟਿਪੀ" ਕਾਹਦੀ ਬਣਦੀ ਹੈ। ਸੋ ਤੁਹਾਡਾ ਵੇਦ ਨੂੰ ਮੰਨਣਾ ਯਾ ਨਾ ਮੰਨਣਾ ਉਸ ਮੂਰਖ ਜੈਸਾ ਹੈ ਜੋ "ਉਕਲੈਦਸ" ਦੀ ਕਿਤਾਬ ਲੈਕੇ ਪਿਆ ਕਹੇ ਕਿ ਮੈਂ ਇਸਨੂੰ ਮੰਨਦਾ ਹਾਂ ਜਾਂ ਨਹੀਂ ਮੰਨਦਾ ਹਾਂ॥

**ਉਤ੍ਰ** ਵੈਦ ਜੀ ਆਪਕਾ ਝੂਠਾ ਹੰਕਾਰ ਔਰ ਅਭੀਮਾਨ ਹੈ ਕਿ ਮੇਰੇ ਬਗੈਰ ਔਰ ਕੋਈ ਟਿੱਪੀ ਆਦਿ ਬਣਨ ਕਾ ਪ੍ਰਕਾਰ ਨਹੀਂ ਜਾਣਦਾ ਸੋ ਵੈਦ ਜੀ ਹੰਕਾਰੀ ਨਸ਼ਟ ਹੋ ਜਾਯਾ ਕਰਤੇ ਹੈਂ। "ਸੁਖੀ ਬਸੇ ਮਸ ਕੀਨੀਆ ਆਪ ਨਿਵਾਰ ਤਲੇ। ਬਡੇ ਬਡੇ ਹੰਕਾਰੀਆ ਨਾਨਕ ਗਰਬ ਗਲੇ" ਵੈਦ ਜੀ ਖਬਰ ਹੈ "ਆਨੰਦ ਬਿਵਾਹ ਪਰ ਵਿਚਾਰ" ਕਾ ਰਚਤਾ ਵੇਦ ਸ਼ਾਸਤ੍ਰ ਗੁਰੂ ਗ੍ਰੰਥ ਸਾਹਿਬ ਕੁਰਾਨ ਅੰਜੀਲ ਆਦਿਕੇ ਜਾਨਨੇ ਮੇਂ ਸੁਬੱਗਜ ਹੈ। ਜੋ ਉਸ ਦੇ ਲੇਖਾਂ ਤੋਂ ਭਾਵ ਭਾਸਦੇ ਹੈਂ। ਆਪਕੇ ਐਸੇ ੨ ਲੇਖ ਸਿਵਾਯ ਪਤਰੇ ਕਾਲੇ ਕਰਨੇ ਕੇ ਕੁਛ ਸੰਬੰਧ ਆਨੰਦ ਵਿਸ਼ਯ ਸੇ ਨਹੀਂ ਰਖਤੇ॥

**ਵੈਦ** ਸਫਾ ੫੪ ਸਤਰ ੧ ਸੇ ੯। ਜਿਨਾਂ ਨੂੰ ਉਲਾਂਭਾ ਦੇਂਦੇ ਹੋ ਓਹ ਵੇਦ ਨਿੰਦਕ ਨਹੀਂ ਹਨ ਪਰ ਧਰਮ ਤੇ ਇਸ਼ਟ ਦੇ ਪਜਾਰੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੇਦ ਤੋਂ ਸ੍ਰੇਸ਼ਟ ਮੰਨਦੇ ਹਨ। ਓਹ ਆਪਣੇ ਗੁਰੂ ਸਾਹਿਬਾਂ ਨੂੰ ਰਿਖੀਆਂ ਦਾ ਮੁਥਾਜ ਬੇਵਸ ਟੀਕਾਕਾਰ ਕਿਸੇ ਵਿਦਜਾਦਾ ਮੰਗਤਾ ਅਲਪੱਗ ਤੇ ਜੀਵ ਕੋਟੀ ਦਾ ਨਹੀਂ ਮੰਨਦੇ ਓਹ ਗੁਰੂ ਸਾਹਿਬਾਂ ਨੂੰ ਅਵਤਾਰਾਂ ਤੋਂ ਸ੍ਰੇਸ਼ਟ ਸਭ ਤੋਂ ਵੱਡਾ ਪ੍ਰਮਾਣੀਕ ਅਵਤਾਰ, ਇਤਿਆਦਿ॥

**ਉਤ੍ਰ** ਵੇਦ ਜੀ ਆਪ ਜੈਸੋਂ ਕੀ ਮੂਰਖਤਾ ਹੈ ਜੋ ਪਰਾਣ ਔਰ ਵੇਦੋਂ ਕੋ ਉਤਮ ਨਹੀਂ ਸਮਝਤੇ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਵੇਦੋਂ ਪੁਰਾਣੋਂ ਕੋ ਉਤਮ ਸਮਝਤੇ ਹੈਂ। ਯਥਾ--(੧) ਪੋਥੀ ਪ੍ਰਮੇਸਰ ਕਾ ਥਾਨ (ਸੋਰਠਿ ਮਹਲਾ ੫ ਸ਼ਬਦ ੧੧੨ ਤੁਕ ੧) (੨) ਪੋਥੀ ਪੁਰਾਣ ਕਮਾਈਐ। ਭਉ ਵਟੀ ਇਤੁ ਤਨ ਪਾਈਐ। (ਸ੍ਰੀ ਰਾਗ ਮ: ੧ ਸ: ੩੩ ਤੁਕ ੨) (੩) ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕ ਇਵ ਏਕਤਾਰੈ॥ (ਸ੍ਰੀ ਰਾਗ ਮਹਲਾ ੧ ਸ: ੨੬ ਤੁਕ ੩) (੪) ਸਪਤ ਦੀਪ ਸਪਤ ਸਾਗਰਾ ਨਵਖੰਡ ਚਾਰ ਵੇਦ ਦਸ ਅਸਟ ਪੁਰਾਣਾ॥ ਹਰਿ ਸਭਨਾ ਵਿਚਤੂ ਵਰਤਦਾ ਹਰਿ ਸਭਨਾਂ ਭਾਣਾ (ਸ੍ਰੀ ਰਾਗ ਕੀ ਵਾਰ ਮਹਲਾ ੩ ਸਲੋਕ ੪) (੫) ਜੁਗਿ ਜੁਗਿ ਆਪੋ ਆਪਣਾ ਧਰਮ ਹੈ ਸੋਧ ਦੇਖਹੁ ਵੇਦ ਪੁਰਾਨਾ॥ (ਬਿਲਾਵਲ ਮਹਲਾ ੩ ਸ਼ਬਦ ੪ ਤੁਕ ੬) (੬) ਹਰਿ ਹਰਿ ਕਥਾ ਪੜੇ ਪੁਰਾਣ ਜੀਉ (ਰਾਮਕਲੀ ਸਦ ਪੌੜੀ ੫)

Sri Satguru Jagjit Singh Ji Elibrary NamdhariElibrary@gmail.com

(੭) ਵੇਦ ਪੁਰਾਣ ਸਿਮ੍ਰਤ ਸੁਧੇ ਮੂਲ। ਸੂਖਮ ਮਹਿ ਜਾਨਹ ਅਸਥੂਲ। ਚਹੁ ਵਰਨਾਕਉਦੇਉਪਦੇਸ। ਨਾਨਕ ਉਸ ਪੰਡਿਤਕੋ ਸਦਾ ਅਦੇਸ(ਗਉੜੀ ਮ:੫ ਸੁਖਮਨੀ ਅਸਟਪਦੀ ੯ ਤੁਕ ੪) (੮) ਅਸੰਖ ਗ੍ਰੰਥ ਮੁਖ ਵੇਦ ਪਾਠ ॥ (ਜਪੁਜੀ ਪੌੜੀ ੧੭) (੯) ਅੈਹਰਨ ਮਤਿ ਵੇਦ ਹਥਿਆਰ (ਜਪੁਜੀਪੌੜੀ੩੮) (੧੦) ਵੇਦ ਪਾਠ ਮਤਿ ਪਾਪਾਂ ਖਾਇ (ਸੂਹੀ ਕੀ ਵਾਰ ਮ: ੧ ਸਲੋਕ ੧੭) (੧੧) ਚਾਰਿ ਵੇਦ ਹੋਏ ਸਚਿਆਰ। ਪੜਹਿ ਗੁਣੇ ਤਿਨ ਚਾਰਵੀਚਾਰ॥ (ਆਸਾ ਕੀਵਾਰ ਮਹਲਾ ੧ ਸਲੋਕ ੧੨) (੧੨) ਓਅੰਕਾਰ ਵੇਦ ਨਿਰਮਏ (ਰਾਮ ਕਲੀ ਓਅੰਕਾਰ ਮਹਲਾ ੧ ॥ ) (੧੩) ਬੇਦ ਵਪਾਰੀ ਗਿਆਨਰਾਸ ਕਰਮੀ ਪਲੈ ਹੋਇ (ਸਾਰੰਗ ਕੀ ਵਾਰ ਮਹਲਾ ੧ ਸਲੋਕ੧੭) (੧੪) ਬਾਣੀ ਬ੍ਰਹਮਾਵੇਦ ਧਰਮ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ (ਸੂਹੀ ਮਹ ਲਾ੪ ਛੰਤ ਸਲੋਕ ੨੩੧)(੧੫) ਬੇਦ ਸਾਸਤੁ ਕੋ ਤਰਕਨ ਲਾਗਾ ਤਤ ਜੋਗੁ ਨ ਪਛਾਨੈ (ਆਸਾ ਮਹਲਾ ੫ ਸਲੋਕ ੪੨ ਤੁਕ ੧) (੧੬) ਬੇਦ ਸ਼ਾਸਤ੍ਰ ਜਨ ਧਿਆਵਹੁ ਤਰਨ ਕੋ ਸੰਸਾਰ (ਆਸਾ ਮਹਲਾ ੫ ਸਲੋਕ ੪੨ ਤੁਕ ੨) (੧੭) ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀਂ ਡੋਰਾ (ਆਸਾ ਮਹਲਾ ੫ ਪੜ ਤਾਲ ਸਬਦ ੧ ਤੁਕ ੨) (੧੮) ਸਾਮਬੇਦ ਰਿਗੁ ਜੁਜਰ ਅਥਰਬਣ। ਬ੍ਰਹਮੇ ਮੁਖ ਮਾਇਆ ਹੈ ਤ੍ਰੈਗੁਣ (ਮਾਰੂ ਸੋਲਹੇ ਮ:੧ ਸ: ੧੭ ਤੁਕ ੯) (੧੯) ਪੜੇ ਸਾਮਬੇਦੰ। ਜੁਜਰ ਬੇਦ ਕਥੰ। ਰਿਗ ਬੇਦ ਪਠਿਅੰ। ਕਰੇ ਭਾਵ ਹਥੰ। ਅਥਰ ਬੇਦ ਪਠਿਅੰ। ਸੁਣੇ ਪਾਪ ਨਠਿਅੰ॥ (ਸ੍ਰੀ ਮੁਖਵਾਕ ਪਾਤਸ਼ਾਹੀ ੧੦ ਬਚਿਤ੍ਰ ਨਾਟਿਕ ਗ੍ਰੰਥ ਅਧਜਾਇ ੪ ਕਵਿਤਾ ਅੰਕ ੩-੪) (੨੦) ਬੇਦ ਗ੍ਰੰਥ ਗੁਰ ਹਟ ਹੈ ਜਿਸ ਲਗ ਭਵਜਲ ਪਾਰ ਉਤਾਰਾ॥ (ਭਾਈ ਗੁਰਦਾਸ ਕੀ ਵਾਰ ੧ ਪੌੜੀ ੧੭) (੨੧) ਸੌ ਸਾਖੀ ਮੇਂ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਹੁਕਮ ॥ (੧) ਗੁਰ ਕੀ ਇਹ ਆਗਿਆ ਸਹੀ ਬੇਦ ਧਰਮ ਕੀ ਰੀਤ। (ਸਾਖੀ ੭) (੨) ਬੇਦ ਕੀ ਰੀਤ ਕੋ ਤਿਆਗ ਕਰੇ ਨਹੀਂ। ਸਾਖੀ ੮) (੩) ਬੇਦ ਕਹਾ ਸਿਖਨ ਸਮਝਾਉਂ। (ਸਾਖੀ ੧੪) (੪) ਬੇਦ ਸ਼ਾਸਤ੍ਰ ਗੁਰਵਾਕ ਕੋ ਧਾਰੇ। (ਸਾਖੀ ੬੧) (੫) ਆਨ ਧਰਮ ਸਗਰੇ ਨਿਫਲ ਯਾਮੈਂ ਬੇਦ ਪ੍ਰਮਾਨ ॥ (ਸਾਖੀ ੬੩) (੬) ਜੋ ਗ੍ਰੇਹੀ ਜੰਗਲ ਬਸੈ ਬੇਦ ਪੜੇ ਚਿਤ ਲਾਇ। ਉਛਸਿਲਾਕਰ ਜੀਵਹੈ ਮੁਨਿਸੋਬਿਪ੍ਰਨ ਰਾਇ। (ਸਾਖੀ ੬੪) (੭) ਜਾਂ ਤਨਪ੍ਰੇਮ ਪਰਵਾਹ ਬਹੈ ਸੁਖ ਸੋ ਨਰ ਪਾਵਨ ਬੇਦ ਉਚਾਰੇ। (ਸਾਖੀ ੧) (੮) ਅੰਗ ਅੰਗਕੀ ਮੁਕਤਇਹ ਬੇਦਮਾਂਝ ਲਿਖਦੀਨ ਸੋਈ ਸਾਚੀ ਭਲੀ ਹੈ॥ (ਸਾਖੀ ੮੯) (੯) ਸਭ ਸਾਮਾਨ ਜਗ ਬੇਦਕਾ ਬੋਲੈ ਹਿੰਦੂ ਮੁਸਲਮਾਨ। (ਸਾਖੀ ੯੪)॥ ਵੈਦਜੀਆਪਕੇ ਹਮਖਜਾਲਪੁਰਖਗੁਰੂਓਂ ਕੋ ਅਲਪੱਗ ਅਤੇ ਜੀਵ ਕੋਟੀ ਸੇ ਬੜਕਰ ਮਾਨਤੇ ਹੈਂ ਦੇਖੋ ਟ੍ਰੈਕਟ "ਗੁਰਮਤ ਮੰਡਨ" ਜੋ ਹੀਰਾ ਸਿੰਘ ਚਤਰ ਸਿੰਘ ਨੇ ਵਜ਼ੀਰ ਹਿੰਦ ਪ੍ਰੈਸ ਸੰ: ੪੧੬ ਨਾ: ਮੇਂ ਛਪਵਾਇ ਕੇ ਸਫ਼ੇ ੩੦ ਸਤਰ ੯ ਸੇ ੧੨ ॥ "ਸਿਖ ਲੋਕ ਤਾਂ ਕੇਵਲ

"ਨਾਨਕ" ਵਾ "ਗੁਰੂ ਨਾਨਕ" ਬੋਲਦੇ ਹਨ। ਅਤ ਓਨ੍ਹਾਂ ਨੂੰ ਨ ਕੋਈ ਈਸ਼੍ਵਰ ਕਹਿੰਦਾ ਹੈ।ਨ ਈਸ਼੍ਵਰ ਦੇ ਅਵਤਾਰ॥ ਇਸੀਪਰ ਹਜ਼ਾਰ ਸ਼ਾਬਾਸ ਇਨਾਮ ਦੇਂਦੇ ਹੋ।

**ਵੈਦ** ਸਫ਼ਾ ਪ੫ ਸਤਰ ੧੯ ਸੇ ੨੪ ਤਕ ॥ ਅੱਗੇ ਚਲਕੇ ਇਕ ਹੋਰ ਹਮਲਾ ਹੋਇਆ ਹੈ ਕਿ "ਨਵੀਨ ਸਿਖ ਗੁਰੂ ਗ੍ਰੰਥ ਸਾਹਿਬ ਕੇ ਕਈ ਸ਼ਬਦਾਂ ਰਾਗ ਮਾਲਾ ਆਦਿ ਨੂੰ ਨਹੀਂ ਮੰਨਦੇ ਦਸਮਗ੍ਰੰਥ ਨੂੰ ਨਹੀਂ ਮੰਨਦੇ ਆਦਿ" ਇਨ੍ਹਾਂ ਬਾਤਾਂ ਦਾ ਏਥੇ ਕੋਈ ਸੰਬੰਧ ਨਹੀਂ। ਅਪਰ ਸੰਗਕ ਹੋਕੇ ਇਹ ਹਮਲਾ ਤ੍ਰਿਸਕਾਰ ਯੋਗ ਹੈ॥

**ਉਤ੍ਰ** ਵੈਦ ਜੀ ਹਮਲਾ ਨਹੀਂ ਨਵੀਨ ਸਿੰਘੋਂ ਕਾ ਸਿਧਾਂਤ ਲਿਖਾ ਹੈ॥ ਯਥਾਃ-(੧) ਆਪਕੇ ਪ੍ਰਮਾਣੀਕ ਮਾਨੇ "ਹਮ ਹਿੰਦੂ ਨਹੀਂ" ਕੇ ਰਚਤਾ ਕ੍ਰਿਤ "ਗੁਰਮਤ ਪ੍ਰਭਾਕਰ" ਮੇਂ ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਜੀਕੀ ਅਧੀ ਬਾਣੀ ਅਰਥਾਤ ਗੁਰਬਾਣੀ ਸੇ ਸ੍ਰੀ ਭਗਤ ਬਾਣੀ ਕੋ ਨੀਚੇ ਗਿਰਾ ਕਰ ਆਪਣੀ ਕਪੋਲ ਕਲਪਤ ਬਾਣੀ ਕੇ ਬ੍ਰਾਬਰ ਲਿਖਾ ਹੈ ਔਰ ਸੁਧਾਕਰ ਸਫੇ ੪੯੮ ਮੇਂ ਲਿਖਾ ਹੈ ਰਾਗਮਾਲਾ ਗੁਰਬਾਣੀ ਨਹੀਂ ਜਿਸਕਾ ਮੂੰਹ ਤੋੜ ਉਤਰ ਭਾਈ ਸਾਹਿਬ ਸਿੰਘ ਗਿਆਨੀ ਨੇ (ਦਸਮ ਗੁਰੂ ਗਿਰਾ ਪ੍ਰਕਾਸ਼) ਮੇਂ ਦੀਆ ਹੈ॥ ਪੰਥ ਸੁਤਾ ਪਿਆ ਹੈ ਜੋ ਗ੍ਰੰਥ ਸਾਹਿਬ ਪਰ ਹਮਲਾ ਕਰਨ ਵਾਲਿਆਂ ਪਰ ਕੁਛ ਧਯਾਨ ਨਹੀਂ ਦਿੰਦਾ ਔਰ ਭਾਈ ਮਨੀ ਸਿੰਘ ਜੀ ਕਾ ਇਤਿਹਾਸ ਯਾਦ ਕਰਾਤਾ ਹੈ ਕਿ ਗੁਰੂਓਂ ਔਰ ਭਗਤੋਂ ਕੀ ਬਾਣੀ ਕੋ ਭਿੰਨ ੨ ਕਰਨੇ ਕੇ ਖਯਾਲ ਪਰ ਹੀ ਅੰਗ ੨ ਕਟਾਏ। (੨) ਦੇਖੋ ਵੀਰ ਸੁਧਾਰ ਪਤ੍ਰ ਜੋ ਮੁਫੀਦ ਆਮ ਪ੍ਰੈਸ ਲਾਹੌਰ ਸੰਨ ੪੩੫ ਨਾਃ ਮੇਂ ਛਪੇਕੇ ਸਫਾ ੧੯ ਮੇਂ ਸ੍ਰੀ ਗੁਰੂ ਸਿੰਘ ਸਭਾ ਭਸੌੜ ਨੇ ਚੀਫ ਖਾਲਸਾ ਦੀਵਾਨ ਦੀ ਸੰਮਤੀ ਸੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਕੀ ਰਾਗਮਾਲਾ ਪੜ੍ਹਨੇ ਕਾ ਨਿਸ਼ੇਧ ਕਰ ਦੀਆ ਹੈ॥ (੩) ਦੇਖੋ ਪੁਸਤਕ "ਭੁਲੇਖੇ" ਜੋ ਜ਼ਮੀਮਾ ਖਾਲਸਾ ਸਮਾਚਾਰ ੧੨ ਅਕਤੂਬਰ ੧੯੦੪ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਮੇਂ ਛਪੇਕੇ ਸਫੇ ੮ ਔਰ ੯ ਮੇਂ "ਦਸਮ ਗੁਰੂ ਗ੍ਰੰਥ ਸਾਹਿਬ ਕੀ ਬਾਣੀ ਅਪਵਿਤ੍ਰ (ਗੰਦੀ) ਔਰ ਜਿਲਦ ਤੋੜ ਦੇਨੀ ਚਾਹੀਏ ਐਸੇ ਲਿਖਾ ਹੈ॥ (੪) ਇਤਿ ਹਾਸੋਂ ਕੀ ਬਾਬਤ ਵੈਦ ਜੀ ਆਪਨੇ ਇਸੀ ਲੇਖ ਸਫੇ ੨੨ ਮੇਂ ਗੁਰਮਤ ਇਤਿਹਾਸ (ਸੂਰਜ ਪ੍ਰਕਾਸ਼ਾਦਿਓਂ) ਕੋ ਝੂਠੇ ਲਿਖਤੇ ਹੈਂ। ਵੈਦ ਜੀ ਜ਼ਰਾ ਵਿਚਾਰਤੇ ਤੋ ਆਪਕੋ ਪੂਰਨ ਸੰਬੰਧ ਪਰਤੀਤ ਹੋ ਜਾਤਾ। ਉਤ੍ਰ ਦੇਨਾ ਮੁਸ਼ਕਲ ਹੈ ਇਸ ਕਾਰਣੇ ਮੂਰਖਤਾ ਸੇ ਤ੍ਰਿਸਕਾਰ ਲਿਖਤੇ ਹੈਂ॥

**ਵੈਦ** ਸਫਾ ਪ੬ ਸਤਰ ੨੨ ਸੇ ੨੪॥ "ਦਸਮ ਕਥਾ ਭਾਗੌਤਕੀ ਭਾਖਾ ਕਰੀ ਬਨਾਇ" ਤਦ ਅਸੀਂ ਮੰਨਦੇ ਹਾਂ ਕਿ ਧਰਮ ਜੁਧ ਲਈ ਇਹ ਦਸਮ ਸਕੰਧ ਦੀ ਭਾਸ਼ਾ ਹੈ॥

Sri Satguru Jagjit Singh Ji Elibrary NamdhariElibrary@gmail.com

**ਉਤ੍ਰ** ਵੈਦ ਜੀ ਆਪਕੇ ਸਫੇ ਪ੩ ਮੇਂ ਲਿਖੇ ਅਨੁਸਾਰ ਇਤਨਾ ਹੰਕਾਰ ਕਿ ਕੋਈ ਭੀ ਪੰਜਾਬੀ ਔਰ ਟਿੱਪੀ ਕਾਹਦੀ ਬਣਦੀ ਹੈ ਖਬਰਦਾਰ ਨਹੀਂ। ਵੈਦ ਜੀ ਹੁਣ ਤਾਂ ਢੋਲ ਕਾ ਪੋਲ ਖੁਲ੍ਹ ਗਿਆ ਕਿ ਆਪ ਭੀ ਵਿਦਜਾ ਸੇ ਸੂਨ ਹੋ ਕਿਉਂਕਿ ਸ੍ਰੀ ਮਤ ਭਾਗਵਤ ਕੇ ਦਸਮ ਸਕੰਧ ਮੇਂ ਸ੍ਰੀ ਕ੍ਰਿਸ਼ਨ ਜਨਮ ਬਾਲਲੀਲ੍ਹਾ ਔਰ ਖਾਸਕਰ ਰਾਸਕ੍ਰੀੜਾ ਗੋਪੀਓਂ ਸੇ ਹਾਸ ਬਿਲਾਸ ਹੈ ਆਪਨੈ ਆਂਖੇਂ ਬੰਦ ਕਰਕੇ ਦਸਮ ਸਕੰਧ ਮੇਂ ਧਰਮ ਜੁਧ ਮਾਨ ਲੀਆ। ਹੁਣ ਕਸਵੱਟੀ ਔਰ ਪਰਖਨਾ ਕਹਾਂ ਗਿਆ॥

**ਵੈਦ** ਸਫਾ ੫੭ ਸਤਰ ੯ ਸੇ ੧੫ ਤਕ॥ (੬) ਇਸ ਅੰਗ ਦਾ ਖੰਡਨ ਆਪ ਨੇ ਆਪਣੇ ਅੰਗ ੧੧ ਵਿਚ ਆਪ ਹੀ ਕਰ ਦਿਤਾ ਹੈ ਇਥੇ ਆਪ ਕਹਿੰਦੇ ਹਨ ਕਿ ਤਖਤਾਂ ਦੀ ਆਗਿਆ ਬਿਨਾ ਨਵੀਂ ਰੀਤੀ ਨਹੀਂ ਚਲਣੀ ਚਾਹੀਦੀ। ਅੰਗ ਯਾਰਾਂ ਵਿਚ ਕਹਿੰਦੇਹਨ ਕਿ "ਤਖਤ ਗੁਰਦ੍ਵਾਰਿਆਂ ਅਰ ਪੰਥ ਦੀ ਰਾਇ ਨਾਲ ਭੀ ਨਵੀਂ ਰੀਤੀ ਚਲੇ ਤਦ ਚਲਨੀ ਮੁਸ਼ਕਲ ਹੈ" ਸੋ ਲੇਖਕ ਨੈ ਆਪੇ ਆਪਨਾ ਖੰਡਨ ਕਰ ਲਿਆ ਹੈ॥ (ਅੰਗ ੬ ਕਾ ਉਤ੍ਰ)

**ਉਤ੍ਰ** ਵੈਦ ਜੀ "ਆਨੰਦ ਬਿਵਾਹ ਪਰ ਵਿਚਾਰ" ਅੰਗ ੬ ਔਰ ੧੧ ਦੇਖਾ ਜੋ ਯੇਹ ਹੈ। ਅੰਗ (੬) ਤਖਤੋਂ ਔਰ ਗੁਰ ਦੁਆਰਿਓਂ ਕੀ ਸੰਮਤੀ ਬਿਨਾ ਜੋ ਸ਼ਖਸ ਪ੍ਰਾਚੀਨ ਰੀਤੀ ਕੋ ਛੋੜ ਕਰ ਨਵੀਨ ਰੀਤੀ ਚਲਾਏਂ ਕਿਆ ਵੋਹ ਗੁਰੂ ਸਾਹਿਬ ਕੇ ਪੱਕੇ ਸਿਖ ਕਹਿਲਾਨੇ ਕਾ ਦਾਵਾ ਕਰ ਸਕਤੇ ਹੈਂ॥ ਅੰਗ (੧੧) ਖਾਲਸਾ ਪੰਥ ਮੇਂ ਕੋਈ ਨਵੀਨ ਰੀਤੀ ਬਿਲਾਇਜਾਜ਼ਤ ਤਖਤ ਤੋਂ ਔਰ ਗੁਰਦੁਆਰਿਓਂ ਕੇ ਔਰ ਤਮਾਮ ਪੰਥ ਕੀ ਰਾਇ ਬਿਨਾ ਹੋ ਸਕਤੀ ਹੈ ਯਾ ਨਹੀਂ, ਹਮਾਰੀ ਰਾਇ ਮੇਂ ਅਗਰ ਇਸ ਤੌਰ ਪਰ ਭੀ ਤਮਾਮ ਏਕ ਰਾਇ ਹੋਕਰ ਨਈ ਰੀਤੀ ਚਲੇ ਤੌ ਚਲਨੀ ਮੁਸ਼ਕਲ ਹੈ॥

ਵੈਦ ਜੀ ਯੇਹ ਤੋ ਅੰਗ ੬ ਕੀ ਪੁਸ਼ਟੀ ਕਾਰਕ ਲੇਖ ਅੰਗ ੧੧ ਮੇਂ ਹੈ ਵਿਰੋਧ (ਖੰਡਨ) ਸਮਝਨਾ ਆਪ ਕੀ ਮੂਰਖਤਾ ਹੈ। ਇਸੀ ਬੁਧੀ ਕੀ ਬਿਲਖਜ-ਣਤਾ ਪਰ "ਆਨੰਦ ਬਿਵਾਹ ਪਰ ਵਿਚਾਰ" ਕੇ ਲੇਖ ਕੋ ਮਨ ਮਾਨਾ ਲਿਖਕਰ ਲੋਗੋਂ ਕੋ ਧੋਖਾ ਦੇਤੇ ਹੋ। ਮਿਤ੍ਰਵਰ ਸੱਚੇ ਲੋਗੋਂ ਕੇ ਸਨਮੁਖ ਆਪਕੀ ਚਾਲਾਕੀ ਛਪੀ ਨਾ ਰਹੇਗੀ। ਚਾਹੇ ਆਪ ਗੁਰ ਦੁਵਾਰੇ ਅਬਚਲਾ ਨਗਰ ਔਰ ਤਰਨ ਤਾਰਨ ਕੇ ਨਾਮ ਸੇ ਝੂਠੇ ਲੇਖ ਲਿਖੋ॥

**ਵੈਦ** ਸਫਾ ੫੯ ਸਤਰ ੨੩ ਸੇ ਸਫਾ ੬੦ ਸਤਰ ੬ ਤਕ॥ (੭) ਫਜ਼ੂਲ ਦਲੀਲ ਹੈ ਕਿ "ਕੋਈ ਨਵਾਂ ਅਵਤਾਰ ਹੋਯਾ ਹੈ ਜੋ ੪੦੦ ਬਰਸ ਦੀ ਰੀਤੀ ਤੋੜਕੇ ਨਵੀਂ ਤੋਰਦਾ ਹੈ" ਅਸੀ ਕਹਿੰਦੇ ਹਾਂ ਕਿ ਅਵਤਾਰ ਹੋ ਭੀ ਜਾਵੇ ਤਦ ਤੁਸਾਂ ਮੰਨ ਲੈਣਾ ਹੈ। ਜੋ ਦਸਮ ਗੁਰੂ ਨੂੰ ਮੁੰਡਾ ਤੇ ਅਞਾਣਾ ਤੇ ਪਿਤਾ ਪਿਤਾਮਾ ਦੀ ਰੀਤ ਤੋੜਨ ਵਾਲਾ ਆਖਦੇ ਸਾਓ ਤੇ ਹੁਣ ਕਿਸੇ ਨਾਲ ਘੱਟ ਗੁਜ਼ਾਰਨ ਵਾਲੇ ਹੋ ਰੀਤ ੪੦੦ ਵਰਹੇ ਦੀ ਜੋ ਪੁਰਾਣੀ ਹੈ ਅਸੀ ਦਸ ਆਏ

Sri Satguru Jagjit Singh Ji Elibrary NamdhariElibrary@gmail.com

ਹਾਂ ਕੀ ਗੁਰਮਤ ਦੀ ਹੈ। ਨਵੀਂ ਤਾਂ ਉਹ ਹੈ ਜੋ ਕੁਸੰਗ ਨਾਲ ਆਪ ਨੇ ਸਿਖੀ ਹੈ ॥ (ਅੰਗ੭ ਕਾ ਉਤ੍ਰ)

**ਉਤ੍ਰ** ਵੈਦ ਜੀ ਫਜ਼ੂਲ ਦਲੀਲ ਕੈਹ ਦੇਨਾ ਫਜ਼ੂਲ ਪੁਰਖੋਂ ਕਾ ਕਾਮ ਹੈ ਅਵਤਾਰ ਅਪਨੀ ਕਰਾਮਾਤ ਦਵਾਰਾ ਨਵੀਨ ਰੀਤੀ ਚਲਾ ਸਕਤੇ ਹੈਂ। ਵੈਦ ਜੀ ਆਪ ਕਾ ਲੇਖ 'ਅਵਤਾਰ ਹੋ ਭੀ ਜ ਏ ਤੁਸਾਂ ਮੰਨ ਲੈਣਾ ਹੈ' ਕਿਆ ਆਪ ਅਵਤਾਰ ਬਨਨਾ ਚਾਹਤੇ ਹੋ ਔਰ ਕੱਬ ਬਣੋਗੇ ਜੋ 'ਆਨੰਦ ਬਿਵਾਹ ਪਰ ਵਿਚਾਰ ਸੇ ਬਿਰੁਧ' ਸ੍ਰੀ ਗੁਰੂ ਦਸਮ ਜੀ ਨੂੰ ਮੰਡਾ ਔਰ ਅਞਾਣਾ ਆਦਿ ਲਿਖਤੇ ਹੋ ਯੇਹੀ ਝੂਠਾ ਦੋਸ਼ ਔਰ ਜਲਪ ਵਿਤੰਡਾਵਾਦ ਹੈ॥ ਵੈਦ ਜੀ ੪੦੦ ਵਰ੍ਹੇ ਦੀ ਰੀਤ ਪੁਰਾਣੀ ਨਹੀਂ ਹੋ ਸਕਤੀ ਕਿਉਂ ਕਿ ਸੰਸਾਰ ਲਾਖੋਂ ਕਰੋੜੋਂ ਬਰਸੋਂ ਸੇ ਪ੍ਰਚਲਤ ਕੇ ਸਨਮੁਖ ੪੦੦ ਬਰਸ ਤੁਛ ਹਨ ਇਸ ਵਾਸਤੇ ਆਪ ਕੋ ੪੦੦ ਬਰਸ ਕੀ ਰੀਤੀ ਪੁਰਾਣੀ ਕੈਹਣਾ ਬੁਧੀ ਸੇ ਸੂੰਨਤਾ ਹੈ ॥

**ਵੈਦ** ਸਫਾ ੬੦ ਸਤਰ ੭ ਸੇ ੧੧ ਤਕ ॥ (੮) ਉਪਦੇਸ਼ ਕਰਦੇ ਹਨ ਕਿ "ਪਿਤਾ ਪਿਤਾਮਾ ਦੀ ਚਾਲ ਪਰ ਚਲੋ ਨਹੀਂ ਤਾਂ ਸੁਪਾਤ੍ਰ ਨਹੀਂ ਹੋ" ਭਲਾ ਜੀ ਜੇ ਕੋਈ ਪਿਤਾ ਸ਼ਰਾਬ ਖੋਰ, ਕੁਕਰਮੀ ਨਿਰਖਜਰ ਆਦਿ ਹੋਵੇ ਤਦ ਫਿਰ ਆਪਦਾ ਹਿਰਦਾ ਤਾਂ ਪਤਾ ਨਹੀਂ ਕਿਸਤਰਾਂ ਹੋਵੇ ॥

( ਅੰਗ ੮ ਕਾ ਉਤ੍ਰ )

**ਉਤ੍ਰ** ਵੈਦ ਜੀ "ਆਨੰਦ ਬਿਵਾਹ ਪਰ ਵਿਚਾਰ" ਰਸਾਲੇ ਕੇ ਨਾਮ ਸੇ ਮਨਮਾਨਾ ਲੇਖ ਲਿਖਤੇ ਹੋ (ਪਿਤਾ ਪਿਤਾਮਾ ਦੀ ਚਾਲ ਪਰ ਚਲੋ ਨਹੀਂ ਤਾਂ ਸੁਪੁਤ੍ਰ ਨਹੀਂ ਹੋ) ਇਸੀ ਬਿਤੰਡਾ ਔਰ ਜਲਪਾਵਾਦ ਕੇ ਘਮੰਡ ਮੇਂ ਖੰਡਨ ਕਰਨੇ ਬੈਠੇ ਹੋ। ਇਸਮੇਂ ਕੋਈ ਸ੍ਵਾਰਥਤਾ ਹੈ ਜੋ ਛਲ ਕਪਟ ਸੇ ਮਨ ਮਾਨੇ ਲੇਖ ਲਿਖ ਰਹੇ ਹੋ। ਰਿਸਾਲੇ ਆਨੰਦ ਵਿਵਾਹ ਕੇ ਅੰਕ ੮ ਮੇਂ ਕਹੀਂ ਯਹ ਲੇਖ ਨਹੀਂ ਜੋ ਆਪਨੇ ਲਿਖਾ ਹੈ ਆਪਕਾ ਝੂਠ ਪ੍ਰਤੀਤ ਕਰਨੇ ਕੇ ਲੀਏ ਹਮ ਅੰਕ ੮ ਯਹਾਂ ਲਿਖਤੇ ਹੈਂ ਯਥਾਃ-(੮ ਅੰਕ) "ਆਜਕਲ ਕੇ ਨੌ ਜਵਾਨ ਨਵੀਨ ਸਿਖੋਂ ਕੇ ਪਿਤਾ ਪਿਤਾਮਾ ਕੇ ਵਿਵਾਹ ਹੁਏ ਯਾ ਆਨੰਦ ਪੜ੍ਹਾਯਾ ਗਿਆ ਥਾ ਯਦਿ ਵਿਵਾਹ ਹੁਏ ਥੇ ਤੋ ਕਿਆ ਵੋਹ ਸਿਖ ਨਹੀਂ ਥੇ ਹਮਾਰੇ ਯਹਾਂ ਪਰ ਜਿਤਨੇ ਪ੍ਰਾਚੀਨ ਸਿੰਘ, ਮਹੰਤ, ਗਜਾਨੀ, ਪੁਜਾਰੀ, ਗ੍ਰੰਥੀ ਵਗੈਰਹ ਹੈਂ ਸਭ ਕੇ ਵਿਵਾਹ ਹੁਏ ਅਨੰਦ ਨਹੀਂ ਪੜ੍ਹਾਯਾ ਗਿਆ ਕਿਆ ਵੋਹ ਸਿਖ ਨਹੀਂ ਹੈਂ ਕਿਆ ਬ੍ਰਿਧੋਂ ਕੀ ਆਗਜਾ ਨਾ ਮਾਨਨੇ ਵਾਲੇ ਸੁਪਾਤ੍ਰ ਪੁਤ੍ਰ ਕਹਲਾ ਸਕਤੇ ਹੈਂ"

ਅਬ ਪਾਠਕੋਂ ਕੇ ਆਗੇ ਪ੍ਰਾਰਥਨਾ ਹੈ ਕਿ ਵੈਦ ਜੀ ਨੇ ਜੋ ਝੂਠਾ ਲੇਖ ਲਿਖ ਕਰ ਤੁਫਾਨ ਤੋਲਾ ਹੈ ਔਰ ਪ੍ਰਸ਼ਨ ਕੀ ਏਕ ਬਾਤ ਕਾ ਭੀ ਉੱਤਰ ਨਹੀਂ ਦੀਯਾ ਕੇਵਲ ਬੜੋਂ ਕੋ ਸ਼ਰਾਬ ਖੋਰ ਔਰ ਕੁਕਰਮੀ ਲਿਖਾ ਹੈ ॥

**ਵੈਦ** ਸਫਾ ੬੦ ਸਤਰ ੨੦ ਸੇ ਸਫਾ ੬੧ ਸਤਰ ੨੦ ਤਕ॥ ਕੁਲ ਮਰ-ਯਾਦਾ ਛੁਡਾਨੇ ਕੇ ਲੀਏ ਗ੍ਰੰਥ ਸਾਹਿਬ ਜੀ ਕੇ ੭ ਪ੍ਰਮਾਣ

Sri Satguru Jagjit Singh Ji Elibrary NamdhariElibrary@gmail.com

ਮਨਮਾਨੀ ਉਥਾਨਕਾ ਬਨਾਕਰ ਲਿਖੇ ਹੈਂ॥

ਉਤ੍ਰ ਵੈਦ ਜੀ ਕੁਲ ਕੀ ਮਰਜਾਦਾ ਪਰ ਚਲਨੇ ਕੇ ਲੀਏ ਗੁਰੂ ਮਹਾਰਾਜ ਕਾ ਉਪਦੇਸ਼ ਹੈ॥ (੧) ਪਿਉ ਦਾਦੇ ਜੇਵਿਹਾ ਪੋਤਰਾ ਪਰਵਾਣ॥ (ਆਦਿ ਗੁਰੂ ਗ੍ਰੰਥ ਸਾਹਿਬ) (੨) ਕੁਲ ਕਲੰਕ ਕੇ ਹੇਤ ਅਧਿਕ ਮਨ ਭੀਤਰ ਡਰਹੂੰ॥ (ਪਾਤਸ਼ਾਹੀ ੧੦) (੩) ਲੋਕਾਚਾਰੀ ਲੋਕ ਵਿਚ ਵੇਦ ਵਿਚਾਰੀ ਕਰਮ ਕਰੰਦਾ। ਸਾਵਧਾਨ ਗੁਰ ਗਿਆਨ ਵਿਚ ਜੀਵਨ ਮੁਕਤ ਜੁਗਤ ਵਿਚਰੰਦਾ॥ (ਭਾਈ ਗੁਰਦਾਸ ਜੀ ਕੀ ਵਾਰ ੧੬ ਪੌੜੀ ੩) (੪) ਜੈਸੋ ਜੈਸੋ ਜੋਈ ਕੁਲਾ ਧਰਮ ਹੈ ਕਰਮ ਕਰੈ ਤੈਸੋ ਤੈਸੋ ਜਸ ਅਪਜਸੁ ਪ੍ਰਗਟਾਵਹੀ। (ਕਬਿਤ ਭਾਈ ਗੁਰਦਾਸ ੩੭੦) (੫) ਜੋਈ ਕੁਲਾ ਧਰਮ ਕਰਮ ਕੈ ਸੁਚਾਰ ਸੋਈ ਪਰਵਾਰ ਬਿਖੈ ਸ੍ਰੇਸ਼ਟ ਬਖਾਨੀਐ। (ਉਕਤ ਪਤਾ ਕਬਿੱਤ ੩੯੦) (੬) ਆਪਨੋ ਕਰਮੁ ਕੁਲਾ ਧਰਮੁ ਕਰਤ ਸਭੈ ਉਤਮ ਕਰਮ ਲੋਕ ਬੇਦ ਅਵਿਗਾਹੀਆ। (ਉਕਤ ਪਤਾ ਕਬਿੱਤ ੫੫੩) (੭) ਦਿਵਸ ਰੈਨ ਗੁਰ ਚਰਨ ਭਜ ਕੁਲਕੀ ਕਰਹੈ ਕਾਰ। ਪਾਪ ਬਡਾਰੈ ਸਿਖ ਮਮ। (ਸੌ ਸਾਖੀ ਮੇਂ ਸਾਖੀ੯੫)

ਵੈਦ ਸਫਾ ੬੧ ਸਤਰ ੨੧ ਸੇ ਸਫਾ ੬੨ ਸਤਰ ੨ ਤਕ॥ ਜਿੰਨੇ ਸਿਖ ਗੁਰੂ ਘਰ ਵਿਚ ਆਏ ਪਿਛਲੇ ਮਤ ਤੋਂ ਭੁਲੇ ਹੋਏ ਪਿਤਾ ਪਿਤਾਮਾ ਦੇ ਇਸ਼ਟਾਂ ਨੂੰ ਛੱਡਕੇ ਆਏ ਤੁਹਾਡਾ ਪਿਛਲਾ ਭੀ ਕੋਈ ਮੋਂਨਾ ਸੀ ਧੋਤੀ ਬੰਨ੍ਹਦਾ ਸੀ ਜੰਞੂ ਪਾਉਂਦਾ ਤੇ ਮੁੰਡਨ ਸੰਸਕਾਰ ਕਰਾਉਂਦਾ ਸੀ। ਤੁਸੀ ਕੈਸੇਂ ਕੁਪੁਤ੍ਰ ਜੰਮੇ ਕੇ ਕੇਸ ਰਖ ਲਏ ਉਸਤ੍ਰੇ ਕੈਂਚੀ ਨਾਲ ਵੈਰ ਪਾ ਲਿਆ ਕੱਛੇ ਪਾ ਫਿਰੇ ਕੜੇ ਤੇ ਕ੍ਰਿਪਾਨਾਂ ਰਖ ਲਈਆਂ ਗੋਹਾ ਮੂਤ੍ਰ ਪੀਕੇ ਪਵਿਤ੍ਰ ਹੋਣ ਤੋਂ ਮੂੰਹ ਮੋੜ ਲਿਆ ਗਾਯਤ੍ਰੀ ਸੰਧਯਾ ਛਡਕੇ ਜਪਜੀ ਰਹਿਰਾਸ ਫੜ ਲਈ ਜੰਞੂ ਛਡਕੇ ਪਾਹੁਲ ਛਕੀ ਆਪ ਜੈਸੇ ਪਿਤਾ ਪਿਤਾਮਾ ਦੇ ਅਵਗਯਾ ਕਾਰੀ ਕਿਸੇ ਨੂੰ ਕੀਹ ਕਹ ਸਕਦੇ ਹਨ॥

ਉਤ੍ਰ ਵੈਦ ਜੀ ਆਪਨੀ ਮੂਰਖਤਾ ਕੀ ਕੁਤਰਕਤਾ ਕਾ ਦਿਲ ਲਾਕੇ ਉਤ੍ਰ ਸੁਣੋਂ ਸਰਬ ਸਿਖ (ਸਿੰਘ) ਆਪਨੇ ਕੁਲ ਧਰਮ ਪਰ ਦ੍ਰਿੜ੍ਹ ਥੇ ਔਰ ਅਬ ਹੈਂ ਜਿਨਮੇਂ ਸੇ ਤੁਛ ਨਿਰਬੁਧੀ ਵਾਲੋਂ ਕੋ ਆਪ ਜੈਸੇ ਪਤਿਤ ਕਰ ਰਹੇ ਹੋ॥ ਸ਼ਾਸਤ੍ਰੋਂ ਮੇਂ ਮੁੰਡਨ ਔਰ ਜਟੱਲ ਦੋਵੇਂ ਪ੍ਰਕਾਰ ਕੀ ਹੀ ਧਰਮ ਸਨਾਤਨ ਚਲਾ ਆਤਾ ਹੈ ਸਿੰਹ ਨਾਮ ਭੀ ਪਹਿਲੇ ਸੇ ਹੀ ਹੈ ਯਦਿ ਆਪ ਮੁੰਡਨ ਕੋ ਬੁਰਾ ਮਾਨਤੇ ਹੋ ਤੋ ਸੁਣੀਏ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਆਗਯਾ ਹੈ॥ ਯਥਾ:—(੧) ਭਾਵੈ ਲਾਂਬ ਕੇਸ ਕਰ ਭਾਵੈ ਘਰਿਰ ਮੁੰਡਾਇ। (ਆਦਿ ਗੁਰੂ ਗ੍ਰੰਥ ਸਾਹਿਬ ਸਲੋਕ ਕਬੀਰ ੨੫ ਮਹਲਾ ੫) (੨) ਭਦਨ ਉਣੇਤ ਕਰਾਇਆ ਗੁਰ ਗਿਆਨ ਜਪਾਈ। (ਆਦਿ ਗ੍ਰੰਥ ਸਾਹਿਬ ਬੀੜਭਾਈ ਬੰਨੋ ਰਾਗ ਰਾਮਕਲੀ ਮਹਲਾ ੫ ਛੰਤ ਸਬਦ ੫ ਤੁਕ ੨) (੩) ਕੇਸ ਧਰੇ ਨਾ ਮਿਲੇ ਹਰ ਪਿਆਰੇ। (ਅਕਾਲ ਉਸਤਤ ਕਵਤਾ ਅੰਕ ੨੫੨) (੪) ਮੂੜ੍ਹ

Sri Satguru Jagjit Singh Ji Elibrary NamdhariElibrary@gmail.com

ਡਾਰ ਤਿਨ ਸੀਸ ਮੁਡਾਏ (ਬਚਿਤ੍ਰ ਨਾਟਕ ਅਧਯਾਇ ੧੩) (੫) ਕੇਸ ਬਡੇ ਸਿਰਬੇਸ ਬੁਰੇ ਅਰ ਦੇਹ ਮੇਂ ਰੋਮ ਬਡੇ ਜਿਨਕੇ । ਮੁਖ ਸੇ ਨਰ ਹਾਡਨ ਚਾਬਤ ਹੈਂ ਪੁਨ ਦਾਂਤ ਸੋਂ ਦਾਂਤ ਬਜੈ ਤਿਨਕੇ । ਸਰ ਸ੍ਰੋਣਤ ਕੀ ਅਖੀਆਂ ਜਿਨ ਕੀ ਸੰਗਕੌਨਭਿਰੈ ਬਲਕੈਇਨਕੇ । ਸਰ ਚਾਪਚੜਾਇਕੇ ਰੈਨਫਿਰੇਂ ਸਭ ਕਾਮ ਕਰੇਂ ਨਿਤ ਪਾਪਨਕੇ (ਬਚਿਤ੍ਰ ਨਾਟਕ ਕ੍ਰਿਸ਼ਨ ਅਵਤਾਰ ਅੰਕ੧੪੬੩) (੬)ਬਾਲ ਵਧਾਇਆਂ ਜੇ ਮਿਲੇ ਬੜ ਜਟਾ ਪਲਾਸੀ । (ਗੁਰਦਾਸਜੀ ਕੀ ਵਾਰ ੩੬ ਪੌੜੀ ੧੪) (੭) ਦਾਹੜੀ ਮੁਛਾਂ ਮੂਹ ਕਰ ਕਾਲਾ (ਸ੍ਰੀ ਭਾਈ ਗੁਰਦਾਸ ਵਾਰ ੨੫ ਪੌੜੀ ੧੨) (੮) ਸੂਰਜ ਪ੍ਰਕਾਸ ਰਾਸ ੧ ਮੇਂ ਗੁਰੂ ਅੰਗਦ ਜੀ ਨੇ ਅਪਨੇ ਹੁਕਮ ਸੇ ਸੀਹੇਂ ਕੀ ਕੁਲ ਪਰੰਪਰਾ ਮਰਯਾਦਾ ਅਨੁਸਾਰ ਮੁੰਡਨ ਸੰਸਕਾਰ ਕਰਾਯਾ । (ਸੀਹੇਂ ਕੀ ਬੇਨਤੀ) ਮੋਹਿ ਪੁਤ੍ਰ ਕੋ ਮੁੰਡਨ ਅਹ ਹੈ । ਬਡ ਉਤਸਾਹ ਕਰਿਓ ਮਮ ਚਹ ਹੈ । (ਗੁਰੂ ਜੀ ਕਾ ਹੁਕਮ) ਹਮਰੇ ਆਗੇ ਮੁੰਡਨ ਕਰੋ ॥ ਉਰਕੋ ਭਰਮ ਸਰਬਪਰਹਰੋ ॥ (੧੦) ਖਾਲਸਾ ਜੀ ਕਾ ਪ੍ਰਮਾਣੀਕ ਅੰਗ੍ਰੇਜ਼ੀ ਅੰਮ੍ਰਿਤਸਰ ਕਾ ਅਖਬਾਰ "ਖਾਲਸਾ ਐਡਵੋਕੇਟ" ੧੮ਮਾਰਚਸੰਨ ੧੯੦੬ ਮੇਂ ਪਾਂਚ ਕਕਾਰੋਂ ਕੀ ਜ਼ਰੂਰਤ ਨਾ ਸਮਝਤਾ ਹੂਆ ਖਾਸ ਕਰ ਕੇਸੋਂ ਕਾ ਖੰਡਨ ਕਰਤਾ ਹੈ । ਵੈਦਜੀ ਧੋਤੀ ਅਰ ਜੇਜੂਕ। ਸ੍ਰੇਸ਼ਟਤਾ ਗੁਰੂਗ੍ਰੰਥਸਾਹਿਬਜੀਮੇਂ ਮੌਜੂਦ ਹੈ ਜੋ ਗੁਰੂ ਸਾਹਿਬੋਂ ਕੇ ਧਾਰਣ ਥੇ ॥ (੧) ਸਿਖਾ ਸੂਤ ਧੋਤੀ ਕੀਨੀ ॥ ਤੂੰ ਸਾਹਿਬ ਹਉ ਸਾਂਗੀ ਤੇਰਾ ॥ (ਆਸਾ ਮਃ ੧ ਸ਼ਬਦ ੩੩ ਤੁਕ ੪)
(੨) ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿਸਾਕਾ॥ (ਬਚਿਤ੍ਰ ਨਾਟਕ ਅਧਯਾਇ ੫ ਅੰਕ ੧੩) (੩) ਗੁਰੂ ਅਮਰਦਾਸ ਜੀ ਹਮੇਸ਼ਾ ਚੰਦਨ ਕਾ ਤਿਲਕ ਲਗਾਤੇ ਥੇ । ਯਥਾ–ਤਿਲਕ ਲਗਾਵੇਂ ਭਾਲ ਮੇਂ ਸੁਭ ਚੰਦਨ ਕੇਰਾ ॥ ਬਹੁਰ ਸਿੰਹਾਸਨ ਪਰ ਥਿਰ ਰਹੇਂ ਇਕ ਮਨ ਤਿਸ ਵੇਰਾ।(ਗੁਃ ਪਰਤਾਪ ਰਾਃ ੧ ਅਃ ੨੦ ਅੰਕ ੪) ਵੈਦ ਜੀ ਮੁੰਡਨਸੰਸਕਾਰ ਔਰ ਕੈਂਚੀਉ ਸਤਰਿਓਂ ਕਾ ਉਤ੍ਰ ਪਿਛਲੇ ਮੇਨਿਓਂ ਕੇ ਉਤਰ ਮੇਂ ਹੀ ਆ ਚੁਕਾ। ਵੈਦ ਜੀ ਕੱਛ ਕੋ ਗੁਰੂ ਗ੍ਰੰਥ ਸਾਹਿਬ ਸ੍ਵਾਂਗ ਕੈਹਤੇ ਹੈਂ ਜਿਸਕੇ ਧਾਰਣ ਸੇ ਕੁਛ ਫਾਇਦਾ ਨਹੀਂ ਆਪ ਜੈਸੇ ਨਵੀਨ ਸਿੰਘ ਪ੍ਰਮਾਣ ਯੇਹ ਦੀਆ ਕਰਤੇ ਹੈਂ। (੧) ਅਨਕ ਸ੍ਵਾਂਗ ਕਾਛੇ ਭੇਖ ਧਾਰੀ (ਕਾਨੜਾ ਮਹਲਾ ੫ ਸ਼ ੫ ਤੁਕ ੩)(੨)ਕਰ ਸੰਜੋਗ ਬਨਾਈ ਕਾਛ । ਤਿਸ ਸੰਗਿ ਰਹਿਓ ਇਆਨਾ ਰਾਚ । (ਰਾਮਕਲੀ ਮਹਲ ੫ ਸ਼ਃ ੨੪) (੩) ਜੋਈ ਜੋਈ ਸ੍ਵਾਂਗ ਕਾਛੇ ( ਸ੍ਰੀ ਭਾਈ ਗੁਰਦਾਸ ਕਬਿੱਤ ੧੬੧ ) ਵੈਦ ਜੀ ਗਊ ਕਾ ਗੋਹਾ ਮੂਤ੍ਰ ਪੀਕੇ ਪਵਿਤ੍ਰ ਹੋਣਾ ਭਾਈ ਗੁਰਦਾਸ ਜੀ ਮਾਨਤੇ ਹੈਂ ਔਰ ਆਪ ਜੈਸੋਂ ਕੋ ਉਪਦੇਸ਼ ਕਰਤੇ ਹੈਂ "ਗੋਬਰ ਗੋ ਮੂਤ੍ਰ ਪਰਮ ਪਵਿਤ੍ਰ ਭਏ" (੨੦੧ ਕਬਿਤ ਗੁਰਦਾਸ) ਵੈਦ ਜੀ ਗਾਯਤ੍ਰੀ ਮੰਤ੍ਰ ਜਾ ਕਾ ਛੋਡਨਾ ਏਕ ਤਰਫ ਰਹਾ ਕਲੂ ਕਾਲ ਮੇਂ ਸਰਬ ਸਤ ਧਰਮ ਛੁਟ ਜਾਏਂਗੇ ਦੇਖੋ ਕਲ ਕੀ ਅਵਤਾਰ ਮੇਂ ਗੁਰੂ ਜੀਕਾ ਉਪਦੇਸ਼ । ਵੈਦ ਜੀ ਪਾਹੁਲ ਛਕ ਕਰ ਪਾਂਚ

ਕਕਾਰ ਧਾਰਨ ਵਾਲੋਂ ਕਾ ਇਕ ਭੇਸ (ਫਿਰਕਾ) ਜਗਤ ਦਿਖਾਵਾ ਹੋ ਜਾਤਾ ਹੈ ਸੋ ਭੇਖ ਕੋ ਨਰਕ ਕਾ ਸਾਧਨ ਗੁਰੂ ਸਾਹਿਬ ਬਤਲਾਤੇ ਹੈ "ਭੇਖ ਦਿਖਾਯੋ ਜਗਤ ਕੋ ਲੋਗਨ ਕੋ ਬਸ ਕੀਨ। ਅੰਤਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ। (ਬਚਿਤ੍ਰ ਨਾਟਕ ਅਧਯਾਇ ੬) ਵੈਦ ਜੀ ਦੇਖੋ ਸੌ ਸਾਖੀ ਮੇਂ ਸਾਖੀ ੨੭ ਗੁਰੂ ੧੦ ਜੀ ਕੋ ਕੇਸ ਰਖਨੇ ਪਰ ਇਕ ਬਰਸ ਕ੍ਰੋਧ ਰਹਾ ਥਾ ਤੋ ਆਪ ਜੈਸੇਂ ਕੋ ਪਾਤਾਲ ਛਕ ਕਰ ਸਦੈਵ ਕ੍ਰੋਧ ਰਹੇਗਾ ਜੋ ਜਿਸ ਸੇ ਗਤੀ ਹੋਨੀ ਕਠਨ ਹੈ ॥

**ਵੈਦ** ਸਫਾ ੬੨ ਸਤਰ ੬ ਸੇ ੧੫ ਤਕ। ਹੁਣ ਹੋਰ ਅਵੱਗਜਾ ਕਰਰਹੇ ਹੋ ਪਿਤਾ ਪਿਤਾਮਾਂ ਪੁਸਤਕਾਂ ਲਿਖਦੇ ਸੀ ਤੁਸਾਂ ਛਾਪਾ ਬਣਾਕੇ ਛਾਪ ਘਤਿਆ ਤੇ ਗੁਰਮੁਖੀ ਅੱਖਰਾਂ ਨੂੰ ਪ੍ਰੇਸ ਦੀ ਘੁਟ ਵਿਚ ਨਪੀੜਿਆ। ਵਡੇ ਖੱਦਰ ਪੈਹਨਦੇ ਸਨ ਤੁਸੀ ਲੱਠਾ ਖਾਸਾ। ਵਡੇ ਬਹਿਲੀਆਂ ਵਿਚ ਚੜ੍ਹਦੇ ਸੇ ਤੁਸੀ ਰੇਲ ਬਿਨਾਂ ਗੱਲ ਨਹੀਂ ਕਰਦੇ। ਪਿਛਲੇ ਸਿਖ ਧੀਆਂ ਮੋਨਿਆਂ ਨੂੰ ਨਹੀਂ ਦੇਂਦੇ ਸਨ ਹੁਣ ਆਪਦੇ ਘਰ ਕੀ ਅੰਧੇਰ ਪੈਗਿਆ॥

**ਉਤ੍ਰ** ਵੈਦ ਜੀ ਪਿਛਲੇ ਪੁਰਖ ਪੁਸਤਕਾਂ ਲਿਖਕਰ ਆਪ ਜੈਸੇ ਨਵੀਨ (ਕੁਟਲ) ਮਾਰਗੀਓਂ ਕੋ ਸਿਖਿਆ ਪਹੁੰਚਾਤੇ ਥੇ ਅਬ ਧਰਮਾਤਮਾ ਵਿਦਵਾਨ ਪੁਰਖ ਛਾਪੇ ਮੇਂ ਛਾਪ ਕਰ ਸਿਖਿਆ ਪਹੁੰਚਾਤੇ ਹੈਂ ਔਰ ਜੜ੍ਹ ਧਾਤੂ ਸੇ ਬਨੇ ਗੁਰਮੁਖੀ ਅੱਖਰੋਂ ਕੋ ਦੁਖ ਨਹੀਂ ਪਹੁੰਚਤਾ ਧੰਨ ਹੋ ਜੋ ਅਗਿਆਨ ਰੂਪੀ ਦਿਯਾਨੇ ਆਪ ਕੀ ਬੁਧੀ ਪਰ ਪੜ੍ਹਦਾ ਛਾ ਦੀਆ। ਵੈਦ ਜੀ ਵਡਿਆਂ ਦੇ ਵੇਲੇ ਖੱਦਰ ਸੀ ਓਹ ਖੱਦਰ ਪੈਹਨਦੇ ਸਨ ਹੁਣ ਲੱਠਾ ਖਾਸਾ ਹੈ ਹੁਣਦੇ ਲੋਕ ਲੱਠਾ ਖਾਸਾ ਪੈਹਨਦੇ ਹਨ। ਤਾਤਪਰਯ ਸਰੀਰ ਢਕਨਾ ਹੈ ਆਪਦਾ ਮਤਲਬ ਸੁਦੇਸ ਵਸਤੂ ਕੇ ਪ੍ਰਚਾਰਕੋਂ ਮੇਂ ਸਿਰੋਮਣੀ ਬਨਣ ਦਾ ਹੈ। ਵੈਦ ਜੀ ਵਡਿਆਂ ਦੇ ਵੇਲੇ ਬਹਿਲੀਆਂ ਸੀ ਓਹ ਬਹਿਲੀਆਂ ਮੇਂ ਚੜ੍ਹਦੇ ਸਨ ਹੁਣ ਰੇਲ ਹੈ ਰੇਲ ਪਰ ਚੜ੍ਹਦੇ ਹਾਂ ਤਾਤਪਰਯ ਸਵਾਰੀ ਤੇ ਹੈ ਉਸ ਵੇਲੇ ਔਰ ਹੁਣ ਭੀ। ਵੈਦ ਜੀ ਧੀਆਂ ਦੇਣੀਆਂ ਲੈਣੀਆਂ ਮੁਖ ਜਾਤੀ ਬਿਵਹਾਰ ਹੈ ਧਾਰਮਿਕ ਗੌਣ ਹੈ ਔਰ ਪਿਛਲੇ ਜਮਾਨੇ ਮੇਂ ਸਿਖ (ਸਿੰਘ) ਧੀਆਂ ਮੋਨਿਓਂ ਕੋ ਦੇਤੇ ਥੇ ਜੋ ਮੈਂ ਸਿਧ ਕਰ ਦੀਆ ਹੈ ਦੇਖੋ ਮੇਰੀ ਰਚਤ "ਖਾਲਸਾ ਕੁਰੀਤੀ ਨਿਵਾਰਨ" ਪੁਸਤਕ ਜੋ ਬਚਨ ਸਿੰਘ ਜੀ ਪਲੀਡਰ ਲੁਧਿਹਾਨੇ ਵਾਲੇ ਕੇ ਇਸ਼ਤਿਹਾਰ ਕੇ ਉਤਰ ਮੇਂ ਹੈ ਜਿਸਕਾ ਨਵੀਨ ਸਿੰਘ ਤੀਨ ਬਰਸ ਮੇਂ ਆਜਤਕ ਉਤ੍ਰ ਨਹੀਂ ਨਿਕਾਲ ਸਕੇ।

**ਵੈਦ** ਸਫਾ ੬੨ ਸਤਰ ੧੬ ਸੇ ੧੯ ਤਕ। ਹੇ ਭਗਵਨ ਕੈਸੇ ਕੁਪੁਤ੍ਰ ਪੁਤ੍ਰ ਸੰਸਾਰ ਵਿਚ ਆਇ ਹਨ ਕਿ ਦੇਸ ਦੀਆਂ ਪਵਿਤ੍ਰ ਔਖਧੀਆਂ ਛੱਡ ਕੇ ਸ਼ਰਾਬ ਦੀਆਂ ਯਮਨ ਦਾਰੂਆਂ ਪੀਂਦੇ ਹਨ। ਚੂਹੜਿਆਂ ਦੀ ਕੱਢੀ ਸ਼ਰਾਬ ਪਿਆਰੀ ਕਰਕੇ ਪੀਂਦੇ ਹਨ॥

**ਉਤ੍ਰ** ਵੈਦ ਜੀ ਆਪਨੇ ਸ਼ਰਾਬ ਦੀ ਨਿਸ਼ੇਧੀ ਬਹੁਤ ਕੀ ਤਥਾਪਿ ਮਾਂਸ ਕੀ ਨਿਸ਼ੇਧੀ ਕਿਉਂ ਨਹੀਂ ਕੀ ਜੋ ਆਪਕੇ ਸਦ੍ਰਿਸ਼ ਅਨੇਕ ਖਾਕ

ਸਾ "ਝਟਕੇ" (ਸ਼ਤ੍ਰਾਘੀ ਕਾਟਾ ਮਾਂਸ) ਖਾਨਾਂ ਧਰਮ ਸਮਝਤੇ ਹੈਂ ਔਰ ਉਹ ਪਵਿਤ੍ਰ ਔਸ਼ਧੀਆਂ ਆਪ ਕੀਰਚੀ ਪੁਸਤਕ 'ਗੁਰਮਤ ਗੌਰਵਤਾ' ਕੇ ਪਿਛੇ ਜੋ ਆਪ ਨੇ ਔਸ਼ਧੀਆਂ ਬੇਚਨ ਲਈ ਇਸ਼ਤਿਹਾਰ ਦੇ ਰੱਖਾ ਹੈ "ਮੁਕਤੀ ਦਾ ਸਾਧਨ" ਕੇ ਨਾਮ ਸੇ ਓਹੀ ਔਸ਼ਧੀਆਂ ਹੈਂ ਜਿਨਾ ਨਾਲ ਆਪਦੇ ਘਰ ਬਹੁਤਾ ਧਨ ਇਕੱਠਾ ਹੋ ਜਾਵੇ ਵੈਦਜੀ ਏਥੇ ਭੀ ਆਪਨੇ ਲਾਲਚ ਲੀਏ ਸੁਦੇਸ਼ੀ ਆ ਘਸੋੜੀ।

**ਵੈਦ** ਸਫਾ ੬੨ ਸਤਰ ੨੦ ਸੇ ੨੫ ਤਕ। ਪਿਛਲੇ ਸ਼ਾਸਤ੍ਰ ਸ਼ਰਾਧਾਂ ਵਿਚ ਸੰਵੇਦਾ ਮਾਸ ਕਛੂ ਮਛਲੀਆਂ ਆਦਿਕ ਪਿਤ੍ਰਾਂ ਦੇ ਨਮਿਤ ਬ੍ਰਾਹਮਣਾਂ ਨੂੰ ਭੋਜਨ ਕਰਵਾਨ ਦੀ ਆਗਿਆ ਲਿਖਦੇ ਹਨ ਪਰ ਅਜ ਉਨਾਂ ਸ਼ਾਸਤ੍ਰਾਂ ਦੇ ਪੂਜਨੀਕ ਭੀ ਪਿਤਰਾਂ ਨੂੰ ਖੀਰ ਮੰਡੇ ਆਦਿਕ ਭੇਜ ਰਹੇ ਹਨ। ਦੇਖੋ ਮਨੂ ਸਿਮ੍ਰਤੀ॥

**ਉਤ੍ਰ** ਵੈਦ ਜੀ ਆਪ "ਅਨੰਦ ਬਿਵਾਹ ਪਰ ਵਿਚਾਰ" ਕੇ ਰਚਤਾ ਕੋ ਆਪਨਾ ਬਿਸ਼ਾ ਛੱਡਕੇ ਹੋਰ ਟਾਹਣੀਆਂ ਪਰ ਭੁੜਕਕੇ ਜਾ ਬੈਠੇ ਸਫੇ ੪੯ ਪਰ ਲਿਖਦੇ ਹੋ ਹੁਣ ਤੁਸਾਂ ਕਿਧਰ ਨੂੰ ਭੁੜਕਕੇ ਦੁੜਪਏ ਜੋ ਅਪਰ ਸੰਗਕ, ਮੋਨੇ, ਧੋਤੀ, ਜੰਵੂ, ਮੁੰਡਨ, ਉਸਤ੍ਰੇ, ਕੈਂਚੀ, ਕੱਛ, ਕੜੇ, ਕਿਰਪਾਨ, ਗੋਹਾ, ਮੂਤ੍ਰ, ਸੰਧਜਾ, ਗਾਯਤ੍ਰੀ, ਪਾਹੁਲ, ਛਾਪਾ ਟੈਪ, ਖੱਦਰ, ਲੱਠਾ ਖਾਸਾ, ਬਹਿਲੀ, ਰੇਲ, ਸਿੱਖਾਂ ਮੋਨਿਆਂ ਨੂੰ ਧੀਆਂ ਦੇਣੀਆਂ, ਸ਼ਰਾਬ, ਸ੍ਰਾਧਾਂ ਵਿਚ ਮਾਂਸ, ਇਨਾਂ ਦੇ ਰੰਡੀ ਰੋਣਦਾ ਮੂੰਹ ਤੋੜ ਉਤ੍ਰ ਲੇਨ ਲਗ ਪਏ। ਵੈਦ ਜੀ ਲਓ ਮਨੂ ਸਿਮ੍ਰਤੀ ਸ੍ਰਾਧ ਮੇਂ ਲਿਖੇ ਮਾਂਸ ਵਿਸ਼ੇ ਪਰ ਆਪ ਜੈਸੇ ਅਨੇਕ ਕੁਤਰ ਕੀਓਂ ਕਾ ਅਗਿਆਨ ਮਨੂ ਸਿਮ੍ਰਤੀ ਵਿਚਾਰ ਪੂਰਬਕ ਦੇਖਨੇ ਸੇ ਨਸ਼ਟ ਹੋਤਾ ਦੇਖੋ ਮਨੂ ਸਿਮ੍ਰਤੀ ਅਧ੍ਯਾਇ ੩ ਸਲੋਕ ੨੬੭ ਸੇ ੨੭੨ ਤਕ। ਮਾਂਸ ਮੇਂ ਅਗ੍ਯਾਨੀਓਂ ਕੀ ਭ੍ਰਾਂਤੀ ਐਸੇ ਦੂਰ ਹੋਤੀ ਹੈ। ਵੈਦ ਜੀ ਸ਼ਾਸਤ੍ਰ ਮੇਂ ਨਿਤ, ਮਾਸਕ, ਵਾਰਸ਼ਿਕ ਸ੍ਰਾਧ ਕਾ ਬਿਧਾਨ ਹੈ ਜੋ ਮਨੂ ਕੇ ਉਕਤ ਅਧ੍ਯਾਇ ੩ ਉਪਕਰਮ ਸਲੋਕ ੨੬੭ ਮੇਂ ਮਾਸਕ ਸ੍ਰਾਧ ਮੇਂ ਤਿਲ ਜੌਂ ਉੜਦ ਮੂਲ ਫਲ ਇਨ ਕਰ ਕੇ ਪਿਤਰੋਂ ਕੀ ਤ੍ਰਿਪਤੀ ਲਿਖੀ ਜਿਸਮੇਂ ਨਿਤ੍ਯ ਔਰ ਨਮਿਤਕ ਸ੍ਰਾਧ ਭੀ ਆ ਜਾਤਾ ਹੈ ਇਸਮੇਂ ਕੁਤਰਕੀਓਂ ਕਾ ਮਾਂਸ ਨਹੀਂ ਆਤਾ ਤਿਲ ਜੌਂ ਆਦੀ ਆਤੇ ਹੈਂ ਦੂਸਰੇ ਰਹਾ ਵਾਰਸ਼ਿਕ ਸ੍ਰਾਧ ਸੋ ਦੇਖੋ ਉਪਮਧ੍ਯ ਮਨੂ ਅਧ੍ਯਾਇ ੩ ਸ-ਲੋਕ ੨੭੧ ਮੇਂ ਗਊ ਕੇ ਦੂਧ ਔਰ ਉਸ ਸੇ ਬਨੀ ਖੀਰ ਦੇਨੇ ਸੇ ਏਕ ਬਰਸ ਪਿਤਰ ਤ੍ਰਿਪਤ ਰੈਹਤੇ ਹੈਂ ਇਸਮੇਂ ਭੀ ਕੁਤਰੀਓਂ ਕਾ ਮਾਂਸ ਨਹੀਂ ਆਤਾ। ਤੀਸਰੇ ਉਪਸੰਘਾਰ ਉਕਤ ਸਲੋਕ ੨੭੨ ਮੁਨੀਓਂ ਕੇ ਅੰਨ (ਸ੍ਵਾਂਕ ਆਦਿ) ਔਰ ਸੈਹਤ ਸੇ ਅਣਗਿਣਤ ਸਮੇਂ (ਲਾਤਦਾਹ ਮੁਦਤ) ਤਕ ਪਿਤਰ ਤ੍ਰਿਪਤ ਰੈਹਤੇ ਹੈਂ ਇਸਮੇਂ ਭੀ ਕੁਤਰਕੀਓਂ ਕਾ ਮਾਂਸ ਨਹੀ ਆਤਾ॥

**ਵੈਦ** ਸਫਾ ੬੩ ਸਤਰ ੧ ਸੇ ੯ ਤਕ। (੯) ਏਸ ਅੰਕ ਦਾ ਭਾਵ ਹੈ ਕਿ ਪੁਰਾਣੇ ਸਿੰਘਾਂ ਨੇ ਅਨੰਦ ਰੀਤੀ ਨਹੀਂ ਕੀਤੀ ਸੋ ਏਸ ਪਰ ਅਸੀਂ

Sri Satguru Jagjit Singh Ji Elibrary NamdhariElibrary@gmail.com

ਕਾਰ ਰੀਤੀ ਦੀ ਪੁਸ਼ਟੀ ਦੇ ਪ੍ਰਮਾਣ ਪਹਿਲਾਂ ਬਹੁਤੇਰੇ ਦੇ ਆਏ ਹਾਂ ਕੇਹਾ ਚੰਗਾ ਹੋਵੇ ਕਿ ਰਸਾਲੇ ਦਾ ਲੇਖਕ ਚਾਰ ਭਾਗ ਗ੍ਰੰਥ ਦੇਖੇ ਜਾਂ ਪੁਰਾਣੇ ਪੰਥ ਪ੍ਰਕਾਸ਼ ਦਾ (ਜੋ ਸਰਦਾਰ ਰਤਨ ਸਿੰਘ ਨੇ ਬਨਾਯਾ ਹੈ) ਪਾਠ ਕਰੇ ਔਰ ਦੇਖੇ ਕਿ ਪੁਰਾਣੇ ਸਿੰਘ ਆਨੰਦ ਦੀ ਰੀਤੀ ਕਿਸ ਪ੍ਰੇਮ ਭਾਵਨਾ ਨਾਲ ਕਰਦੇ ਸੇ ॥ (ਸਟੀਪਣੀ (ਫੁਟ ਨੋਟ) ਦੇਕਰ ਵੈਦ ਜੀ ਦਸਦੇ ਹਨ) ਪੁਰਾਣੇ ਪੰਥ ਪ੍ਰਕਾਸ਼ ਦਾ ਹਵਾਲਾ ਅਸੀ ਇਸ ਵਾਸਤੇ ਦੀਆ ਹੈ ਕਿ ਨਵੇਂ ਪੰਥ ਪ੍ਰਕਾਸ਼ ਕੋ ਅਜ ਕਲ ਕੇ ਸਿੰਘ ਸਭੀਓਂ ਕ੍ਰਿਤ ਸਮਝਕਰ ਅਪ੍ਰਮਾਣ ਨਾ ਕੈਹਦੇਂ ॥ (ਅੰਗ ੯ ਕਾ ਉਤ੍ਰ

ਉਤ੍ਰ ਵੈਦ ਜੀ ਆਪਨੇ ਅਨੰਦ ਰੀਤੀ ਸਿਧ ਕਰਨ ਵਾਲੇ ਕੋਈ ਪੁਰਾਤਨ ਗ੍ਰੰਥਕੇ ਪ੍ਰਮਾਣ ਨਹੀਂ ਦੀਏ ਔਰ ਚਾਰ ਭਾਗ ਗ੍ਰੰਥ ਬਤਲਾਨਾ ਆਪਕਾ ਅਗਿਆਨ ਹੈ ਅਸਲ ਉਸਕਾ ਨਾਮ "ਸ਼ਿਵਪ੍ਰੇਮ ਹਰੀਗਿਆਨ ਗ੍ਰੰਥ ਹੈ" ਔਰ ਜੋ ਅਸ੍ਵਮੇਧ ਗ੍ਰੰਥ ਕੇ ਅਨੁਸਾਰ (ਟੀਕਾਰੂਪ) ਲਿਖਾਹੈ ਜਿਸਮੇਂ ਵੈਦਕ ਰੀਤੀ ਬਿਵਾਹ ਕਰਨੇ ਕੀ ਭੀ ਪ੍ਰਸੰਸਾ ਲਿਖੀ ਹੈ ਔਰ ਆਪ ਸਫੇ ੭੨ ਮੇਂ ਚਾਰ ਭਾਗ ਗ੍ਰੰਥ ਕੋ 'ਬੇਦਲੀਲ' 'ਅਪ੍ਰਮਾਣ' 'ਨਿਕੰਮਾ' ਲਿਖਤੇ ਹੋ ਫਿਰ ਪਰਮਾਣ ਮੇਂ ਪੇਸ਼ ਕਰਨਾ "ਵਧਤੋ ਵਜਾਘਾਤ" ਸੇ ਵੈਦ ਜੀ ਕਾ ਲੇਖ ਝੂਠਾ ਹੈ। ਵੈਦ ਜੀ ਸਰਦਾਰ ਰਤਨਸਿੰਘ ਕ੍ਰਿਤ ਪੰਥ ਪ੍ਰਕਾਸ਼ ( ਇਤਿਹਾਸ ) ਆਪਨੇ ਪ੍ਰਮਾਣੀਕ ਮਾਨ ਲੀਆ ਔਰ ਸਫੇ ੨੨ ਮੇਂ ਆਪ ਇਨਹੀ ਇਤਿਹਾਸੋਂ ਕੋ ਝੂਠੇ ਬਨਾਤੇ ਥੇ। ਲਓ ਵੈਦ ਜੀ ਪੁਰਾਣੇ ਪੰਥ ਪ੍ਰਕਾਸ਼ ਕੋ ਕਜਾ ਹਮ ਨਵੇਂ ਕੋ ਭੀ ਮਾਨਤੇ ਹੈਂ। ਉਨ ਦੋਨੋਂ ਮੇਂ ਗੁਰੂ ਸਾਹਿਬੋਂ ਕੇ ਬਿਵਾਹ ਹਿੰਦੂ ਰੀਤੀ ਸੇ ਲਿਖੇ ਹੈਂ। ਦੇਖੋ ਨਵੀਨ ਪੰਥ ਪ੍ਰਕਾਸ ਜੋ ਮਤਬੇ ਆਫਤਾਬ ਪੰਜਾਬ ਲਾਹੌਰ ਸੰਮਤ ੧੯੪੬ ਬਿਕ੍ਰਮੀ ਛਪੇ ਕੇ ਪੂਰਵਾਰਧ ਸਫੇ ੬੨੯ ਸੇ ੬੨੯ ਤਕ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਨੀ ਖੁਦ ਮੁਖਤ੍ਯਾਰੀ ਮੇਂ ਦੂਸਰਾਬਿਵਾਹ ਹਿੰਦੂਰੀਤੀ ਸੇ ਕਰਾਯਾ। ਜੋ ਏਕ ਖਤ੍ਰੀ ਅਪਨੀ ਕੰਨਿਆਂ ਕੋ ਲੇਕਰ ਅਨੰਦਪੁਰ ਆਯਾ ਔਰ ਕਹਾ ਮਹਾਰਾਜ ਮੈਂ ਅਪਨੀ ਕੰਨਿਆ ਆਪਦੀ ਦਾਸੀ ਬਨਾਨੀ ਹੈ ਉਸ ਕੰਨਿਆ ਕਾ ਬਿਵਾਹ ਗੁਰੂ ਜੀ ਸੇ ਐਸੇ ਅਨੰਦਪੁਰ ਮੇਂ ਹੁਆ ਉਕਤ ਪੰਥ ਪ੍ਰਕਾਸ਼ ਪੂਰਬਾਰਧ ਸਫਾ ੬੨੯ ਮੇਂ ਲਿਖਾ ਹੈ ਕਿ "ਸੁਨ ਸਤਗੁਰ ਤਿਹ ਧੀਰ ਧਰਾਯੋ। ਡੇਰਾ ਭਲੀ ਠੌਰ ਕਰਵਾਯੋ ॥ ਸੁਧ ਸ੍ਰੀ ਮਾਤਾ ਪਾਸ ਪਠਾਈ। ਮਾਤ ਹਰਖ ਹਿਯੇ ਬਢੀ ਬਧਾਈ ॥ ਸਾਹਾ ਤੁਰਤ ਹੀ ਲੀਯੋ ਸੁਧਾਈ। ਸਭੈ ਸਮਗ੍ਰੀ ਤਿਆਰ ਕਰਾਈ ॥ ਰੀਤ ਬੇਦ ਕੁਲ ਕਰ ਸਭ ਭਾਏ। ਸਤਗੁਰ ਕੋ ਫੇਰੇ ਫਿਰ ਵਾਏ ॥ ਬਜੇ ਸਧਾਨੇ ਮੰਗਲ ਗਾਏ। ਅਨੰਦ ਰਹਾ ਆਨੰਦ ਪੁਰਛਾਏ ॥ ਸਸਿ ਬਦਨੀ ਪਿਕ ਬੈਨੀ ਭਾਵਨ। ਮ੍ਰਿਗ ਨੈਨੀਗਜ ਗਾਮਨ ਗਾਵਨ ॥ ਮ੍ਰਿਦੁਲ ਮਧੁਰ ਸੁਰ ਮਦਨ ਜਗਾਵਨ। ਜਾਂ ਸੁਨ ਸਾਵਨ ਮੇਘ ਲਜਾਵਨ ॥ ਲੈ ਦੁਲਹਨੀ ਦੂਲਹਾ ਜਬ ਆਏ। ਜੁਰੀ ਦੁਆਰਪਰ ਤ੍ਰੀਅ ਸਮੁਦਾਏ ॥ ਰੋਕੇ ਗੁਰੂ ਪੌਰਪਰ ਘਰ ਕੀ। ਕਰੀ ਆਰਤੀ ਆਰਤ ਹਰਿਕੀ। ਵਾਰੀ ਵਾਰ ਮਾਤ ਤਬ ਪੀਓ।

Sri Satguru Jagjit Singh Ji Elibrary NamdhariElibrary@gmail.com

ਅਨੰਦ ਉਸਤਤ ਪੰਡਤਿ ਕਰ ਦਿਯੋ। ਅਤ ਹੀ ਸੁੰਦਰੀ ਨਾਮ ਸੁੰਦਰੀ। ਕਰਸੁ ਸਗਲ ਇਕਠੇ ਬੈਠਾਇ ॥ ਨਰੀ ਸਭ ਸੋਹਿਮਹਾਇ ! ਪੁਨ ਕੰਗਨਾ ਮਿਲ ਸਭਨ ਖਿਲਾਇ। ਹਾਸ ਬਿਲਾਸ ਕੀਨ ਮਨ ਭਾਇ। ਅਤਿ ਉਤਸਾਹਿ ਵਿਆਹ ਮੇਂ ਭਾਵਾ। ਵਾਹਿ ਵਾਹਿ ਸਭ ਕਹੈਂ ਅਲਾਵਾ ॥

**ਵੈਦ** ਸਫਾ ੬ੰ ਸਤਰ ੧੦ ਸੇ ੧੮ ਤਕ ॥ (੧੦) ਆਪ ਚੂਹੜੇ ਚਮਾਰਾਂ ਨੂੰ ਅੰਮ੍ਰਿਤ ਛਕਾਉਣ ਪਰ ਗੁੱਸੇ ਹੁੰਦੇ ਹਨ ਪਰ ਇਹ ਵਿਸ਼ਯ ਹੀ ਵੱਖਰਾ ਹੈ ਜਿਸਦਾ ਮੂੰਹ ਤੋੜਵੇਂ ਜਵਾਬ ਆਪਨੂੰ ਅਗੇ ਮਿਲ ਚੁਕੇ ਹਨ ਅਰਇਹਵਿਸ਼ਯਹੀ ਏਥੇਪਰਮਅਯੋਗ ਹੈ ।ਗੁਰਸਿਖੀਦੀਅਧਿਕਾਰੀ'ਜਾਤੀ' ਨਹੀਂ ਹੈ। ਜੋ ਅਧਿਕਾਰੀ ਪੁਰਸ਼ ਹੋਵੇ ਸੋ ਗੁਰਮਤ ਤੋਂ ਲਾਭ ਉਠਾਵੇ ਗੁਰੂਜੀ ਜਗਤ ਦੇ ਉਧਾਰ ਵਾਸਤੇ ਆਏ ਸੇ ਸੋ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਅੰਮ੍ਰਿਤ ਮਰਯਾਦਾ ਹਰ ਪ੍ਰਾਣੀ ਵਾਸਤੇ ਹੈ ਜੋ ਗੁਰੂ ਘਰ ਵਿਚ ਆਵੇ ॥

(ਅੰਗ ੧੦ ਦਾ ਉਤ੍ਰ)

**ਉਤ੍ਰ** ਵੈਦ ਜੀ "ਅਨੰਦ ਬਿਵਾਹ ਪਰ ਵਿਚਾਰ" ਰਸਾਲੇ ਮੇਂ ਤੋ ਚਾਰ ਵਰਨੋਂ ਕੇ ਸਿਵਾਏ ਚੂਹੜੇ ਚਮਾਰੋਂ ਵਗੈਰਾ ਕੋ ਅੰਮ੍ਰਿਤ ਛਕਾ ਕਰ ਖਾਨ ਪਾਨ ਮੇਂ ਸ਼ਾਮਲ ਕਰਨੇ ਸੇ ਸਿਖ ਕੌਮ ਕੀ ਤਰੱਕੀ ਨਹੀਂ ਹੈ ।ਐਸੇ ਲਿਖਾ ਹੈ ਆਪ ਅਪਨੀ ਕਲਜੁਗੀ ਚੰਚਲਤਾ ਸੇ ਸਿਰਫ ਅੰਮ੍ਰਿਤ ਕੋ ਹੀ ਲੇਤੇ ਹੂਏ ਬਤਲਾਤੇ ਹੋ ਅੰਮ੍ਰਿਤ ਮਰਯਾਦਾ ਹਰ ਪ੍ਰਾਣੀ ਵਾਸਤੇ ਹੈ। ਯਹ ਆਪਕਾ ਕਥਨ ਮਿਥਿਆ ਹੈ ਕਿਉਂਕਿ ਚਾਰ ਵਰਨੋਂ ਕੇ ਸਵਾਏ ਔਰੋਂ ਕੋ ਅਪਨੇ ਮੇਂ ਸ਼ਾਮਲ ਕਰਨੇ ਕਾ ਗੁਰੂ ੧੦ ਜੀ ਕਾ ਹੁਕਮ ਨਹੀਂ ਦੇਖੋ ਸੌ ਸਾਖੀ ॥ (੧) ਧਨ ਪਰ ਕੋ ਛਵੇ ਨਹਿ ਨੀਚ ਜਾਤ ਤੇ ਦੂਰ (ਸਾਖੀ ੮) (੨) ਤੁਰਕ ਤੁਰਕਣੀ ਤੇ ਬਚੇ ਤੁਰਕ ਨ ਕਰਹੈ ਸਿਖ। ਚਾਰ ਵਰਣ ਗੁਰ ਭਾਇ ਜੋ ਖਾਇ ਖਵਾਇ ਭ੍ਰਿਖ ॥ (ਸਾਖੀ ੮)(੩)ਤੁਰਕ ਪਾਰਸੀ ਜੋ ਪੜੈ ਜੀਵਨ ਲੀਏਸਿਖ। ਤੁਰਕਮੀਤ ਬਿਸਾਹ ਕਰਿ ਗੁਰਤੇ ਸਦਾ ਬਿਮੁਖ ॥ ਸਾਖੀ ੮) (੪) ਤੁਰਕ ਸੋ ਵੈਰ। ਪਾ-ਹਾੜੀ ਸੋਨਿਆਰ ਮਿਤ੍ਰ ਨਹੀਂ (ਸਾਖੀ ੧੮) (੫) ਸਿਖਾਂ ਪੁਛਿਆ ਜੀ ਪਾਤਿ ਸ਼ਾਹ ਤੁਰਕ ਤਾਂ ਹਿੰਦਵਾਣੀਆਂ ਨੂੰ ਭੋਗਦੇ ਹੈਨ ਸਿਖ ਬਦਲਾ ਕਰਨ ਤਾਂਭਲਾ ਹੈ। ਕਿਉਂ ਮਨੇ ਕਰਿਆ ਗੁਰਾਂ ਅਰੁ ਸ਼ਾਸਤ੍ਰਾਂ। ਤਾਂ ਬਚਨ ਕੀਤਾ ਭਾਈ ਸਿਖੋ ਇਹ ਪੰਥ ਅਸਾਂ ਉਤੇ ਖੜਨਾ ਹੈ ਨੀਵਾਂ ਤਾਂ ਨਹੀਂ ਖੜਨਾ ਅਤੇ ਮਹੰਮਦ ਨੇ ਭੂਤਾਂ ਦਾ ਪੰਥ ਸਮਾਲਿਆ ਹੈ ਇਸਤੇ ਨੀਚ ਕੀ ਰੀਸ ਨਹੀਂ ਕਰਨੀ। ( ਸਾਖੀ ੩੨) (੬) ਮਦਨ ਸਿੰਘ ਚਮਾਰ (ਘੋੜੇ ਕਾ ਸੇਵਕ) ਪ੍ਰਿਥਕ ਰੈਹਨੇ ਵਾਲੇ ॥ (ਸਾਖੀ ੪੦) (੭) ਸਹਰ ਸਿਰੰਦ ਤੁਰਕ ਰਹੇ ਜਾਈ। ਗਿਰ ਕਰ ਮਰੀ ਮਾਤ ਸੁਤ ਐਸੇ। ਕ੍ਰਿਸ਼ਨ ਬਿਯੋਗ ਦੇਵਕਾ ਜੈਸੇ। ਦੁਸਟਨ ਬਾਲ ਮਾਰੇ ਅਤਿਪਾਪੀ। ਉਖੜੀ ਜੜ ਤੁਰਕਨ ਸਭ ਥਾਪੀ ॥ (ਸਾਖੀ ੫੬) (੮) ਅਰਬੀ ਪਾਰਸੀ ਅਖਰ ਨ ਪੜੈ। ਮੇਰਾ ਸਿਖ ਨੌਕਰੀ ਕਹੂੰ ਕਰੈ। ਤੁਰਕ ਕੋ ਮਥਾ ਕਬੂ ਨ ਝੁਕਾ

ਇ। ਤੁਰਕ ਸੰਗ ਬੈਠੇ ਨ ਖਾਇ। ਚਾਰ ਵਰਨ ਸੰਗ ਵਰਤੇ ਐਸੇ। ਸੁਨੋ ਸਿਖ ਮਮ ਵਚਨ ਹੈ ਜੈਸੇ। (ਸਾਖੀ ੬੨) (੮) ਪਰ ਨਾਰੀ ਰਮਤਾ ਜੋਈ ਪੜੇ ਪਾ-ਰਸੀ ਜੋਇ। ਨਾ ਮੈਂ ਤਾਕਾ ਨਾਹਿ ਮਮ ਸਿਖ ਨ ਜਲ ਤਿਸ ਪੀਵ।। (ਸਾਖੀ੬੨)

(੧੮) ਪਾਰਸੀ ਜਾਕੇ ਘਰ ਪੜੇ ਤਾਕਾ ਨਹੀਂ ਵਿਸਾਹ। ਤਾਕਾ ਛੁਹਿਆਨ ਖਾਈਏ ਤਜਾ ਧਰਮ ਕਾ ਰਾਹ।। (ਸਾਖੀ ੬੨) (੨੧) ਨਾਰ ਮਲੇਛਣ ਸਿਖ ਮਮ ਘਰ ਮੈਂ ਲੇਵੈ ਰਾਖ। ਧਰਮ ਮਲੇਛੀ ਬਧੈਗੋ ਤੁਰਕ ਪਠਾਣੀ ਸਾਖ।(ਸਾਖੀ੯੫)

**ਵੈਦ** ਸਫਾ ੬੩ ਸਤਰ੧੯ ਸੇ ਸਫਾ ੬੪ ਸਤਰ ੪ ਤਕ। ਇਸੇ ਦੇਸ ਵਿਚ ਹੋਟਲਾਂ ਵਿਚ ਖਾਣਾ ਅਰ ਰੇਲਾਂ ਦੇ ਸੋਡੇ ਪੀਣੇ ਆਦਿ ਖਾਣਪੀਣ ਦੀ ਖੁੱਲ੍ਹ ਬ੍ਰਾਹਮਣਾਂ ਖਤ੍ਰੀਆਂ ਸਾਧਾਂ ਸੰਤਾਂ ਸਭਨੇ ਕਰ ਦਿਤੀ ਹੈ ਕਈ ਤਖਤਾਂ ਗੁਰਦਵਾਰਿਆਂ ਦੇ ਆਗੂ। ਕਈ ਬਾਬੇ ਖੁੱਲ੍ਹੇ ਖੁੱਲ੍ਹੇ ਖਾਂਦੇ ਪੀਂਦੇ ਹਨ ਏਹਨਾਂ ਨੂੰ ਦੇਖਕੇ ਆਪ ਲੋਗ ਰੀਸ ਕਰਰਹੇ ਹੋ ॥

**ਉਤ੍ਰ** ਵੈਦ ਜੀ ਹੋਟਲਾਂ ਔਰ ਰੇਲੋਂ ਮੇਂ ਖਾਣੇ ਪੀਣੇ ਦੀ ਖੁੱਲ੍ਹ ਪਾਰਸੀ ਆਦਿ ਪੜੇ ਪੁਰਸ਼ੋਂ ਨੈ ਕੀ ਹੈ ਜਿਨਕੋ ਅਧਰਮੀ ਗੁਰੂ ੧੦ ਜੀ ਸੌ ਸਾਖੀ ੬੨ ਮੇਂ ਕਥਨ ਕਰਤੇ ਹੈਂ ਸ੍ਰੇਸ਼ਟ ਬ੍ਰਾਹਮਣ ਖਤ੍ਰੀ ਸਾਧ ਸੰਤ ਬਾਬੇ ਕੋਈ ਨਹੀਂ ਖਾਂਦੇ। ਮਿਤ੍ਰ ਜੀ ਆਪਕੇ ਪ੍ਰਮਾਣ ਕ "ਹਮ ਹਿੰਦੂ ਨਹੀਂ" ਕੇ ਰਚਤਾ ਖੁਲ ਮਖੁੱਲਾ ਇਸ ਦੇਸ ਤੇ ਵਲੈਤ ਦੇ ਹੋਟਲੋਂ ਮੇਂ ਖਾਂਦੇ ਹੈਂ ਜਿਨ ਹੋਟਲੋਂ ਮੇਂ ਕਿਸੀ ਮਾਸ ਕਾ ਕੋਈ ਪਰਹੇਜ਼ ਨਹੀਂ ਔਰ ਸ੍ਰੇਸ਼ਟ ਪੁਰਸ਼ੋਂ ਕੇ ਪੁਤ੍ਰੋਂ ਕੋ ਉਪਦੇਸ਼ ਕਰਕੇ ਹੋਟਲੋਂ ਮੇਂ ਖਾਨੇ ਕੇ ਲੀਯੇ ਪਰਵਿਰਤ ਕਰਤੇ ਹੈਂ ਜੋ ਨਵੀਨ ਖਾਲਸਾ ਕੇ ਅਗਰਣੀ ਹੈਂ ॥

**ਵੈਦ** ਸਫਾ ੬੪ ਸਤਰ੧੬ (੧੧) ਇਸ ਅੰਗ ਦੇ ਉਤਰ ਲਈ ਦੇਖੋ ਅੰਗ ੮ ਅਤੇ ੯ (ਅੰਗ ੧੧ ਕਾ ਉਤ੍ਰ।)

**ਉਤ੍ਰ** ਵੈਦ ਜੀ ਅੰਗ ੮ ਔਰ ੯ ਮੇਂ ਆਪਨੇ ਕੋਈ ਉਤਰ ਨਹੀਂ ਲਿਖਾ ਸਚ ਤੋ ਯੇਹ ਹੈ ਕਿ ਆਪ "ਅਨੰਦ ਬਿਵਾਹ ਪਰ ਵਿਚਾਰ" ਕੇ ਲੇਖ ਕੋ ਛੁਏ ਤਕ ਨਹੀਂ ਉਕਤ ਰਸਾਲੇ ( ਅਨੰਦ ਬਿਵਾਹ ਪਰ ਵਿਚਾਰ ) ਕੇ ਲੇਖ ਕੋ ਉਲਟਾ ਪੁਲਟਾ ਕਰ ਮਨਮਾਨਾ (ਅਪਰਸੰਗਕ)ਖੰਡਨ ਕਰਤੇ ਰਹੇ ਜੋ ਵਿਦ੍ਵਾਨੋਂ ਮੇਂ ਉਪਹਾਸਜਨਕ ਹੈ ॥

**ਵੈਦ** ਸਫਾ ੬੪ ਸਤਰ ੧੭ ਸੇ ਸਫਾ ੬੫ ਸਤਰ ੧ ਸੇ ੭ ਤਕ ॥ (੧੨) ਇਹ ਕੁਫਰ ਦਾ ਵਾਕ ਆਪ ਨੂੰ ਹੀ ਸੋਭਦਾ ਹੈ ਇਸਦਾ ਮੂੰਹ ਤੋੜ ਉਤਰ ਆਪਨੂੰ "ਨਾਭੇ ਦੇ ਇਸ਼ਤਿਹਾਰ ਦਾ ਉੱਤਰ ਅਤੇ ਖੰਡਨ" ਵਿਚ ਮਿਲ ਚੁਕਾ ਹੋਇਆ ਹੈ ਅਸੀ ਸਹਿਜਧਾਰੀ ਨੂੰ ਸਿਖ ਮੰਨਦੇ ਹਾਂ ਪਰ ਸਿੰਘਪਦ ਲਈ ਜਗਯਾਸੂ ਜਾਨਦੇ ਹਾਂ ਦ੍ਵੈਤ ਤੁਹਾਡੇ ਘਰ ਵਸਦੀ ਹੈ। ਬਹਾਦਰੀ ਦਾ ਵਾਧਾ ਜੋ ਅੰਮ੍ਰਿਤ ਨਾਲ ਸੰਬੰਧ ਨਹੀ ਰਖਦਾ ਤਦ ਤੁਹਾਡੀ ਅਕਲ ਤੇ ਰੁਦਨ ਕਰਨਾ ਚਾਹੀਦਾ ਹੈ। ਹੋਰ ਕੀ ਆਪ ਇਸਤੋਂ ਏਹ ਸਿਧ ਨਹੀਂ ਕਰਦੇ ਕਿ ਫੌਜਾਂ ਵਿਚ ਅੰਮ੍ਰਿਤ ਛਕਾ

Sri Satguru Jagjit Singh Ji Elibrary NamdhariElibrary@gmail.com

ਉਨਾ ਬੋਫਾਇਦਾ ਹੈ ? ਅਰ ਏਸ ਚਾਲ ਨਾਲ ਸਿੰਘਾਂਨੂੰ ਧਰਮਤੋਂ ਪਤਿਤ ਕਰਨਾ ਨਹੀਂ ਚਾਹੀਦੇ ਹੋ। ਆਪਦੇ ਲੇਖ ਤੋਂ ਚੰਗੀਤਰਾਂ ਸਿਧ ਹੁੰਦਾ ਹੈ ਕਿ ਤੁਸੀ ਅੰਮ੍ਰਿਤ ਦੇ ਗੁੱਝੇ ਵੈਰੀ ਹੋ ਅਰ ਪੰਥ ਵਿਚ ਕੋਈ ਨਵਾਂ ਦੁਫੇੜ ਖੜਾ ਕਰਨਾ ਚਾਹੁੰਦੇ ਹੋ। ਵਾਹਿਗੁਰੂ ਆਪ ਨੂੰ ਸੁਮਤਿ ਦੇਵੇ ਤੇ ਆਪਦੀ ਖੋਟੀ ਚਾਲਤੋਂ ਕੌਮ ਨੂੰ ਬਚਾਵੇ ॥ ( ਅੰਗ ੧੨ ਕਾ ਉਤਰ )

**ਉਤ੍ਰ** ਵੈਦਜੀ! ਸਿਖ੧ ਸਹਿਜਧਾਰੀ੨ ਚਰਨ ਪਾਹੁਲੀ੩ਮੋਨੇ੪ਏਕਬਰਾਬਰਹੈਂਕੁਛਰਦਾਵਾਕਲਿਖਤੇਹੁਉਂਕੋਸ਼ਰਮਨਹੀਂਆਤੀ ਜੋ ਸੌਸਾਖੀ ਮੇਂ ਗੁਰੂ ੧੦ ਜੀਕਾ ਵਾਕਹੈ ਦੇਖੋ ਸਾਖੀ੯੦ ਔਰਨਾਭਕੇ ਇਸ਼ਤਿਹਾਰਕਾਖੰਡਨ ਲਿਖਨ ਵਾਲਾ ਖੁਦ ਝੂਠਾ ਹੋ ਚੁਕਾ ਹੈ ਜੋ ਉਸਕੋ ੫੦੦ ਇਨਾਮ ਨਹੀਂ ਮਿਲਾ ਜਿਸਕਾ ਖੰਡਨ ਮੈਨਤੁਰਤ ਲਿਖਦੀਆ ਥਾ ਪਰੰਤੂ ਮੂਰਖਸਿਉ ਬੋਲੇ ਝਖਮਾਰੀ ਗੁਰੂ ਜੀ ਕੇ ਵਾਕ ਅਨੁਸਾਰ ਛਪਵਾਯਾ ਨਹੀਂ। ਸੈਹਜਧਾਰੀਸਿਖ ਕੋ ਸਿੰਘਪਦ ਲਈ ਜਗਜਾਸੂ ਜਾਣਦੇ ਹੋ ਯੇਹ ਬਿਲਖੂਣਤਾ ਹੈ ਵੈਦ ਜੀ ਸਿੰਘ ਤੋ ਆਪਕੇ ਪਾਹੁਲ (ਅੰਮ੍ਰਿਤ) ਸੇ ਪ੍ਰਿਥਮ ਮੌਜੂਦ ਹੈਂ ਦੇਖੋ ਦਸਮਗ੍ਰੰਥ ਸਾਹਿਬਮੇਂ ਖੜਗ ਸਿੰਘਆਦਿ ਔਰ ਰਾਜਪੂਤੋਂਕੇ ਨਾਮਸਾਥਸਦੈਵ ਸਿੰਘਪਦ ਹੋਤਾਹੈ ਹੁਣਤਾਂਫੇਰ ਵੈਦ ਜੀ ਦੇ ਅਰ ਜਾਬਸੀ ਜੋ ਸਿੰਘ ਪਦ ਦੇ ਠੇਕੇਦਾਰ ਬਨਬੈਠੇ। ਵੈਦਜੀ ਜੇ ਬਹਾਦਰੀ ਦਾ ਵਾਧਾ ਅੰਮ੍ਰਿਤ ਨਾਲ ਸੰਬੰਧ ਰਖਦਾ ਹੋਵੇ ਤਦ ਅੰਮ੍ਰਿਤ ਆਪ ਸਾਰੇ ਸੰਸਾਰ ਲਈ ਸਫੇ ੬੩ ਸਤਰ੧੭ਮੇਂ ਮਾਨਤੇਹੋ ਸੰਸਾਰੀਨਾਈ੧ ਝੀਵਰ੨ ਤਰਖਾਨ ੩ ਲੁਹਾਰ ੪ ਛੀਪੇ ੫ ਬਾਮਣ ੬ ਭਟ ੭ ਬਾਣੀਏਂ ੮ ਸੂਦ ੯ ਸੁਨਾਰ ੧੦ਆਦਿ ਔਰ ਭਰਾਈ ੧੧ ਮਿਰਾਸੀ ੧੨ ਪਿੰਜੇ੧੩ ਅੰਮ੍ਰਿਤਧਾਰੀਅਨਕ ਹੈਂ ਇਨਕੋ ਬਹਾਦਰੀ ਕੀ ਜਗਹ (ਫੌਜ ਮੇਂ) ਕਯੋਂਨਹੀਂ ਭਰਤੀ ਕਰਤੇ ਜੋ ਅੰਮ੍ਰਿਤ ਕੀ ਬਹਾਦਰੀ ਕੋ ਕਲੰਕ ਲਗਾਤੇ ਹੂਏ ਆਪ ਕੇ ਭਾਈ ਜੱਟ ਆਦਿ ਅਛੀ ਅਛੀ ਜਾਤੇਂ ਫੌਜ ਮੇਂ ਭਰਤੀ ਹੋਤੇ ਹੈਂ॥ ਜੋ ਅੰਮ੍ਰਿਤ ਮੇਂ ਹੀ ਬਹਾਦਰੀ ਹੋਵੇ ਤੋ ਪਠਾਨ ਰਾਜਪੂਤ ਖਤ੍ਰੀ ਆਦਿ ਕੋਈ ਬਹਾਦੁਰ ਨਾ ਹੋਵੇ। ਜੇ ਅੰਮ੍ਰਿਤ ਪੀਨੇ ਵਾਲੇ ਬਹਾਦਰ ਹੋਤੇ ਤੋ ਲਾਹੌਰ ਕੀ ਲੜਾਈ ਮੇਂ ਨਾ ਭਾਗਤੇ ਹਜਾਰੋਂ ਰਾਵੀ ਮੇਂ ਨਾ ਡੁਬਤੇ ਲਾਹੌਰ ਕਾ ਘਰ ਨਾ ਖੋਹ ਤੇ ਸ੍ਵਰਾਜ ਕਾਇਮ ਰਖਤੇ ਯਹੀ ਬਹਾਦਰੀ ਹੈ ਅਪਨਾ ਘਰ ਤੋ ਸੰਭਾਲਾਨਹੀਂ ਗਿਆ ਅੰਗ੍ਰੇਜ਼ੋਂ ਕੀ ਤਦਬੀਰ ਸੇ ਲੜਕਰ ਬਹਾਦਰ ਬਨ ਗਏ ਹੁਣ ਵੈਦਜੀ ਚਾਹੋ ਰੁਦਨ ਕਰੋ ਚਾਹੋ ਤੀਨਤਾਲ ਖੜਾ ਸਿਆਪਾ ਕਰੋ ਫੋਕੀਆਂ ਬਾਤਾਂ ਦਾ ਪਾਜ ਉਘੜ ਜਾਯਾ ਕਰਤਾ ਹੈ। ਸੁਮਤੀ ਪਕੜੋ ਫੁਟਦੇ ਬੀਜ ਨੂੰ ਉਖਾੜੋ ਜੋ ਆਪ ਆਪਨੀ ਮੂਰਖਤਾ ਸੇ ਬੀਜ ਰਹੇ ਹੋ। ਗੁਰੂ ਗ੍ਰੰਥ ਸਾਹਿਬ ਮੇਂ ਲਿਖਾਹੈ ਅੰਮ੍ਰਿਤ ਨਾਮਕਾ ਛਕੋ ਜਿਸ ਸੇ ਪਾਪ ਦੂਰ ਹੋ ਸਦਗਤੀ ਹੋ ਜਾਏ ॥

**ਵੈਦ** ਸਫਾ ੬੫ ਸਤਰ ੮ ਸੇ ੧੪ ਤਕ। (੧੩) ਇਸ ਅੰਕ ਵਿਚ ਆਪ ਉਨ੍ਹਾਂ ਪਰ ਰੋਸ ਪ੍ਰਗਟ ਕਰਦੇ ਹਨ ਜੋ ਆਪਕੇ ਆਪਨੂੰ ਹਿੰਦੂ

ਨਹੀਂ ਮੰਨਦੇ ਅਤੇ ਗੁਰ ਬਚਨਾਂ ਅਨੁਸਾਰ ਅਪਣੇ ਤਾਈਂ ਸਿਖ ਜਾਣਦੇ ਹਨ। ਅਸੀ ਇਸਦਾ ਕੀ ਉਤਰ ਦਈਏ ਇਸ ਵਿਸ਼ਯ ਪਰ ਪੁਸਤਕ ਲਿਖੇ ਪਏ ਹਨ। ਪਰ ਅਨਮਤ ਦੀ ਗੁਲਾਮੀ ਦਾ ਐਸਾ ਰਸ ਪੈ ਰਿਹਾ ਹੈ ਕਿ ਗੁਰਮਤ ਵੱਲ ਆਉਣ ਨੂੰ ਜੀ ਨਹੀਂ ਚਾਹੁੰਦਾ॥ (ਅੰਗ ੧੩ ਕਾ ਉਤਰ)

ਉਤ੍ਰ ਵੈਦ ਜੀ ਗੁਰੂ ਔਰ ਸਿਖ ਲੋਕ ਆਪਣੇ ਆਪਕੋ ਹਿੰਦੂਓਂ ਸੇ ਭਿੰਨ ਨਹੀਂ ਸਮਝਤੇ ਕਿਉਂਕਿ ਗੁਰੂ ਗ੍ਰੰਥ ਸਾਹਿਬ ਹਿੰਦੂ ਰਹਿਨ ਕੇ ਲੀਏ ਉਪਦੇਸ਼ ਕਰਤਾ ਹੈ॥ "ਅਰਧ ਸਰੀਰੀ ਨਾਰ ਨ ਛੋਡੈ ਤਾਤੇ ਹਿੰਦੂ ਹੀ ਰਹੀਐ"(ਆਦਿ ਗੁਰੂ ਗ੍ਰੰਥ ਸਾਹਿਬ ਜੀ ਰਾਗ ਆਸਾ ਕਬੀਰ ਜੀ ਸ਼ਬਦ ੮ ਤੁਕ ੨ ਮ: ੫) ਜੋ "ਸਿਖ ਹਿੰਦੂ ਨਹੀਂ" ਵਿਸ਼ੇ ਪਰ ਪੁਸਤਕੋਂ ਕੇ ਖੰਡਨ ਮੇਂ ਮੂੰਹ ਤੋੜ ਉਤਰ ਮਿਲ ਚੁਕਾ ਹੈ ਦੇਖੋ ਬਾਵਾ ਨਰੈਣ ਸਿੰਘ ਵਕੀਲ ਅੰਮ੍ਰਿਤਸਰੀ ਰਚਤ "ਸਿਖ ਹਿੰਦੂ ਹਨ" ਔਰ ਦੇਖੋ ਲਾਲਾ ਠੌਕੁਰਦਾਸ ਵਕੀਲ ਹੁਸ਼ਜਾਰ ਪੁਰ ਨਿਵਾਸੀ ਰਚਿਤ "ਸਿਖ ਹਿੰਦੂ ਹੈਂ" ਤੀਸਰੇ ਦੇਖੋ ਮੇਰੀ ਰਚਿਤ ਨਵੀਨ ਸਿੰਘ ਸਿਖ੍ਯਾ ਔਰ ਹਮ ਹਿੰਦੂ ਨਹੀਂ ਤੀਸਰ ਅਡੀਸ਼ਨ ਕਾ ਖੰਡਨ "ਨਵੀਨ ਸਿੰਘ ਮਤ ਮਰਦਨ ਬੱਜਰ" ਵੈਦ ਜੀ ਅਨਮਤ ਦੀ ਗੁਲਾਮੀ ਦਾ ਰਸ ਕੈਹਨਾ ਆਪਦੀ ਮੂਰਖਤਾ ਹੈ ਕਿਉਂਕਿ ਸਿਖ (ਸਿੰਘ) ਧਰਮਕੇ ਸਿਰੋਮਣੀ ਆਪਣੇ ਆਪਕੋ ਔਰ ਸਰਬ ਸਿਖੋਂ ਕੋ ਹਿੰਦੂ ਮਾਨਤੇ ਹੈਂ ਯਥਾ:-(੧) ਸ੍ਰੀ ੧੦੮ ਮਹਾਰਾਜਾ ਨਾਭਾ ਪਤੀ ਜੀਕਾ ਇਸ਼ਤਹਾਰ ਜੋ ੨੦ ਇੰਚ ਚੌੜਾ ੨੬ ਇੰਚ ਲੰਬਾ ਉਸਕੀ ਸਤਰ ੩੫ ਜੋ ਉਕਤ ਮਹਾਰਾਜ ਜੀ ਕੀ ਆਗਜਾ ਨੁਸਾਰ ਦੁਰਗਾ ਪ੍ਰੈਸ ਮੇਂ ਛਪਾ ਹੈ। "ਸਿਖੋਂ ਮੇਂ ਭੀ ਇਕ ਅਜੀਬ ਕਿਸਮ ਕਾ ਫਿਰਕਾ ਨਿਕਲਾ ਹੈ ਜੋ ਕਹਿਤੇ ਹੈਂ ਹਮ ਹਿੰਦੂ ਨਹੀਂ" ਔਰ ਦੇਖੋ ਉਕਤ ਮਹਾ- ਰਾਜਾ ਨਾਭਾ ਜੀ ਕੀ ਆਗਜਾਨੁਸਾਰ ਦੁਰਗਾ ਪ੍ਰੈਸ ਸੰਨ ੧੯੦੫ ਈ: ਮੇਂ ਛਪਾ "ਸਿਖ ਮਤ ਬਬੇਕ" ਰਸਾਲੇ ਕਾ ਸਫਾ ੨ ਸਤਰ ੧ ਸੇ ੩ ਤਕ॥ ਚੰਦ ਰੋਜ਼ ਸੇ ਏਕ ਅਜੀਬ ਫਿਰਕਾ ਨਿਕਲਾ ਹੈ ਜੋ ਆਪਨੇ ਆਪਕੋ ਤੱਤ ਖਾਲਸਾ ਕਹਿਲਾਤੇ ਹੈਂ ਔਰ ਕੈਹਤੇ ਹੈਂ ਹਮ ਹਿੰਦੂ ਨਹੀਂ॥ (੨) ਸ੍ਰੀ ੧੦੮ ਮਹਾ- ਰਾਜਾ ਪਟਿਆਲਾ ਰਾਜਿੰਦ੍ਰ ਸਿੰਘ ਸਾਹਿਬ ਬਹਾਦਰ ਜੀ ਕੇ ਸਨਮੁਖ ਸਵਾਲ ਸਿਖ ਹਿੰਦੂ ਨਹੀਂ ਲਾਹੌਰ ਮੇਂ ਪੇਸ਼ ਹੁਆ ਜਬਕਿ ਬੜੇ ਲਾਟ ਔਰ ਛੋਟੇ ਲਾਟ ਔਰ ਸਿਖ ਰਈਸ ਸਭ ਜਮਾ ਥੇ ਉਕਤ ਮਹਾਰਾਜ ਕੋ ਅਕਤੂਬਰ ਸੰਨ ੧੮੯੮ ਮੇਂ ਉੱਚ ਪਦਵੀ (ਬੜੇ ਖਿਤਾਬ) ਮਿਲੇ ਥੇ ਉਸ ਸਮਯ ਉਕਤ ਮਹਾਰਾਜਾ ਸਾਹਿਬ ਨੇ ਸ੍ਰੀ ਮੁਖਸੇ ਹਿੰਦੂ ਸਿੱਖ ਏਕ ਹੀ ਹੈਂ ਕਹਾ ਥਾ ਕਿ "ਮੈਂ ਦੇਖਤਾ ਹੂੰ ਕਿ ਕੁਛ ਅਰਸੇ ਸੇ ਰਵਾਜਨਵਾਹ ਮੇਂ ਯਹ ਦਿਖਲਾਨੇ ਕੀ ਕੋਸ਼ਿਸ਼ ਕੀ ਗਈ ਹੈ ਕਿ ਸਿਖ ਹਿੰਦੂ ਨਹੀਂ ਹੈਂ। ਲੇਕਿਨ ਯਹ ਗਲਤੀ ਹੈ ਸਿਖੋਂ ਨੇ ਬਹੈਸਿਯਤ ਮਜਮੂਈ ਕਭੀ ਆਪਨੇ ਤਾਈਂ ਹਿੰਦੂਓਂ ਸੇ ਜੁਦਾ ਖਯਾਲ ਨਹੀਂ ਕੀਆ ਔਰ ਨਾ ਹੀ ਵੋਹ ਐਸਾ ਖਯਾਲ ਕਰ ਸਕਤੇ ਹੈਂ"॥ ਕਿਉਂ ਵੈਦ ਜੀ ਉਕਤ ਮਹਾ-

ਰਾਜੋਂ ਕੋ ਤੋ ਅਨਜਮਤ ਕੀ ਗੁਲਾਮੀ ਕਰਨੇ ਸੇ ਕੋਈ ਫਾਇਦਾ ਨਹੀਂ ਜੋ ਈਸ਼੍ਵਰ ਨੇ ਇਨਸਾਫ ਲੀਏ ਪੈਦਾ ਕੀਏ ਹੈਂ ਔਰ ਆਪਕੇ ਧਰਮਕੇ ਅਗਰਣੀ ਹੈਂ ਜੋ ਆਪਨੇ ਆਪ ਔਰ ਸਰਬ ਸਿਖੋਂ ਕੋ ਹਿੰਦੂ ਮਾਨਤੇ ਹੈਂ ॥

ਵੈਦ ਸਫਾ ੬੫ ਸਤਰ ੧੫ ਸੇ ੧੯ ਤਕ ॥ ਰਸਾਲੇ ਦਾ ਲੇਖਕ ਸਾਨੂੰ ਸੌ ਸਾਖੀ ਦਾ ਭਗਤ ਪ੍ਰਤੀਤ ਹੁੰਦਾ ਹੈ ਏਸ ਵਾਸਤੇ ਅਸੀਂ ਹੋਰ ਗੁਰ ਬਾਣੀ ਦਾ ਪ੍ਰਮਾਣ ਇਥੇ ਨਾ ਦਿੰਦੇ ਕੇਵਲ ਸੌ ਸਾਖੀ ਵਿਚੋਂ ਹੀ ਏਸਨੂੰ ਬਚਨ ਸੁਨਾਉਂਦੇਹਾਂ ਕਿ ਸਤਗੁਰੂ ਸਿੱਖਾਂ ਨੂੰ ਹਿੰਦੂਆਂ ਤੋਂ ਵਖਰਾ ਫਰਮਾਉਂਦੇ ਹਨ ॥

ਉਤ੍ਰ ਵੈਦ ਜੀ ਆਪ ਭੀ ਸੌ ਸਾਖੀ ਕੇ ਭਗਤ ਹੋ ਜੋ ਸੌ ਸਾਖੀਕੇ ਪ੍ਰਮਾਣੋ ਕੋ ਪ੍ਰਮਾਣੀਕ ਸਮਝਤੇ ਹੋ ਸੋ ਦੇਖੋ ਸੌ ਸਾਖੀ ਮੇਂ ਗੁਰੂ ਸਾਹਿਬ ਕੋ ਲੋਕ ਹਿੰਦੂ ਕਹਿਤੇ ਹੈਂ ਔਰ ਗੁਰੂ ਸਾਹਿਬ ਸਿਖੋਂ ਕੋ ਹਿੰਦੂ ਮਾਨਤੇ ਹੈਂ ਯਥਾ॥ (੧) *ਹਿੰਦੂਨੈ ਕਿਆ ਗਰਦੀ ਮਚਾਈਹੈ ( ਸਾਖੀ ੨੯ ) (੨) †ਹਿੰਦੂ ਤਰੀਫ ਖੈਰ ( ਸਾਖੀ ੨੯ ) ( ੩ ) ਰਹਿਰਾਸ ਵੇਲੇ ਸਿਖ ਆਇਆ ਹਜੂਰ ਮਥਾ ਟੇਕ ਕੇ ਕਹਿਆ ਜੀ ਪਾਤਸ਼ਾਹ ਮੈਂ ਸਿਖ ਹਾਂ। ਲੜਾਈ ਵਿਚ ਲੜਦਾ ਮੈਂ ਡਿਗ ਪਿਆ ਅਤੇ ਬਿਹੋਸ਼ ਹੀ ਹੋਗਿਆ ਤਾਂ ਮੈਨੂੰ ਤੁਰਕ ਲੈਗਏ। ਜਾਇ ਕਰ ਸ਼ਰਾ ਕੀਤੀ। ਹੁਣ ਮੈਂ ਕੀ ਕਰਾਂ ਧਰਮ ਸਿਖੀ ਦਾ ਅਤੇ ਹਿੰਦੂ ਦਾ ਜਿਵੇਂ ਮੇਰਾ ਰਹੈ ਤਿਵੇਂ ਰਖਿਆ ਕਰੋ। ਨਹੀਂ ਤਾਂ ਮੈਂ ਚਿਖਾ ਬਣਾਕੇ ਸੜਾਂਗਾ ॥ (ਸਾਖੀ ੩੨) ( ੪ ) ਜੋਮੇਰਾ ਸਿਖ ਮੁਸਲਮਾਨੀ ਤੀਵੀਂ ਸਾਥ ਇਕ ਬਾਰ ਭੋਗ ਕਰੇਗਾ ਸੋ ਸਿਖ ਨਹੀਂ॥ਹਿੰਦੂਧਰਮਵਾਲਾ ਤੁਰਕਣੀ ਤੇ ਬਚੇਗਾ ਸੋ ਤਰਿਆ ਜਾਣੀਏ॥ (ਸਾਖੀ ੩੨) (੫) ‡ਪੈਂਡੇ ਖਾਂ ਬੋਲਿਆ ਦਿਖਾਵੋ ਹਥ ਤੁਮ ਹਿੰਦੂਕੇ ਪੀਰ ਹੋ (ਸਾਖੀ ੩੬) (੬)ਕਾਜ਼ੀ ਪੁਛਿਆ ਗੁਰੂਜੀ ਤੁਮਾਰੇ ਸਿਖ ਅਰਦਾਸਕਿਉਂਕਰਤੇ ਹਨ ਜੋ ਖੁਦਾਇ ਕਰੀ ਸੋ ਭੋਗਤਾ ਹੈ ਅਤੇ ਤੁਸੀਂ ਲਿਖਦੇ ਹੋ ਹਿੰਦੂ ਜੋ ਹੋਣੀ ਅਗੇ ਹੀ ਬਣ ਰਹੀ ਹੈ ( ਸਾਖੀ ੪੧ ) ( ੭ ) ਸਿਖਾ ਜੇਹੜੇ ਹਿੰਦ ਦੇ ਸਿਖ ਸੋ ਸਾਡੇ (ਸਾਖੀ ੪੪) ( ੮ ) §ਗਿਆ ਹਿੰਦ ਪੀਰ ਕਹਿ ਤਾਲੀ ਬਜਾਈ ( ਸਾਖੀ ੫੫ ) ( ੯ ) ਮੁਲਾ ਗੁਰਕਾ ਸਿਖ ਭੇਸ ਹਿੰਦੂ ਸਿਖ ਗੁਰੂ ਕਾ ( ਸਾਖੀ ੫੯ ) ( ੧੦ ) ¶ਸੁਣੀ ਬਹਾਦਰ ਬਾਦਸ਼ਾਹ ਇਕਦਿਨ ਬੂਝਾ ਏਹ। ਹਿੰਦੂਧਰਮ ਕਾਰਾ ਅਧਿਕ ਮਾਨਤ ਭੀਤ ਲਿਖ ਦੇਹ (ਸਾਖੀ ੯੪ ) (੧੧) ‖ਆਸਤ ਨਾਸਤਕ ਦੋ ਨਰ ਰਚੇ ਬਿਧ ਨੈ ਸੁਰਤ ਸਮਾਲ ॥ ਆਸਤ ਤੇ ਹਿੰਦੂ ਭਏ ਨਾਸਤ ਮੁਸਲਮਾਨ ( ਸਾਖੀ ੯੪ )

* ਗੁਰੂ ਦਸਮ ਜੀ ਕੋ ਮੁਸਲਮਾਨ ਕਹਿਤੇ ਹੈਂ।

† ਗੁਰੂ ੧੦ ਜੀ ਕੀ ਤਾਰੀਫ।

‡ ਗੁਰੂ ੧੦ ਜੀ ਕੋ ਕਹਾ  § ਗੁਰੂ ੧੦ ਹਾਜੀਕੇਉੱਚਕੇ ਪੀਰ ਬਨਨੇਪਰ।

¶ ਬਾਦਸ਼ਾਹ ਕਾ ਪ੍ਰਸ਼ਨ  ‖ ਗੁਰੂ ੧੦ ਜੀ ਕਾ ਉੱਤਰ

Sri Satguru Jagjit Singh Ji Elibrary NamdhariElibrary@gmail.com

**ਵੈਦ** ਸਫਾ ੬੫ ਸਤਰ ੨੦ ਸੇ ੨੫ ॥ "ਨੁਰੰਗਾ ਬੋਲਿਆ, ਖਾਲਸਾ ਮੇਰਾ ਪਾਤਸ਼ਾਹੀ ਵਿਚ ਕਿਉਂ ਹੂਆ ਤੁਸਾਂ ਕਾਹਲੀ ਕਰੀ ॥ ਤਾਂ ਦਯਾ ਸਿੰਘ ਬੋਲਿਆ ਤੁਮ ਭੀ ਕਾਹਲੀ ਕਰੀ ਮਜਹਬ ਏਕ ਲਗੇ ਕਰਨ ਤਾਂ ਗੁਰਾਂ ਨੇ ਤੀਸਰਾ ਖੜਾਕੀਤਾ ( ਸਾਖੀ ੨੯ ) ਗੁਰੂ ਸਾਹਿਬ ਜਦ ਪੁਸ਼ਕਰਗਏ ਤਾਂ ਚੇਤੰਨ ਪੰਡਿਤਨੇ ਪੁਛਿਆ ਕਿ ਸਿਖਾਂਦੀ ਕੀ ਜਾਤਹੈ ਤਾਂ ਸਤਗੁਰਾਂਨੇ ਉਤਰ ਦਿਤਾ ਕਿ "ਖਾਲਸਾ" ਹਿੰਦੂ ਮੁਸਲਮਾਨ ਤੋਂ ਤੀਸਰਾ ਹੈ ॥

**ਉਤ੍ਰ** ਵੈਦ ਜੀ ਸਾਖੀ ੨੯ ਮੇਂ ਦਯਾ ਸਿੰਘਨੇ ਇਕ ਮਜ਼ਹਬ ( ਮੁਸਲਮਾਨ ) ਕਰਨੇ ਪਰ ਤੀਸਰਾ ਖੜਾ ਕਰਨਾ ਗੁਰੂ ਦਸਮ ਜੀਕਾ ਹੁਕਮ ਹੈ ਕਹਾ ਸੋ ਹਿੰਦੂ ਧਰਮ ਕੀ ਰਖਿਆ ਲੀਏ ਤੀਸਰਾ ਸਿਧ ਹੋਤਾਹੈ ਯਦਿ ਨੁਰੰਗਾ ਏਕ ਨਾ ਕਰਤਾ ਹਿੰਦੂ ਮੁਸਲਮਾਨ ਰਹਿਨੇ ਦੇਤਾ ਤੋ ਤੀਸਰਾ ਕਰਨੇ ਕੀ ਕਿਆ ਜਰੂਰਤ ਥੀ। ਵੈਦਜੀਦੇਖੋ ਸੌਸਾਖੀ ਸਾਖੀ ੫੭ਮੇਂ ਆਪਕਾ ਉਕਤਪ੍ਰਸੰਗਲਿਖਾਹੈ॥ ਯਥਾ-"ਪੁਹਕਰਿ ਤੀਰਥ ਸਤਿਗੁਰ ਗਏ । ਬਾਬਾ ਘਾਟਸਿਧ ਜਹਾਂ ਨਏ। ਤਹਾਂ ਦਾਨ ਚੇਤਨ ਦਿਜ ਦੀਆ। ਪੂਛੀ ਜਾਤ ਖਾਲਸਾ ਤੀਆ ;" ਜਬ ਖਾਲਸਾ ਤੀਆ (ਹਿੰਦੂ ਮੁਸਲਮਾਨੋਂ ਸੇ ਨਿਆਰਾ ਹੈ) ਤੋ ਹਿੰਦੂਓਂ ਕਾ ਸਦ੍ਰਿਸ਼ ਪੁਹਕਰ ਤੀਰਥ ਮੇਂ ਸਨਾਨ ਔਰ ਚੇਤਨ ਬ੍ਰਾਹਮਣ ਕੋ ਦਾਨ ਕਿਉਂ ਦੀਆ ? ਵੈਦ ਜੀ ਬਾਦਸ਼ਾਹ ਬਹਾਦਰਸ਼ਾਹ ਕੇ ਉਤ੍ਰ ਮੇਂ ਮੁਸਲਮਾਨੋਂ ਕੋ ਨਾਸਤਕ ਔਰ ਰੋਗੀ ਕਹਾ ਹਿੰਦੂਓਂ ਕੋ ਆਸਤਕ ਔਰ ਨਿਰੋਗੀ ਕਹਾ। ਆਪ ਜ਼ਰਾ ਏਕਾਗਰ ਚਿਤ ਹੋਕਰ ਪੁਸਤਕ ਸੌ ਸਾਖੀ ਮੇਂ ਸਾਖੀ ੮੪ ਦੇਖੋ ਜੋ ਵਜੀਰ ਹਿੰਦ ਪ੍ਰੈਸਮੇਂ ਛਪੀਹੈ

**ਵੈਦ** ਸਫਾ ੬੬ ਸਤਰ ੧੧ ਸੇ ੧੫ ਤਕ। (੧੪, ਅਗੇ ਦਸਦੇ ਹਨ ਕਿ ਰਾਜਾ ਨਿਆਇਕਾਰੀ ਹੋਵੇ ਅਪਣੇ ਨਿਸਚੇ ਵਿਚ ਪੱਕਾ ਹੋਵੇ ਸਭ ਮਜਬੋਂ ਕੋ ਇਕਸਾਰ ਸਮਝੇ ਅਗਰ ਮਜਬੀ ਤਅੱਸਬ ਕਰਨਾ ਹੋਵੇ ਤਾਂ ਰਾਜ ਛੋਡ ਦੇਵੇ ਏਸ ਅੰਗ ਦੀਆਂ ਚੰਗੀਆਂ ਬਾਤਾਂ ਨੂੰ ਸਭ ਸਿਆਣੇ ਮੰਨਦੇ ਹਨ ॥

(ਅੰਗ ੧੪ ਕਾ ਉਤ੍ਰ)

**ਉਤ੍ਰ** ਵੈਦ ਜੀ ਆਪਨੂੰ ਸਾਰੇ ਹੀ ਅੰਗਾਂ ਦੀਆਂ ਬਾਤਾਂ ਮੰਨਣੀਆਂਪੈਣਗੀਆਂ ਜਰਾ ਹੰਕਾਰ ਰੂਪੀ ਮਦ ਕੋ ਉਤਾਰੋ ॥

**ਵੈਦ** ਸਫਾ ੬੬ ਸਤਰ ੧੧ ਸੇ ੨੦ ਤਕ। ਏਸ ਵਿਚ ਜੋ ਲੋਕਾਂ ਨੂੰ ਲਾਮਜਬ ਬਨਾਉਣ ਅਤੇ ਰਾਜ ਛਡਵਾਉਣ ਦੀ ਕੋਸ਼ਸ਼ ਕੀਤੀ ਹੈ ਸੋ ਅਤੀ ਕੁਟਿਲ ਰਿਆਸਤੀ ਚਾਲ ਹੈ ਪਾਪਆਤਮਾ ਲੇਖਕ ਦਾ ਜੋ ਭਾਵ ਹੈ ਵਾਹਿਗੁਰੂ ਉਸਨੂੰ ਦਗਧ ਕਰੇ ਇਤਜਾਦਿ ਅਪਸ਼ਬਦ ਲਿਖੇ ਹੈਂ ॥

**ਉਤ੍ਰ** ਵੈਦ ਜੀ ਏਸ ਅੰਗ ੧੪ ਵਿਚ ਲੋਕਾਂ ਨੂੰ ਅਪਣੇ ੨ ਮਜਬਵਿਚ ਔਰ ਰਾਜਾ ਅਪਨੇ ਨਿਸਚੇ ਵਿਚ ਪੱਕਾ ਰੈਹਨੇ ਕੇ ਲੀਏ ਉਪਦੇਸ਼ ਹੈ ਜਿਸਨੂੰ ਤੁਸੀ ਸਫੇ ੬੬ ਸਤਰ ੧੪ ਮੇਂ ਸ੍ਵੀਕਾਰ ਕਰ ਚੁਕੇ ਹੋ। ਫਿਰ ਯਹਾਂ ਵਿਰੂਪ ਸਮਝਨਾ ਮੂਰਖਤਾ ਹੈ ਇਸੀ ਨੂੰ ਕ੍ਰਿਤਘਨਤਾ ਕੈਹਤੇ ਹੈਂ ਜਿਸਕੇ

ਪਾਪ ਮੇਂ ਆਪਕੀ ਆਤਮਾ ਜਰੂਰ ਦਗਧ ਹੋਗੀ ॥

**ਵੈਦ** ਸਫਾ ੯੯ ਸਤਰ ੨੪ ਔਰ ੨੫। ਲੇਖ ਅਨੁਸਾਰ ਖਾਲਸਾ ਜ-ਵਾਨ ਨਹੀਂ ਹੋਯਾ ਜੇ ਹੁੰਦਾ ਤਾਂ ਪ੍ਰੈਸ ਦਾ ਨਾਉਂ ਦੁਰਗਾ ਪ੍ਰੈਸ ਨਾ ਰਖ ਸਕਦੇ।

**ਉਤ੍ਰ** ਵੈਦ ਜੀ ਖਾਲਸਾ ਕੀ ਜਵਾਨੀ ਸੰ੍ ੧੦੮ ਮਹਾਰਾਜਾ ਰਣਜੀਤ ਸਿੰਘ ਜੀ ਦੇ ਵੇਲੇ ਥੀ ਹੁਣ ਖਾਲਸਾ ਬੁੱਢਾ ਹੋਗਿਆ ਜੋ ਥੋੜ੍ਹੇ ਹੀ ਦਿਨੋਂ ਕਾ ਪਰਾਹੁਣਾ ਹੈ ਜਿਸਦੇ ਲਖਣ ਅਪਣੇ ਧਰਮਦੇ ਨਿਯਮੋਂ ਸੇ ਵਿਰੁਧ ਔਰ ਅਪਨੀ ਧਰਮ ਪੁਸਤਕੋਂ ਸੇ ਮੁਨਕਰ ਹੋਨਾ ਸਪਸ਼ਟਹੈ ਸੋ ਇਸੀ ਪੁਸਤਕ ਮੇਂ ਉਪਰ ਲਿਖ ਚੁਕਾ ਹੂੰ। ਵੈਦ ਜੀ ਪ੍ਰੈਸਦਾ ਨਾਉਂ ਦੁਰਗਾ ਪ੍ਰੈਸ ਰਖਨਾ ਗੁਰਮਤ ਅਨੁਸਾਰ ਹੈ ਕ੍ਰਿਉਂਕਿ ਸ੍ਰੀ ਗੁਰੂ ਗੋਬਿੰਦਸਿੰਘ ਜੀ ਸ੍ਰੀ ਦੁਰਗਾਜੀ ਕੇ ਨਾਮ ਕਾ ਮਹਾਤ੍ਮ ਵਰਨਨ ਕਰਤੇ ਹੈਂ ॥ "ਦੁਰਗਾ ਪਾਠ ਬਣਾਇਆ ਸਭੇ ਪਉੜੀਆ। ਫੇਰ ਨ ਜੂਨੀ ਆਇਆ ਜਿਨ ਇਹ ਗਾਇਆ ॥ (ਦਸਮ ਗ੍ਰੰਥ ਸਾਹਿਬ ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ ਪੌੜੀ ੫੫) ਲੀਜੀਏ ਵੈਦ ਜੀ ਦੁਰਗਾ ਪ੍ਰੈਸ ਦੀ ਬਾਬਤ ਈਂਟ ਕਾ ਪੱਥਰ ਜਵਾਬ ਸੁਨੋ। ਜਾਂਚੈ ਘਰ ਲਛਮੀ ਕੁਆਰੀ। (ਮਲਾਰ ਨਾਮਦੇਵ) ਆਪੇ ਸਿਵ ਸਕਤੀ ਸੰਯੋਗੀ। ਚਰਨ ਸ਼ਰਨ ਮੇਂ ਬਸਤ ਭਵਾਨੀ। ਸੋਈ ਭਵਾਨੀ ਨਾਮ ਕਹਾਯੋ। ੧੦ ਗ੍ਰੰਥ ਅਕਾਲ ਉਸਤਤਿ ਜੈ ਜੈ ਹੋਸੀ ਮਹਿਖਾਸੁਰ ਪਰਦਨ ਰੰਮਕ ਰਰਦਨ ਆਦਬ੍ਰਿਤੇ। ਸਹਸਬਾਹ ਮਧੁ ਕੀਟ ਮਹਿਖਾਸਾ। ਹਰਨਾਖਸ ਲੇ ਨਖਹੁ ਬਿਧਾਸਾ। ਰਕਤਬੀਜ ਕਾਲ ਨੇਮ ਬਿਦਾਰੇ। ਦੈਤ ਸੰਘਾਰ ਸੰਤ ਨਿਸਤਾਰੇ। (ਗੌੜੀ ਮਹਲਾ੧ ਅਸ਼ਟਪਦੀ।) ਗਾਵੈ ਈਸਰ ਬ੍ਰਹਮਾ ਦੇਵੀ। ਗੁਰ ਈਸਰ ਗੁਰ ਗੋਰਖੁ ਬਰਮਾ ਗੁਰ ਪਾਰਬਤੀ ਮਾਈ। ਏਕਾ ਮਾਈ ਜੁਗਤ ਵਿਆਈ ਤਿਨ ਚੇਲੇ ਪ੍ਰਵਾਣ। ਮਾਯਾ ਮਾਈ ਤ੍ਰੈਗੁਣ ਪ੍ਰਸੂਤ ਜਮਾਯਾ। ਕ੍ਰਿਸ੍ਨਾਤੇਜਾਨਊ ਹਰਿਹਾਰਿ ਨਾਚੰਤੀਨਾਚਨਾ। (ਨਾਮਦੇਵ) ਦੇਹ ਸਿਵਾਵਰ ਮੋਹ ਇਹੈ ਸ਼ੁਭਕਰਮਣਤੇ ਕਬਹੂੰਨਟਰੋਂ। ਜਿਹ ਨਮਿਤਕਵਿਨੇ ਕਹਜੋ ਸੋ ਦੇਹ ਚੰਡਕਾ ਮੋਹ। ਸ੍ਰੀ ਭਗੌਤੀ ਜੀ ਸਹਾਇ! ਹਰਏਕ ਬਾਣੀਕੇ ਆਦ ਮੇਂ ਇਤਯਾਦਿ ਅਨੇਕ ਵਾਕ ਦੋਨੋਂ ਗੁਰੂ ਗ੍ਰੰਥ ਸਾਹਿਬੋਂ ਮੇਂ ਭਰੇ ਪੜੇਹੈਂ ਬ੍ਰਿਧੀ ਕੇ ਭਯਸੇ ਨਹੀਂ ਲਿਖੇਹੈਂ। ਵੈਦਜੀ ਯਦਿ ਦੇਵੀ ਯਾ ਸ਼ਕਤੀ ਯਾ ਦੁਰਗਾਆਦਿ ਕੇ ਨਾਮ ਸੇ ਹੀ ਆਪਕਾ ਵਿਰੋਧ ਹੈ ਤੋ ਗੁਰੂ ਗ੍ਰੰਥ ਸਾਹਿਬੋਂ ਮੇਂ ਸੇ ਇਨ ਸ਼ਬਦੋਂ ਕੋ ਨਿਕਾਲੋ ਇਤਿਹਾਸੋਂ ਕੀ ਤਰਫ ਆਉਗੇ ਤੋ ਫੱਕਾ ਨਾ ਰਹੇਗਾ।

ਹੋਰ ਸੁਨ ਲੌ। ਸ੍ਰੀ ਸ਼ਬਦ ਸ਼ਕਤਿ ਵਾਚਿਕ ਹੈ ਇਸਨੂੰ ਭੀ ਜਬਾਨ ਪਰ ਨਾ ਲਿਔਣਾ ਅਪਨੇ ਸਹਾਇਕੋਂ ਕੋ ਭੀ ਕਹਿਦੋ ਕਿ ਜਿਨ ਪਤ੍ਰੋਂ ਪਰ ਗੁਰਮਤ ਸੁਧਾਕਰ ਗੁਰਮਤ ਪ੍ਰਭਾਕਰ ਹਿੰਦੂਓਂ ਕੇ ਦੇਵਤਾਓਂ ਕਾ ਨਾਮ ਲਿਖਾ ਹੈ ਉਨਕੇ ਲੀਏ ਭੀ............ਤਿਆਰ ਕਰੋ ਔਰ ਸੁਨੀਏਂ ਗੁਰੂ ਅਮਰਦਾਸ ਗੁਰੂ ਰਾਮ ਦਾਸ, ਗੁਰੂ ਹਰਗੋਬਿੰਦ, ਗੁਰੂ ਹਰਿਰਾਇ ਗੁਰੂ

Sri Satguru Jagjit Singh Ji Elibrary NamdhariElibrary@gmail.com

ਹਰਕ੍ਰਿਸ਼ਨ ਗੋਬਿੰਦ ਦਾਸ ਔਰ ਗੁਰੂ ਗੋਬਿੰਦ ਸਿੰਘ ਯਿਹ ਸਭ ਹਿੰਦੂਓਂ ਕੇ ਨਾਮ ਹੈਂ ਜਿਨਸੇ ਆਪਕੋ ਵਿਰੋਧਹੈ ਕਿਆ ਇਨ ਪਰ ਭੀ ਕੁਤਰਕ ਕਰੋਗੇ? ਓਂਕਾਰ ਸ੍ਰੀਨਮਃਵਾਹਿਗੁਰੂ ਜੋ ਵਾਸਦੇਵ ਹਰੇ ਗੋਬਿੰਦ ਰਾਮਕੇ ਆਦ ਅਖ੍ਰ ਲੇਕਰ ਬਨਾਇਆ ਗਿਆ ਹੈ ਯਥਾ, ਸਤਜੁਗ ਸਤਗੁਰ ਵਾਸਦੇਵ। ਭਾਈ ਗੁਰਦਾਸ ਜੀ ਕੇ ਵਾਕ ਅਨੁਸਾਰ ਆਪ ਕੋ ਚਾਰੋਂ ਦੇਵਤਾ ਗੁਰੂ ਮਾਨਨੇ ਪਏ ਇਨਕਾ ਕਿਆ ਉਪਾਉ ਕਰੋਗੇ ਔਰ ਆਪ ਜੈਸਾ ਖਾਲਸਾ ਜਵਾਨ ਹੋ ਕਰ ਇਨਕੇ ਵਾਸਤੇ ਕਿਆ ਕਰੇਗਾ। ਲੌ ਮੋਹਨ ਸਿੰਘ ਜੀ ਇਕ ਹੋਰ ਬਿੱਜ ਪੈਂਦੀਹੈ ਆਪਕੇ ਨਾਮਸੇ ਪ੍ਰਤੀਤ ਹੋਤਾ ਹੈ ਆਪ ਮੋਹਨ ਅਰਥਾਤ ਕ੍ਰਿਸ਼ਨ ਜੀ ਕੇ ਸਿਖ ਹੈਂ ਇਸੀ ਪ੍ਰਕਾਰ ਦੁਰਗਾ ਸਿੰਘ ਜੁਵਾਲਾ ਸਿੰਘ ਦੇਵੀ ਕੇ ਸਿਖ ਯਾ ਬਾਹਿਨ ਹੁਯੇ ਔਰ ਸੁਨੋ ਨਰਾਇਣ ਸਿੰਘ, ਕਾਹਨ ਸਿੰਘ, ਬਿਸ਼ਨ ਸਿੰਘ ਕਿਸ਼ਨ ਸਿੰਘ, ਗੋਪਾਲ ਸਿੰਘ ,ਚੰਦਾ ਸਿੰਘ, ਬੁਧ ਸਿੰਘ, ਭਾਨਸਿੰਘ ਇਤ੍ਯਾ-ਦੀ ਅਨੇਕ ਹਿੰਦੂਓਂ ਕੇ ਦੇਵਤਾਓਂ ਕੇ ਨਾਮ ਹੋਨੇ ਸੇ ਉਨਕੇ ਹੀ ਸਿੱਖ ਹੋਨਾ ਯਿਹ ਅਰਥ ਨਿਕਲਤਾ ਹੈ ਇਸ ਕਾਰਣ ਇਨਕੋ ਤਨਖ਼ਾਹੀਏ ਬਨਾਕਰ ਨਾਮ ਬਦਲੋ। ਔਰ ਨਾ ਹਮ ਹਿੰਦੂ ਨਾ ਮੁਸਲਮਾਨ।ਅਲਹ ਰਾਮ ਕੇ ਪਿੰਡ ਪਰਾਨ। ਕੇ ਮੁਤਾਬਕ ਨਏ ਨਾਮ ਰਖੋ ਸੋਕਿਆ ਰਖੋਗੇ ਸਿੰਘ ਸ਼ਬਦ ਤੋ ਹਿੰਦੂ ਹੈ ਅਬ ਕਿਆ ਅੱਲਾਰਾਮ, ਭਾਈ ਖੁਦਾ ਹਰੀ ਇਤਯਾਦੀ ਨਾਮਰਖੋਗੇ?ਪ੍ਰੰਤੂ ਯਿਹਭੀ ਕੈਸੇ ਰਖੋਗੇ ਆਪ ਤੋ ਦੋਨੋਂਸੇ ਨਿਰਾਲੇਹੋ। ਸ਼ਾਇਦ ( ਯਿਹ ਦੋਊ ਮੋਹ ਬਾਦ ਮੇਂ ਪਚੇ, ਤਿਨ ਤੇ ਨਾਥ ਨਿਰਾਲੇ ਬਚੇ )। ਇਸ ਅਨੁਸਾਰ ਨਾਥ ਨਾਮ ਰਖਨਾ ਪੜੇ ਸੋ ਨਾਥ ਭੀ ਪਹਿਲੇ ਹਿੰਦੂਓਂ ਮੇਂ ਮੌਜੂਦ ਹੈਂ ॥ ਵੈਦ ਜੀ ਦੁਰਗਾ ਪ੍ਰੇਸ ਨਾਮ ਪਰ ਹੀ ਕਿਉਂ ਚਿੜਤੇ ਹੋ ਔਰ ਸੁਣੋ ਰਿਆਸਤ ਨਾਭਾ ਮੇਂ ਰਿਆਸਤ ਕੀ ਤਰਫ ਸੇ ਚੌਂਕ ਬਾਜ਼ਾਰ ਮੇਂ ਇਕ ਮੰਦਰ ਦੁਰਗਾ ਕਾ ਪ੍ਰਾਚੀਨ ਬਨਾ ਹੂਆ ਹੈ ਔਰ ਇਕ ਸ੍ਰੀ ੧੦੮ ਮਹਾਰਾਜਾ ਸਾਹਿਬ ਨੇ ਅਬ ਛਾਵਨੀ ਮੇਂ ਬਨਵਾਯਾ ਹੈ ਉਸਕੇ ਪਾਸ ਹੀ ਇਕ ਸ਼ਿਵਾਲਾ ਨਵੀਨ ਬਨਵਾਇਆ ਹੈ ਜਿਨਕੀ ਪ੍ਰਤਿਸ਼ਟਾ ਵਿਧੀ ਪੂਰਬਕ ਕਰਾਈ ਹੈ ਇਨ ਦੋਨੋਂ ਮੰਦਰੋਂ ਪਰ ਪਚਾਸ ਸਾਠ ਹਜ਼ਾਰ ਰੁ-ਪਯਾ ਲਗਾ ਹੈ ਭੋਗ ਪੂਜਾਵਾਸਤੇ ਪੁਜਾਰੀ ਇਲਹਿਦਾ ਹੈ ਭੋਗ ਪੂਜਾ ਰਿਆ-ਸਤ ਕੀ ਤਰਫ ਸੇ ਹੈ ਔਰ ਰਿਆਸਤ ਪਟਿਆਲੇ ਮੇਂ ਜਬ ਸ੍ਰੀ ਮਹਾਰਾਜਾ ਨਰੇਂਦ੍ਰ ਸਿੰਘ ਸਾਹਿਬ ਬਹਾਦਰ ਸੁਰਗ ਬਾਸੀ ਜਵਾਲਾ ਜੀ ਕੇ ਦਰਸਨੋਂ ਕੋ ਗਏ ਥੇ ਵਹਾਂ ਸੇ ਲਾਟ ਲਾਕਰ ਸ਼ੇਰਾਂ ਵਾਲੇ ਦਰਵਾਜ਼ੇ ਰਾਜ ਰਾਜੇਸ਼੍ਰੀ ਭਗਵਤੀ ਕਾ ਮੰਦਰ ਅਰ ਬੜਾ ਭਾਰੀ ਦੇਵੀ ਤਾਲ ਬਨਵਾਇਆ। ਫਿਰ ਜਬ ਕਲਕੱਤੇ ਗਏ ਤੋ ਵਹਾਂਸੇ ਕਾਲੀ ਕੀ ਮੂਰਤੀ ਲਾਕਰ ਉਸੀ ਮੰਦਰ ਕੇ ਪਾਸ ਕਾਲੀ ਕਾ ਭਵਨ ਬਨਵਾਇਆ ਯਦਿ ਵਹਾਂ ਜਾਕਰ ਦਰਸਨ ਕਰੋ ਤੋ ਆਂਖੇਂ ਖੁਲ੍ਹੇਂ ਫਿਰ ਜਬ ਉਕਤ ਮਹਾਰਾਜ ਜੀ ਬਦਰੀ ਨਾਰਾਇਣ ਕੇ ਦਰਸ਼ਨੋਂ ਕੋ ਗਏ ਤੋ ਪਟਯਾਲੇ ਮੇਂ ਆਕਰ ਬਦਰੀ ਨਾਰਾਇਣ ਕਿਦਾਰ ਨਾਥ ਕੇ ਮੰਦਰ

Sri Satguru Jagjit Singh Ji Elibrary NamdhariElibrary@gmail.com

ਬਨਵਾਏ ਅਬ ਬੈਸਾਖ ਸੁਦੀ ਤੀਜ ਕੋ ਬੜਾ ਮੇਲਾ ਹੋਤਾ ਹੈ ਯਦਿ ਪ੍ਰਾਰਬਧ ਅੱਛੀਹੈ ਤੋ ਜਾਕਰ ਦਰਸਨ ਕਰੋ ਇਸੀ ਪ੍ਰਕਾਰ ਰਿਆਸਤ ਸੰਗਰੂਰ ਮੇਂ ਸਭ ਦਰਵਾਜ਼ੋਂ ਪਰ ਦੇਵੀ ਜੀ ਸ਼ਿਵ ਜੀ ਠਾਕੁਰ ਜੀ ਕੇ ਮੰਦਰ ਬਨੇ ਹੁਏ ਹੈ ਰਿਆਸਤ ਸੇ ਬੰਧਾਨਹੈ ਔਰ ਮਹਾਰਾਜਾ ਰੰਜੀਤ ਸਿੰਘ ਸਾਹਿਬ ਨੇ ਅੰਮ੍ਰਿਤਸਰ ਕੀ ਲ ਜਵਾਲਾ ਜੀਕੇ ਮੰਦਰ ਪਰ ਸੋਨਾ ਚੜ੍ਹਾਇਆ ਥਾ ਅਰ ਐਸੇ ੨ ਸੈਂਕੜੋਂ ਦ੍ਰਿਸ਼ਟਾਂਤਹੈਂ ਪ੍ਰੰਤੂ ਸਾਰੇਨਹੀਂ ਲਿਖਤੇ ਕਿ ਆਪਕੋ ਸੁਨ ਕਰ ਸ਼ੋਕ ਕੇ ਮਾਰੇ ਗਸ਼ ਨਾ ਹੋਜਾਏ ਬਲਕੇ ਪ੍ਰਾਣ ਬਿਯੋਗ ਕਾ ਭੀ ਭੈ ਹੈ ਸਿਰਫ ਇਤਨਾ ਹੀ ਕਹਿ ਦੇਨਾ ਯੋਗ ਹੈ ਕਿ ਰਜਾਸਤੋਂ ਮੇਂ ਤਅਸਬ ਨਹੀਂ ਹੋਤਾ ॥

ਵੈਦ ਜੀ ਅਪਨੇ ਮੰਜੇ ਹੇਠ ਸੋਟਾ ਫੇਰ ਲੀਆ ਹੋਤਾ ਜੋ ਅਪਨੇ ਨਾਮ "ਮੋਹਨਸਿੰਘ" ਜਿਸਕੇ ਅਰਥਾਂਸਮੇਂ "ਘਨਈਆ ਸਿੰਘ" "ਠਾਕੁਰ ਸਿੰਘ" ਇਤਜਾਦਿ ਨਾਮੋਂ ਕੀ ਰਾਖ ਕਰੋ ਤੋ ਦੁਰਗਾਪ੍ਰੇਸਕੀਬਾਬਤ ਉਟੰਕਣਾ ਕਰਨੀ।

**ਵੈਦ** ਸਫਾ ੭੦ ਸਤਰ ੨੦ ਸੇ ੨੩। ਕਾਸ਼ ਸ੍ਰੀਮਾਨ ਮਹਾਰਾਜਾ ਸਾਹਿਬ ਨਾਭਾ ਪਾਸ ਐਸੇ ਖੋਟੇ ਮਸ਼ੀਰ ਨਾ ਹੋਣ ਜੋ ਉਨਾਂ ਦਾ ਲੂਣਖਾਕੇ ਉਨਾਂ ਦੀ ਬੁਰਿਆਈ ਤਕਦੇ ਹਨ॥

**ਉਤ੍ਰ** ਵੈਦ ਜੀ ਸ਼ੋਕ ਦੀ ਜਗਹ "ਕਾਸ਼" ਲਿਖਨਾ ਤੇ ਇਸ਼ਾਰਿਆਂਨਾਲ ਸ਼ੁਭ ਹਿਤੈਸ਼ੀਆਂਨੂੰ ਗਾਲੀਆਂਕੋਸਨੀਆਂ ਯੇਹਖੋਟੇ ਡਰਪੋਕਅਰ ਕਾਇਰ ਪੁਰਖੋਂ ਕਾ ਕਾਮ ਹੈ॥ਮਿਤ੍ਰ ਜੀ ਖੋਟੇ ਮਸ਼ੀਰਵੋਹਹੈਂ ਜੋ ਉਕਤ ਸ੍ਰੀ੧੦੮ ਮਹਾਰਾਜਾ ਕੇ ਨਾਮ ਸੇ ਅੰਮ੍ਰਿਤਸਰ ਠਾਕੁਰ ਉਠਾਏ ਜਾਨੇ ਕੇ ਲੀਏ ਝੂਠੀ ਤਾਰ ਭੇਜੇਂ ਔਰ ਖੋਟੇ ਮਸ਼ੀਰਾਂਦਾ ਜਿਕਰ ਹਮ ਸਫੇ ੧੮ ਪਰ ਲਿਖ ਚੁਕੇ ਹੈਂ॥

**ਵੈਦ** ਸਫਾ ੭੧ ਸਤਰ ੧੪ ਸੇ ੧੫ ਤਕ। (੧੫) ਅਸਾਂ ਨਿਰਪੱਖਬਾਤਾਂ ਲਿਖ ਦਿਤੀਆਂ ਹਨ ਪਰ ਤੁਸੀ ਗਲਤੀ ਮੰਨਣ ਵਾਲੇ ਪਰਤੀਤ ਨਹੀਂ ਹੁੰਦੇ॥ ( ਅੰਗ ੧੫ ਕਾ ਉਤ੍ਰ)

**ਉਤ੍ਰ** ਵੈਦ ਜੀ ਆਪੇ ਮੈਂ ਬੱਚੇ ਜੀਉਨੀ ਆਪੇ ਮੈਂ ਬੱਢ ਸੁਹਾਗਣ (ਅਪਣੇ ਮੂੰਹ ਮੀਆਂ ਮਿੱਠੂ) ਵਾਲੀ ਕਹਾਵਤ ਉਕਤ ਲੇਖ ਮੇਂ ਕਰ ਦਿਖਾਈ ਜੋ ਬੁਧੀਵਾਨ ਨਿਆਇਕਾਰੀਓਂਕੇਸਨਮੁਖ ਝੂਠੀਪ੍ਰਤੀਤਹੋਤੀ ਹੈ

**ਵੈਦ** ਸਫਾ ੭੨ ਸਤਰ ੨੩ ਸੇ ੨੫ ਤਕ॥ ਪਿਛਲੇ ਸਾਲ ਜੋ ਭੁਲਾਂ ਤੁਹਾਨੂੰ ਦਸੀਆਂ ਗਈਆਂ ਤੁਸਾਂ ਨਹੀਂ ਮੰਨੀਆਂ ਤੇ ਓਹੋ ਰੰਡੀ ਰੋਣਾ ਮੁੜ ਮੁੜ ਜਾਰੀ ਹੈ ਇਨਾਮ ਦੇ ਇਕਰਾਰ ਭੀ ਝੂਠੇ ਹਨ॥

**ਉਤ੍ਰ** ਵੈਦਜੀ ਪਿਛਲੇ ਸਾਲ ਦੀਆਂ ਭੁਲਾਂ ਭੁਲਾਂ ਹੀ ਥੀਆਂ ਇਸੀ ਕਾਰਣ ਤੁਸਾਡੇ ਵਾਸਤੇ ਰੰਡੀ ਰੋਣਾ ਜਾਰੀ ਹੈ। ਜੇ ਤੁਹਾਡੀਆਂ ਭੁਲਾਂ ਸੱਚੀਆਂ ਹੋਂਦੀਆਂ ਤਾਂ ਇਨਾਮਦੇ ਇਕਰਾਰ ਭੀ ਸਚੇ ਹੋਜਾਂਦੇ। ਪਛਤਾਓ ਨਾ ਸੱਚ ਨੂੰ ਗ੍ਰੈਹਣ ਕਰੋ॥

Sri Satguru Jagjit Singh Ji Elibrary NamdhariElibrary@gmail.com

**ਵੈਦ** ਸਫਾ ੭੨ ਸਤਰ ੧੦ ਸੇ ੧੨ ਤਕ ॥ ਇਹ ਹੈ " ਅਨੰਦ ਬਿਵਾਹ ਪਰ ਵਿਚਾਰ " ਨਾਮਕ ਰਸਾਲੇਦੇ ਲੇਖਕ ਮਹਾਤਮਾਂ ਜੀ ਦੀਆਂ ਉਕਤੀਆਂ ਯੁਗਤੀਆਂ ਦੇ ਖੰਡਨ ਅਰ ਉੱਤਰ ॥

**ਉਤ੍ਰ** ਵੈਦ ਜੀ " ਅਨੰਦ ਬਿਵਾਹ ਪਰ ਵਿਚਾਰ " ਰਸਾਲੇਦਾ ਖੰਡਨ ਅਰ ਉੱਤਰ ਕਹਿਨਾ ਅਨੁਚਿਤ ਹੈ ਸੱਚ ਤੋ ਯਿਹ ਹੈ ਵਿਤੰਡਾ ਵਾਦ ਔਰ ਜਲਪਾਵਾਦ ਜਰੂਰ ਹੈ ॥ ਨਹੀਂ ਤੋ ਦਸ ਗੁਰੂਓਂ ਸੇ ਲੇਕਰ ਸੋਢੀ ਬੇਦੀ ਤੇਹਨ ਭਲੇ ਪ੍ਰਾਚੀਨ ਸਿਖੋਂ ਮੇਂ ਸੇ ਏਕ ਕੇ ਅਨੰਦ ਹੋਨੇ ਕੀ ਤੋ ਪੰਕਤੀ ਆਂ ਲਿਖਤੇ ?

**ਵੈਦ** ਸਫਾ ੭੨ ਸਤਰ ੧੬ ਸੇ ੧੭ । ਚਾਰ ਭਾਗ ਗ੍ਰੰਥ ਆਦਿਕ ਵਿਚੋਂ ਮਹਾਤਮਾਂਜੀਦੀ ਪ੍ਰਪੰਚ ਰਚਨਾ ਭਾਵੇਂ ਬੇਦਲੀਲ ਅਪ੍ਰਮਾਣੀਕ ਅਤੇ ਨਿਕੰਮੀ ਹੀ ਸੀ ॥

**ਉਤ੍ਰ** ਵੈਦਜੀ ਜਬ ਆਪ ਚਾਰਭਾਗ ਗ੍ਰੰਥਕੋ ਬੇ ਦਲੀਲ ਅਪ੍ਰਮਾਣੀਕ ਨਿਕੰਮਾ ਮਾਨਤੇ ਹੋ ਤੋ ਆਪਕਾ ਇਸ ਟ੍ਰੈਕਟ "ਗੁਰਮਤ ਵਿਰੋਧ ਵਿਲਾਸ਼ " ਮੇਂ ਜਗਹ ੨ ਚਾਰ ਭਾਗ ਕੋ ਪ੍ਰਮਾਣ ਦੇਣੇ ਬੇ ਦਲੀਲ ਅਪ੍ਰਮਾ- ਣੀਕ ਅਰ ਨਿਕੰਮੇ ਵਿਦਵਾਨੋਂਕੇ ਸਨਮੁਖ ਹੈਂ । ਆਨੰਦ ਬਿਵਾਹ ਰਸਾਲੇ ਮੇਂ ਮੰਗੇ ਪ੍ਰਮਾਣ ਪ੍ਰਾਚੀਨ ਗ੍ਰੰਥੋਂਕੇ। ਲੇ ਬੈਠੇ ਚਾਰ ਭਾਗ ਕੋ ॥

**ਵੈਦ** ਸਫਾ ੭੩ ਸਤਰ ੧ ਸੇ ੬ ਤਕ ॥ ਹੁਣ ਅਸੀਂ ਪਰਦਾਪੋਸ਼(ਕਿਉਂ ਕਿ ਕਰਤਾ ਦਾ ਨਾਮ ਮਹਾਤਮਾ ਦੇ ਇਸ਼ਤਿਹਾਰਦੀ ਤਰਾਂ ਰਸਾਲੇ ਪਰ ਭੀ ਨਹੀਂ ਛਪਿਆ ਹੋਇਆ ) ਲੇਖਕ ਨੂੰ ਵੰਗਾਰਦੇ ਹਾਂ ਕਿ ਸਿੰਘਾਂ ਦਾ ਧਰਮ ਵਿਸ਼ੇਸ਼ ਕਰ ਕਿਸੇ ਵਿਚਾਰ ਵਾਸਤੇ ਕਿਸੇਦਾ ਭੀ ਧਰਮ ਨਾਮ ਲੁਕ ੨ ਕੇ ਘੁੰਡ ਵਿਚ ਮਿਆਉਂ ੨ ਕਰਨਾ ਨਹੀਂ ਹੈ ॥

**ਉਤ੍ਰ** ਵੈਦ ਜੀ ਨਾਮ ਲੁਕਾ ੨ ਪੁਸਤਕਾਂ ਲਿਖਨੀਆਂ ਇਹ ਚਾਲ ਨਵੀਨ ਸਿੰਘਾਂ ਤੋਂ ਪ੍ਰਥਮ ਚਲੀ ਹੈ ਦੇਖੋ ਰਸਾਲਾ" ਹਮ ਹਿੰਦੂ ਨਹੀਂ " ਪੈਹਲਾ ਔਰ ਦੂਸਰਾ " ਸਿੱਖ ਹਿੰਦੂ ਨਬੇੜਾ " " ਗੁਰਮਤ ਮੰਡਨ " ਆਦਿ ਅਨੇਕ ਪੁਸਤਕ ਮੌਜੂਦ ਹੈਂ ਜੋ ਕਰਤਾ ਕੇ ਨਾਮ ਸੇ ਗੁੰਮ ਘੁੰਡ ਵਿਚ ਚਿਰ ਕਾਲ ਸੇ ਮਿਆਉਂ ਮਿਆਉਂ ਕਰ ਰਹੇ ਹੈਂ। ਕਿਉਂ ਵੈਦ ਜੀ ਉਕਤ ਪੁਸਤਕ ਰਚਤਾ ਸਿੰਘ ਨਹੀਂ ਜੋ ਲੁਕ ਰਹੇ ਹੈਂ ?

**ਵੈਦ** ਸਫਾ ੭੩ ਸਤਰ ੮ ਸੇ ੧੨ ॥ ਸਿੰਘਾਂ ਨੇ ਗੁਰਬਾਣੀ ਤੇ ਗੁਰੂ ਜੀ ਦੇ ਉਪਦੇਸ਼ਾਂ ਦੇ ਵਿਰੁਧ ਕੋਈ ਨਵਾਂ ਤਰੀਕਾ ਨਹੀਂ ਚਲਾਯਾ ਨਾਹੀਂ ਸਿੰਘਾਂਨੂੰ ਇਹ ਤਾਕਤਹੈ ਕਿ ਓਹ ਗੁਰਮਤ ਵਿਰੁਧ ਕਰਸਕਨ ਆਦਿ।

**ਉਤ੍ਰ** ਵੈਦ ਜੀ ਆਪ ਜੈਸੇ ਸਿੰਘ ਗੁਰੁਬਾਣੀ ਤੇ ਗੁਰੂ ਜੀਦੇ ਉਪਦੇਸ਼ਾਂ ਵਿਰੁਧ ਕਾਮ ਕਰਤੇ ਹੈਂ ਪ੍ਰਥਮ ਵੈਦਜੀ ਆਪਣੇ ਆਪ ਪਰਹੀ ਸਮਝੋ ॥ " ਭੋਲਾ ਵੈਦ ਨ ਜਾਣਈ ਕਰਕ ਕਰੇਜੇ ਮਾਹਿ। ਰੋਗ ਗਵਾਇਹਿ

ਆਪਣਾ ਤ ਨਾਨਕ ਵੈਦ ਸਦਾਇ "॥ ( ਵਾਰ ਮਲਾਰ ) " ਰਾਮਰਾਇ ਹੋਹੁ ਵੈਦ ਬਨਵਾਰੀ " (ਭੀਖਨ ) ਜੇ ਆਪ ਗੁਰਬਾਣੀ ਔਰ ਗੁਰੂ ਉਪਦੇਸ਼ੋਂ ਕੋ ਮਾਨਨੇ ਵਾਲੇ ਹੋਤੇ ਤੋ ਵੈਦੰਗੀ ਕੀ ਦਵਾਈ ਬੇਚਨੇ ਕੇ ਝੂਠੇ ਇਸ਼ਤਿਹਾਰ ਗੁਰਮਤ ਗੌਰਵਤਾ ਮੇਂ ਨਾ ਦੇਤੇ ॥

**ਵੈਦ** ਸਫਾ ੭੪ ਸਤਰ ੪ ਸੇ ੫ ॥ ਦੁਰਗਾ ਪ੍ਰੈਸ ਦੇ ਮੈਨੇਜਰ ਜੀ ਨੂੰ ਭੀ ਨਾਭੇ ਦੀ ਪ੍ਰਜਾ ਹੋਕੇ ਅਜੇਹੇ ਲੇਖ ਛਾਪਣੇ ਅਯੋਗ ਹਨ ॥

**ਉਤ੍ਰ** ਵੈਦ ਜੀ ਦੁਰਗਾ ਪ੍ਰੈਸ ਇਕ ਤਜ਼ਾਰਤੀ ਕਾਰਖਾਨਾ ਹੈ ਉਸ ਮੇਂ ਜੈਸਾ ਚਾਹੋ ਕਾਮ ਕਰਾਓ ॥ ਔਰ ਰਸਾਲਾ ਅਨੰਦ ਵਿਵਾਹ ਤੋ ਸਿੱਖੀ ਧਰਮ ਕਾ ਪੁਸ਼ਟੀਕਾਰਕ ਹੈ ਜਿਸਮੇਂ ਯਥਾਰਥ ਪ੍ਰਸ਼ਨ ਕੀਏ ਗਏ ਹੈਂ ਜਿਸਕਾ ਉਤਰ ਏਕ ਭੀ ਆਪ ਸੇ ਨਾ ਬਨ ਸਕਾ ਗਾਲੀਓਂ ਸੇ ਪਤ੍ਰੇ ਜਰੂਰ ਕਾਲੇ ਕੀਏ ਹੈਂ ਆਪਕਾ ਗੁਸਾ ਦੁਰਗਾਪ੍ਰੈਸ ਪਰ ਅਯੋਗਹੈ ਨਹੀਂ ਤਾਂ ਵਜ਼ੀਰ ਹਿੰਦ ਪ੍ਰੈਸ ਨੂੰ ਭੀ ਸਿਖਜ਼ਾ ਦੇਤੇ ਜਿਸਨੇਮੇਰੀ ਰਚਤ " ਸ੍ਰੀਗੁਰੂ ਘਰਮੇਂ ਦੁਰਗਾ ਪੂਜਨ " ਨਵੀਨ ਸਿੰਘੋਂ ਕੇ ਵਿਰੁਧ ਛਾਪੀ ਥੀ ਔਰ ਅਭੀ ਟੀਕਾ ਗੁਰੂ ਗ੍ਰੰਥ ਸਾਹਿਬ ਕਾ ਜੋ ਮਹਾਰਾਜਾ ਫਰੀਦਕੋਟ ਨੇ ਇਸ ਪ੍ਰੈਸਮੇਂ ਛਪਾਯਾ ਹੈ ਜੋ ਨਵੀਨ ਸਿਖੋਂ ਕੇ ਲੀਏ ਨਵੀਨ ਮਤ ਮਰਦਨ ਵਜਰ ਹੈ ॥

**ਵੈਦ** ਸਫਾ ੭੪ ਸਤਰ ੧੦ ਸੇ ੧੨ ਤਕ ॥ ਅਖੀਰ ਵਿਚ ਅਸੀਂ ਪੰਥ ਭੂਸ਼ਨ ਸ੍ਰੀ ਮਹਾਰਾਜਾਸਾਹਿਬ(ਨਾਭਾ ਪਤੀ)ਜੀ ਅਗੇ ਬਿਨੈ ਕਰਦੇ ਹਾਂ ਕਿ ਆਪ ਐਸੇ ਲੇਖਾਂਨਾਲ ਆਪਨੇ ਨਾਮਦੀ ਪਰਵਾਨਗੀ ਨਾ ਦਿਆਕਰੋ॥

**ਉਤ੍ਰ** ਵੈਦ ਜੀ ਸ੍ਰੀ ੧੦੮ ਰਾਜੋਂ ਕੇ ਲੀਏ ਗੁਰੂ ਗ੍ਰੰਥ ਸਾਹਿਬ ਜੀ ਕਾ ਹੁਕਮ ਹੈ " ਰਾਜੇ ਧਰਮ ਕਰਹਿ ਪਰਥਾਇ " " ਰਾਜੇ ਚੁਲੀ ਨਿਆਵ ਕੀ " ਇਸ ਹੁਕਮ ਅਨੁਸਾਰ ਰਾਜੇ ਮਹਾਰਾਜੋਂ ਕੋ ਧਰਮ ਕਰਨਾ ਚਾਹੀਏ ॥

ਇਤੀ

## (ਅੰਤਮ ਨਿਵੇਦਨ) ਜਿਸ ਪਰ ਭਾਈ ਮੋਹਨ ਸਿੰਘ ਜੀ ਵੈਦ ਉਤਰ ਕੇ ਲੀਏ ਵਿਚਾਰ ਕਰੇਂ

ਵੈਦ ਜੀ ਉਪਰ ਤੋ ਆਪਕੇਲੇਖ(ਗੁਰਮਤ ਵਿਰੋਧਬਿਨਾਸ)ਕਾ ਅੱਖਰਵ ਔਰ ਪਰਕਰਣੋਂ ਅਨੁਸਾਰ ਖੰਡਨ ਔਰ ਹਿੰਦੂ ਧਰਮ ਪਰ ਬੇਜਾ ਹਮਲਿਓਂਕਾ ਉਤਰ ਹੋ ਚੁਕਾ ਅਬ ਕ੍ਰਿਪਾ ਕਰਕੇ ਮੇਰੇ ਇਨ ਪ੍ਰਸ਼ਨੋਂ ਕੋ ਵਿਚਾਰੇਂ ਜਿਸ ਸੇ ਆਪਕੋ ਸੁਮਤੀ ਪ੍ਰਾਪਤ ਹੋ ।

**ਪ੍ਰਸ਼ਨ ੧** ਦਸੋਂ ਗੁਰੂ ਸਾਹਿਬੋਂ ਕੇ ਬਿਵਾਹ ਹਿੰਦੂ ਵੇਦਕ ਰੀਤੀ ਸੇ ਹੂਏ ਜੋ ਅਸਬਾਲੀ ਪੁਲਾਕ ਨਜਾਯ ਸੇ ਦਿਖਾਤਾ ਹੂੰ ॥

(੧) ਦੇਖੋ ਉਪਕਰਮ ਸ੍ਰੀ ਗੁਰੂਨਾਨਕਦੇਵਜੀ ਕਾ ਬਿਵਾਹ ਹਿੰਦੂ ਰੀਤੀ ਸੇ

Sri Satguru Jagjit Singh Ji Elibrary NamdhariElibrary@gmail.com

ਹੂਆ ਜੋ ਲੇਖ ਬਿਧੀ ਕੇ ਭਯ ਸੇ ਸਿਰਫ ਲਾਵਾਂ ਕਾ ਪ੍ਰਕਰਣ ਵਿਖਾਤਾ ਹੂੰ

ਸ੍ਵੈਯਾ॥ ਬੇਦੀ ਜੇ ਬ੍ਰਿੰਦ ਔ ਬੇਦੀ ਸਿਰੋਮਣੀ ਬੇਦੀ ਰਚੀ ਜਹਿਗੇ ਤਿਹ ਥਾਈ। ਪੁੰਜ ਜਹਾਂ ਦਿਜ ਰਾਜ ਬਿਰਾਜਤ ਹੇਰ ਸਮਾਜ ਉਠ ਹਰਖਾਈ। ਦੇਮੁਖ ਆਸਿਸ ਕੋ ਸੁਖ ਪਾਇ ਗਏ ਸਭੈ ਬੈਸ ਤਹਾਂ ਚਹੁੰਘਾਈ। ਬੇਦ ਕੇ ਮੰਤ੍ਰ ਉਚਾਰ ਤਬੈ ਸੁਭ ਰੀਤਿ ਕਰੀ ਜਿਤ ਬੇਦਨੈ ਗਾਈ॥ ਚਿਤ੍ਰਪਦਾ ਛੰਦ॥ ਪੰਕਜ ਨੈਨ ਬਨੇ ਦਿਸ ਦਾਹਿਨ ਸ੍ਰੀ ਮਹਿਲਾ ਕਿਯ ਬਾਮ ਜਿ ਅੰਗਾ। ਦੀਪਤ ਕੀਨ ਹੁਤਾ-ਸਨ ਕੋ ਦਿਜ ਪੂਜ ਬਿਨਾਯਕ ਚੰਦਨ ਸੰਗਾ। ਧਾਰ ਸ੍ਰੁਅ ਬਿਖੈ ਸਰਪੀ ਮਧ ਪਾਵਕ ਪਾਵਤ ਜੋਤ ਅਭੰਗਾ। ਲੇਯ ਭਵਾਰਿ ਫਿਰੇ ਵਰਚਾਰ ਸੁਹਾਵਤ ਜਿਉਂ ਰਤਿ ਸੰਗ ਅਨੰਗਾ॥ ਛਪੈ॥ ਇਤਿ ਪ੍ਰੋਧਾ ਹਰਿਦਿਆਲ ਬਹੁਰ ਮੂਲੇ ਕੋ ਪ੍ਰੋਧਾ। ਪਢਹੈ ਸਾਖੋਚਾਰ ਗੋਤ੍ਰ ਆਦਿਕ ਕਰਸੋਧਾ। ਉਤਕਹਿ ਚੋਣਾ ਗੋਤ ਰੀਤੀ ਜਿਉ ਨੀਕ ਸੁਹਾਈ। ਸੁਨਕਰ ਨਰ ਤਿਹ ਰਹੇ ਹਿਰਦੇ ਹਰਖਾਈ। ਸਭ ਲੌਕਕ ਵੈਦਕ ਵਿਧਿ ਕਰੀ ਜਿਉਂ ਜਿਉਂ ਦਿਜਨ ਰਜਾਇ। ਇਮ ਪਾਨ ਗ੍ਰਹਨ ਕੀਯ ਦਾਨ ਦਿਯ ਸੁਸਤਿ ਬੋਲ ਵਰ ਬਿਪ੍ਰ ਲੀਅ॥ (ਨਾਨਕ ਪ੍ਰਕਾਸ ਅਧ੍ਯਾਇ ੨੨ ਅੰਕ ੨੪ ਸੇ ੨੬ ਤਕ) (੨) ਉਪਮਧਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਪਨੇ ਪੁਤ੍ਰ ਗੁਰੂ ਹਰਿਗੋਬਿੰਦ ਜੀ ਕਾ ਬਿਵਾਹ ਹਿੰਦੂ ਵੇਦਕ ਰੀਤੀ ਸੇ ਕੀਆ ਜੋ ਲੇਖ ਬਿਧੀ ਕੇ ਭਯ ਸੇ ਸਿਰਫ ਲਾਵਾਂ ਕਾ ਪ੍ਰਕਰਣ ਦਿਖਲਾਤਾ ਹੂੰ॥ ਆਇ ਨਰਾ-ਇਣ ਦਾਸ ਅਗਾਰੇ। ਲੇਤ ਪ੍ਰਵਸਯੋ ਅੰਤਰ ਦੁਆਰੇ। ਜਹ ਬੇਦੀ ਸੁੰਦਰ ਰਚ ਰਾਖੀ। ਬਧੂ ਪ੍ਰਵਿਸ ਦੇਖਨ ਕਾਂਖੀ॥੧॥ ਖਰੇ ਹੇਰ ਸ੍ਰੀ ਗੁਰੂ ਆਗਮਨੂੰ। ਸਭ ਆਘੇ ਦੂਲਹੁ ਦੁਸਰਵ ਨੂੰ। ਸਾਦਰ ਸਗਰ ਕਰੇ ਬਠਾਵਨ। ਚਹੁ ਦਿਸ ਬੇਦੀ ਕੇ ਬਲ ਪਾਵਨ॥ ੨। ਵਿਪ੍ਰ ਉਚਾਰ ਕਰਨ ਤਬ ਲਾਗੇ। ਪੂਜਤ ਨਵਗ੍ਰਹਿ ਗਣਪਤਿ ਆਗੇ। ਬੀਚ ਹੁਤਾਸਨ ਕੀਨ ਪ੍ਰਕਾਸਨ। ਪਾਵਤ ਸਰਪੀ ਕਰਤ ਉਪਾਸਨ॥੩॥ ਤਬ ਦੁਲਹਨ ਢਿਗ ਆਨ ਬਠਾਈ। ਯਥਾ ਯੋਗ ਸਭ ਵਿਧਿ ਕਰਵਾਈ। ਵਰ ਵਰ ਸੰਗ ਕਰ ਫੇਰੇ। ਪਾਣੀ ਗ੍ਰਹਣ ਕੀਨਸ ਤਿਸ ਬੇਰੇ॥ ੪॥ ਯਥਾ ਯੋਗ ਸ੍ਰੀ ਅਰਜਨ ਤਹਾਂ। ਦੀਓ ਦਰਬ ਹਰਖੇ ਜਹ ਕਹਾਂ। ਸਾਖੋਚਾਰ ਉਚਾਰਨ ਕੀਨਸ। ਸੁਨਜੋ ਸਭਨ ਪੁਨ ਧੰਨ ਗਨ ਦੀਨਸ। ੫॥ ਇਵ ਲਾਵਾਂ ਲੇ ਕਰ ਜਸ ਸਾਜਾ। ਬੀਚ ਬੇਦਕਾ ਉਠੇ ਸਮਾਜਾ॥ (ਸੂਰਜ ਪ੍ਰਕਾਸ਼ ਰਾਸ ੪ ਅੰਸੂ ੧੨ ਕਵਤਾ ਅੰਕ ੨੬ ਸੇ ੩੫)

ਨੋਟ-ਇਸੀਪ੍ਰਕਾਰ ਗੁਰੁਹਰਿਗੋਬਿੰਦਜੀ ਕੇ ਦੋਬਿਵਾਹ ਹਿੰਦੂਰੀਤੀਸੇ ਔਰਹੂਏਹੈਂ।

(੩) ਉਪਮਧਜ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਅਪਨੇ ਪੁਤ੍ਰ ਸ੍ਰੀ ਗੁਰੂ ਤੇਗ ਬਹਾਦਰਜੀ ਕਾ ਬਿਵਾਹ ਹਿੰਦੂ ਰੀਤੀ ਸੇ ਕੀਆ ਜੋ ਲੇਖ ਬਿਧੀ ਕ ਭੈ ਸੇ ਸਿਰਫ ਲਾਵਾਂ ਕਾ ਪ੍ਰਕਰਣ ਦਿਖਲਾਤਾ ਹੂੰ॥ ਨਿਸ ਡੂਢ ਜਾਮ ਜਬ ਬੀਤੀ। ਹਿਤ ਲਾਵਾਂ ਦੇਸਨ ਪ੍ਰੀਤੀ। ਨਰ ਪਠ ਕਰ ਗੁਰੂ ਬੁਲਾਏ। ਲਖ ਸਮਾ ਤੁਰਤ ਚਲ ਆਏ। ਸ੍ਰੀ ਤੇਗ ਬਹਾਦਰ ਬੈਸੇ। ਜਿਹ ਬੇਦੀ ਸੁੰਦਰ ਹੈਸੇ। ਗਣਪਤ ਸੁਰ ਪੂਜਨ ਕੀਨੇ।

Sri Satguru Jagjit Singh Ji Elibrary NamdhariElibrary@gmail.com

ਤਿਹ ਯਥਾ ਯੋਗ ਧਨ ਦੀਨਾ।ਸ੍ਰੀ ਗੁਜਰੀ ਕੋ ਲੇ ਆਏ। ਇਸ ਧਾਮ ਵਿਖੇ ਘੈ ਠਾਏ। ਕੁਲ ਪੂਜਾ ਅਗਨ ਪ੍ਰਕਾਸੀ।ਵਿਚ ਹਵੀ ਪਾਇ ਬਹੁ ਭਾਸੀ।ਦਿਜ ਬਰਤੇ ਵਿਤਕਰ ਫੇਰੇ।ਮਤ ਲਾਗ ਦੀਓ ਤਿਸ ਬੇਰੇ। ਕਰ ਰੀਤ ਜਥੋਚਿਤ ਸਾਰੀ। ਚਲ ਆਏ ਡੇਰ ਮਝਾਰੀ।(ਗੁਰਪ੍ਰਤਾਪ ਸੂਰਜਰਾਸ ੮ਅੰਸੂ ੬ਕਵਤਾ ਅੰਕ੮ਸੇ ੧੩)

ਨੋਟ-ਇਸੀਪ੍ਰਕਾਰ ਗੁਰੂ ਹਰਿਗੋਬਿੰਦ ਜੀ ਕੇ ਪੁਤ੍ਰ ਗੁਰਦਿਤਾ ਅਣੀਰਾਏ ਸੂਰਜ ਮਲ ਆਦੀਓਂ ਕਾ ਬਿਵਾਹ ਹਿੰਦੂ ਵੇਦਕ ਰੀਤੀ ਸੇ ਹੂਆ॥

(੪) ਸ੍ਰੀਗੁਰੂ ਗੋਬਿੰਦਸਿੰਘ(ਦਸਮੇਂ ਪਾਤਸ਼ਾਹ ਕਾ ਬਿਵਾਹ ਹਿੰਦੂ ਰੀਤੀ ਸੇ ਹੂਆ ਜੋ ਲੇਖ ਬ੍ਰਿਧੀ ਕੇ ਭੈ ਸੇ ਸਿਰਫ ਲਾਵਾਂ ਕਾ ਪ੍ਰਕਰਣ ਦਿਖਲਾਤਾ ਹੂੰ॥ ਲਾਵਾਂ ਲਗਨ ਵਿਲੋਕ ਵਿਪ੍ਰ ਵਰ ਹਰਜਸ ਪ੍ਰਤਿ ਬੁਲਵਾਯੋ।ਫੇਰੇ ਦੇਨ ਕਰੀ ਤਿਆਰੀ ਗੁਰੁ ਦੂਲਹੁ ਕੋ ਬੁਲਵਾਯੋ। ਬੇਦੀ ਬਦਬਿਧੀ ਯੁਤ ਵਰ ਬਡ ਵਿਸ ਕਰਮਾ ਸੁ ਠਾਠਭਯੋ।ਨਵਗ੍ਰਹਿ ਸਫਲ ਹੋਨ ਹਿਤ ਦ੍ਵਿਜਬਨ ਹਰਜਸਕੇ ਗ੍ਰਿਹ ਆਇ ਗਯੋ। ਅੰਮ੍ਰਿਤ ਵੇਲਾ ਮੰਗਲ ਛੇਲਾ ਮੇਲਾ ਗਨਕਰ ਲਗਨਵਰੇ।ਸੀ ਗੁਰ ਨੇਮ ਬ੍ਰਿਧ ਕੁਲਚਾਰੋ ਆਇਸ ਦੂਲਹੁ ਮੋਦਭਰੇ। ਬਿਰੇਜਾਇ ਮੰਡਪ ਮੈਂ ਆਸਨ ਪਰੈ ਭਰੈ ਜਥਾ ਜੋਗਧਰੇ।ਚੌਕੀ ਚਾਰ ਚੰਦਨਪੈ ਵਰ ਬਿਰ ਦੈ ਦਰਸਨ ਸਭ ਮੋਦ ਕਰੇ। ਕੁਲ ਅਨੁਸਾਰ ਅਚਾਰ ਵੇਦ ਵਿਧ ਕਰ ਪੁਨ ਅਗਨਜਗਾਈ। ਹਵਨ ਸਮੰਤ੍ਰ ਸਮਿਗ੍ਰੀ ਕਰਹੀ ਸੁਰ ਪ੍ਰਤਖ ਹ੍ਵੈ ਪਾਈ। ਪੁਨ ਹਰਿਜਸ ਸੁਨ ਆਗਿਆ ਦ੍ਵਿਜ ਕੀ ਨਿਜ ਤੀਆ ਯੁਤ ਤਹ ਆਯੋ। ਸਮਾਂ ਜਾਨ ਕੰਨਿਆ ਬੁਲਵਾਈ ਦੂਲਹ ਨਿਕਟ ਬੈਠਾਯੋ। ਵਿਧਿ ਵਤ ਵੇਦ ਮੰਤ੍ਰ ਪ੍ਰਸਿੱਧ ਸਿੱਧ ਪਾਧਾਬਨ ਵਿਧ ਟੇਰੇ।ਸਾਖਾਚਾਰ ਉਚਾਰ ਸੁਨਾਵਤ ਧਾਰ ਦੋਹਦਿਜ ਕੇਰੇ।ਸਮੇਂ ਸਮੇਂ ਪਰ ਕੋਕਲ ਬੈਨੀ ਗਾਵਤ ਗੀਤਬਧੇਰੇ ਵੇਦ ਵਿਧਾਨ ਠਾਠਕਰ ਹਰਜਸ ਕੰਨਿਆ ਦਾਨ ਮਹਾਨ ਕਰਯੋ॥ (ਪੰਥ ਪ੍ਰਕਾਸ ਜੋ ਮਤਬਾ ਆਫਤਾਬ ਪੰਜਾਬ ਲਾਹੌਰ ਸੰਃ ੧੯੪੬ ਬਿਕ੍ਰਮ ਛਪੇ ਕੇ ਪੂਰਬਾਰਧ ਸਫੇ ੫੦੭ ਸੇ ੫੦੯ ਕਥਾ ਗੁਰੂ ਤੇਗ ਬਹਾਦਰ)॥

ਨੋਟ-ਇਸੀਪ੍ਰਕਾਰ ਗੁਰੂ ੧੦ਜੀ ਨੇ ਅਪਨਾ ਦੂਸਰਾ ਬਿਵਾਹਹਿੰਦੂਰੀਤੀ ਸੇ ਕਰਾਯਾ ਜੋ ਉਪਰ ਪ੍ਰਕਰਣਾਂਤਰ ਮੇਂ ਲਿਖ ਚੁਕਾ ਹੂੰ॥

(੫) ਸ੍ਰੀ.ਗੁਰੂ ਹਰਿਗੋਬਿੰਦਜੀ ਨੇ ਅਪਨੀ ਪੁਤ੍ਰੀ ਬੀਬੀ ਵੀਰੋਜੀਕਾ ਬਿਵਾਹ ਹਿੰਦੂ ਰੀਤੀ ਸੇ ਅੰਮ੍ਰਿਤਸਰ ਸੇ ਜੁਧ ਮੇਂ ਉਠ ਕਰ ਝਬਾਲ ਮੇਂ ਕੀਆ।ਉਸ ਜਗਹ ਅਬਤਕ ਮਾਣਕ ਚੌਕ ਕਾ ਗੁਰਦੁਆਰਾ ਮੌਜੂਦ ਹੈ ਜਿਸਕੀ ਪੂਜਨ ਔਰ ਚੜ੍ਹਾਵੇਸੇ ਮਾਨਤਾ ਅਬਤਕ ਹਰੇਕ ਸਿਖ ਲੋਕ ਕਰਤੇਹੈਂ ਜੋ ਲੇਖ ਬ੍ਰਿਧੀ ਕੇ ਭੈ ਸੇ ਸਿਰਫ ਲਾਵਾਂ ਕਾ ਪ੍ਰਕਰਣ ਦਿਖਲਾਤਾ ਹੂੰ॥

ਦੋਹ॥ ਪਾਂਚ ਘੜੀ ਜਬ ਨਿਸਗਈ ਪ੍ਰੋਹਤ ਕਹਿ ਜੁ ਸੁਨਾਇ।
ਮਹਾਰਾਜ ਵਿਲਮ ਨ ਕਰਹੁ ਲਾਵਾਂ ਦੇਹੁਬੁਲਾਇ॥ ਚੌਃ॥

ਤੁਰਤ ਤਵਨ ਹਕਾਰਨ ਗਯੋ। ਧਰਮੇਸਾਬ ਕਹਿਤ ਇਮਭਯੋ।ਲੈਕਰ ਦੂਲਹਬਾ

ਲਹੁ ਅਗਾਰੇ। ਸਮਾਜਾਨ ਗੁਰ ਤੁਮੈ ਹਕਾਰੇ।ਸੁਨਤ ਸ਼ੀਘ੍ਰਹੀ ਹੋਕਰ ਤਿਆਰੀ। ਅਸਤ ਬਾਜੀ ਤਬ ਛੋਰਤ ਭਏ। ਜਹਸਤਿਗੁਰ ਬੇ ਤਹਿ ਚਲਗਏ। ਕਰ ਕੁਲ ਰੀਤ ਵੇਦਕਾ ਅੰਦਰ। ਬੈਠਾਰਿਓ ਦੂਲਹੁ ਤਬ ਸੁੰਦਰ। ਗਣਪਤ ਨਵਗ੍ਰਹਿ ਕੋ ਪੁਜਵਾਇ। ਅਗਨ ਕਰੀ ਅਭਿਸੇਚਨ ਲਿਆਇ। ਇਮ ਕਹ ਲਗੇ ਕਰਨ ਸੋ ਕਾਜ। ਫੇਰੇ ਫੇਰਨ ਕੇਰ ਸਮਾਜ। ਦ੍ਵਿਜ ਆਗਿਆ ਤ ਕੰਨਿਆ ਆਨੀ। ਬੇਦੀ ਵਿਖੇ ਬੈਠਾਵਨ ਠਾਨੀ। ਵੈਦਕ ਲੌਕਕ ਕੀਨਸ ਰੀਤ। ਲਾਵਾਂ ਦਈ ਮੁਦਤ ਸਭ ਚੀਤ। ਸਗਰੋ ਕਾਜ ਸੰਪੂਰਨ ਭਯੋ। ਉਠ ਦੂਲਹੁ ਨਿਜ ਡੇਰੇ ਗਯੋ॥ (ਸੂਰਜ ਪ੍ਰਕਾਸ ਰਾਸ ੬ ਅੰਸੂ ੧੯ ਕਵਤਾ ਅੰਕ ੧-੪-੧੫ਸੇ੧੭ਤਕ)

ਨੋਟ-ਮਿਤ੍ਰੋ ਇਸ ਪ੍ਰਕਾਰ ਗੁਰੂ ਘਰ ਮੇਂ ਸਰਬ ਕੰਨਜਾਓਂ ਕੇ ਵਿਵਾਹ ਹਿੰਦੂ ਵੇਦਕ ਰੀਤੀ ਸੇ ਸਮਝੋ॥ ਵੈਦ ਜੀ ਇਹ ਤਾਂ ਹੋਈ ਆਪ ਕੀ ਮਾਨੀ ਹੋਈ ਗੁਰੂ ਸਾਹਿਬੋਂ ਕੀ "ਕਰਣੀ" ਕੇ ਅਨੁਸਾਰ ਹਿੰਦੂ ਰੀਤੀ ਸੇ ਬਿਵਾਹ ਅਰਥਾਤ ਗੁਰ ਮਰਯਾਦਾ ਜੋ ਗੁਰੂ ਸਾਹਿਬੋਂ ਕੇ ਬਿਵਾਹ ਪਰ ਹੁਈ ਔਰ ਜੋ ਸਿਖ ਲੋਕ ਉਕਤ ਮਰਯਾਦਾ ਸੇ ਬਿਵਾਹ ਕਰਤ ਹੈਂ ਵਹੀ ਸਚੇ ਸਿਖ ਹੈਂ॥"ਗੁਰ ਸਿਖ ਮੀਤ ਚਲੋ ਗੁਰ ਚਾਲੀ" ਗੁਰੂ ਹੁਕਮ ਅਨੁਸਾਰ ਬਿਵਾਹ ਹਿੰਦੂ ਰੀਤੀ ਸੇ ਹੁਏ ਵੈਸੇ ਹੀ ਸਚੇ ਸਿਖ ਆਜ ਪ੍ਰਯੰਤ ਕਰਤੇ ਹੈਂ।ਜੋ ਇਸ ਰੀਤੀ ਸੇ ਵਿਰੁਧ ਕਰਤੇ ਹੈਂ ਵੁਹ ਮਨਮੁਖ ਮਨਮਰਯਾਦਾ ਕਰਨੇ ਵਾਲੇ ਹੈਂ।ਵੈਦਜੀ ਉਕਤ ਪ੍ਰਕ੍ਰਣ ਬਿਸ਼ੇਖ ਦੇਖਨਾ ਹੋ ਤੋ ਮੇਰੀ ਰਚਤ ਨਵੀਨ ਸਿੰਘ ਸਿਖਜਾ ਔਰ ਬਿਵਾਹ ਸੰਸਕਾਰ ਦੇਖੋ॥

ਵੈਦ ਜੀ ਜਿਸ ਪ੍ਰਕਾਰ ਹਮ ਨੇ ਗ੍ਰੰਥੋਂ ਸੇ ਅਸਲ ਲੇਖ ਲਿਖ ਕਰ ਹਿੰਦੂ ਰੀਤੀ ਵੇਦ ਵਿਧੀ ਅਨੁਸਾਰ ਸਿਧ ਕਰ ਦੀਏ ਹੈਂ ਬਲਕਿ ਯਹਾਂ ਤਕ ਲਾਵਾਂ ਉਚਾਰਣ ਕਰਨ ਵਾਲੇ ਅਰ ਵਿਵਾਹ ਕ੍ਰਿਤ ਕਰਾਨੇ ਵਾਲੇ ਪ੍ਰਮਾਣੋਂ ਕੇ ਨਾਮ ਤਕ ਭੀ ਸਪਸ਼ਟ ਦਰਜ ਕਰ ਦੀਏ ਹੈਂ ਇਸਤਰਹ ਆਪਨੇ ਗੁਰਮਤ ਵਿਰੋਧ ਵਿਨਾਸ਼ ੭੩ ਸਫੇ ਕੀ ਕਿਤਾਬ ਮੇਂ ਆਨੰਦ ਪੜ੍ਹਾਨੇ ਕਾ ਏਕ ਭੀ ਪ੍ਰਮਾਨ ਨ ਦੀਆ ਕਿ ਅਮੁਕ ਗੁਰੂ ਯਾ ਅਮੁਕ ਸਿਖ ਨੇ ਆਨੰਦ ਪੜ੍ਹਾਇਆ ਅਮੁਕ ਰਾਗੀਆਂ ਸਿਖਾਂ ਨੇ ਪਢ ਬ੍ਰਿਥਾ ਪਤ੍ਰੇ ਕਾਲੇ ਕਰਨੇ ਸੇ ਕੁਛ ਲਾਭ ਨਹੀਂ ਹੂਆ॥

**ਪ੍ਰਸ਼ ੨** ਵੈਦ ਜੀ ਗੁਰੂ ਸਾਹਿਬੋਂ ਕੀ ਕਹਿਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਬਚਨੋਂ ਦਵਾਰਾ ਉਕਤ ਹਿੰਦੂ ਰੀਤੀ ਸੇ ਬਿਵਾਹ ਕਰਨੇ ਕਾ ਹੁਕਮ ਸਿਧ ਹੋਤਾ ਹੈ ਜੋ "ਕੁੜਮਾਈ" ਸਾਹਾ ਸੋਧਨਾ, ਕੰਗਨਾ ਬੰਧਨਾ, ਬ੍ਰਾਤ ਚੜ੍ਹਨੀ, ਘੋੜੀ ਪਰ ਚੜ੍ਹਾ, ਫੇਰੇ ਹੋਨੇ, ਪਾਣੀ ਵਾਰ ਕਰ ਪੀਨਾ, ਹਿੰਦੂ ਰੀਤੀ ਮੇ ਗੁਰੂ ਜੀ ਕੀ ਕਹਿਣੀ (ਹੁਕਮ) ਮਿਲਤੇ ਹੈਂ। (ਕੁੜਮਾਈ) ਸਾਧੂ ਸੰਗ ਇਕਤ੍ਰ ਕਰੇ ਬਾਲਕ ਕਰੋ ਮੰਗੇਵਾ ( ਆਦ ਗ੍ਰੰਥਸਾਹਿਬ ਬੀੜ ਭਾਈ ਬੰਨੋ ਰਾਗ ਰਾਮਕਲੀ ਮਃ ੫ ਛੰਤ ਸਬਦ ੫ ਤੁਕ ੪ ) ਸਾਹਾ ਸੋਧਨਾ--ਆਇਆ ਲਗਨ ਗਨਾਇ ਹਿਰਦੈ ਧਨ

ਓਮਾਹੀਆ ਬਲਿਰਾਮ ਜੀਉ। ਪੰਡਿਤ ਪਾਧੇ ਆਣ ਪਤੀ ਬਹਿ ਵਾਚਾਈਆ ਬਲਿਰਾਮ ਜੀਉ। ( ਰਾਗ ਸੂਹੀ ਮਹਲਾ ੪ ਛੰਤ ਸਬਦ ੧ ਤੁਕ ੪.) ( ਕੰਗਨਾ ਬਾਂਧਨਾ ) ਕਰ ਕਰ ਕਰਤਾ ਕੰਗਨਾ ਪਹਿਰੈ ਇਨ ਬਿਧ ਚਿਤ ਧਰਈ ।( ਆਸਾ ਮਹਲਾ ੧ ਸ਼ ੩੫ ਤੁਕ ੨ ) ( ਬਰਾਤ ਚੜ੍ਹਨੀ ) ਅਚਰਜ ਜੰਞ ਬਣਾਈ ਠਾਕੁਰ। ( ਰਾਮ ਕਲੀ ਮਹਲਾ ੫ ਛੰਤ ਸ਼ ੫ ਤੁਕ ਚਾਰ )। ਲਾੜਾ ਇਕ ਬਿਆਹੀਏ ਬਾਹਲੇ ਜਾਂਞੀ ਕਰ ਮਿਹਮਾਣਾ( ਭਾਈ ਗੁਰਦਾਸਜੀ ਵਾਰ ੫ ਪੌੜੀ ੨੧ ) ( ਘੋੜੀ ਚੜ੍ਹਨਾ ) ਘੋੜੀ ਤੇ ਜਣ ਦੇਹ ਰਾਮਿ ਉਪਾਈ। (ਵਡਹੰਸ ਮਹਲਾ ੪ ਘੋੜੀਆਂ ਸਬਦ ੧ ਤੁਕ ੪ ) (ਫੇਰੇ ਹੋਨੇ ) ਗਣੀ ਗਿਆਨੀ ਬਹ ਮਤਾ ਪਕਾਇਆ ਫੇਰੇ ਤਤ ਦਿਵਾਏ॥ ( ਸੂਹੀ ਮਹਲਾ੪ ਛੰਤ ਸ਼ ੧ ਤੁਕ ੪ ) ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ॥ਬਾਣੀ ਬ੍ਰਹਮਾ ਵੇਦ ਧਰਮ ਦ੍ਰਿੜਹੁ ਪਾਪ ਤਜਾਇਆ ਬਲਿਰਾਮਜੀਉ॥ (ਸੂਹੀ ਮਹਲਾ ੪ ਛੰਤ ਸਲੋਕ ੨ ਤੁਕ ੧) (ਪਾਣੀ ਵਾਰਨਾ)ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ। ਹੀਡੋਲੀ ਚੜ ਆਈਆ ਦੰਦਖੰਡ ਕੀਤੇ ਰਾਸ। ਉਪਰਹੁ ਪਾਣੀ ਵਾਰੀਐ ਝਲੇ ਝਿਮਕਨ ਪਾਸ॥ ( ਆਸਾ ਮਹਲਾ ੧ ਅਸਟਪਦੀ ਸਲੋਕ ੧੧ ਤੁਕ ੨)॥

ਨੋਟ–ਮਿਤ੍ਰੋ! ਉਕਤ ਬਿਸ਼ੇ ਕੀ ਪੁਸ਼ਟੀ ਵਿਸ਼ੇਖ ਦੇਖਨੀ ਹੋ ਤੋ ਮੇਰੀ ਬਨਾਈ ਨਵੀਨ ਸਿੰਘ ਸਿਖਿਆ ਔਰ ਨਵੀਨਸਿੰਘ ਮਤਮਰਦਨ ਬੱਜਰ ਦੇਖੋ। ਜਿਨਕੇ ਸਨਮੁਖ ਨਵੀਨ ਸਿੰਘੋਂ ਕੀ ਕਪੋਲ ਕਲਪਤ ਗੁਰਮਰਯਾਦਾ ਕਾ ਅੰਧਕਾਰ ਨਸ਼ਟ ਹੋਤਾ ਹੈ ਔਰ ਸੱਚੀ ਗੁਰਮਰਯਾਦਾ ਪ੍ਰਗਟ ਹੋਤੀ ਹੈ॥

## ਪ੍ਰਸ਼ਨ ੩

ਵੈਦ ਜੀ ਆਪ ਆਪਨੇ ਰਚੇ "ਗੁਰਮਤ ਬਿਰੋਧ ਬਿਨਾਸ" ਕੇ ਸੁਫੇ ੪੬ ਮੇਂ ਅਨੰਦ ਬਿਵਾਹ ਗੁਰੂ ੧੦ ਜੀ ਕਾ ਨਿੱਯਤ ਕੀਆ ਹੂਆ ਬੜੇ ਜੋਰ ਸੇ ਸਿਧ ਕਰਤੇ ਹੋ ਕਿ ਅਨੰਦਵਾਲਾ ਬਿਵਾਹ ਗੁਰ ਮਰਯਾਦਾ ਹੈ ਜਿਸਕੇ ਸਾਥ ਅਨੰਦ ਪਦ ਹੋ। ਮਿਤ੍ਰ ਜੀ ਆਦ ਔਰ ਦਸਮ ਗੁਰੂ ਗ੍ਰੰਥ ਸਾਹਿਬ ਭਾਈ ਗੁਰਦਾਸਜੀ ਕੀ ਬਾਣੀ ਆਦਿਕ ਮੇਂ "ਅਨੰਦ ਪਦ" ਬਿਵਾਹ ਵਾਲਾ ਪਦ ਕਹੀਂ ਨਹੀਂ ਆਤਾ॥ (੧)ਵੀਵਾਹੁ ਹੋਆ ਮੇਰੇ ਬਾਬਲਾ (ਆਦਿ ਗੁਰੂ ਗੰਥ ਸਾਹਿਬ ਸੂਹੀ ਅਸਟਪਦੀ )
(੨)ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸ (ਆਸਾ ਮਹਲਾ ੧ ਅਸਟਪਦੀ ਸਲੋਕ ੧੧ ਤੁਕ ੨ (੩) ਵਡਾ ਹੋਇਆ ਵੀਆਹਿਆ ਘਰ ਲੈ ਆਇਆ ਮਾਸ (ਮਲਾਰ ਕੀ ਵਾਰ ਮਹਲਾ ੧) (੪) ਵੀਆਹੁ ਕੁੜਮ ਦਿਵਾਇਆ (ਬੀੜਬੰਨੇ ਰਾਗ ਰਾਮਕਲੀ ਮ਼ ੫ ਛੰਤ ਸਲੋਕ੫ ਤੁਕ੪) (੫)ਛੋਡ ਬਿਆਹੁਤਾ ਨਾਰ ਕੇਲ ਤੈਸੋਂ ਨ ਕਮਾਊਂ॥ (ਦਸਮ ਗ੍ਰੰਥ ਸਾਹਿਬ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਚਰਿਤ੍ਰ ੨੧ਮੇਂ) (੬) ਲਖ ਖਰਚ ਬਿਆਹੀਐ ਗਾਹਣੇ ਦਾਜ ਸਾਜ ਅਤ ਭਾਰੀ॥ (ਭਾਈ ਗੁਰਦਾਸ ਜੀ ਕੀ ਵਾਰ ੫ ਪੌੜੀ ੧੬)

(੭) ਬਿਆਹ ਸਮੈ ਜੈਸੇ ਦੁਹੂੰ ਓਰ ਗਾਈਅਤ ਗੀਤ ॥ ( ਕਬਿੱਤ ੨੯੨ )
(੮) ਸਵੈਯਾ ॥ ਪਤਿਕੇ ਕਾਰਨ ਵਿਆਹ ਰਚਿਓ ਨਰ ਬਹੁਤ ਸਾਜ ਜਨੇਤ ਮੰਗਾਈ। ਦੇਵਸੁ ਪੂਜਨ ਬੇਦ ਸੁ ਬੰਧਨ ਵਿਦਵਾਨ ਸੁ ਪੰਡਿਤ ਲੀਓ ਬੁਲਾਈ (ਸੌ ਸਾਖੀ ਮੇਂ ਸਾਖੀ ੬੩) (੯)ਵਿਆਹ ਸਮੇਂ ਨੈਦੀਕਰੇ ਦੇਖ ਸੰਕ ਦੇ ਧੋਇ (ਸਾਖੀ ੭੨) (੧੦) ਬਡੇ ਜਤਨ ਤੇ ਬਿਆਹ ਤਿਸ ਬਿਛਰੀ ਲੇਵੇ ਮੇਲ ॥ (ਸਾਖੀ ੯੨) ਮਿਤ੍ਰੋ "ਬਿਵਾਹ" ਪਦ ਗੁਰਬਾਣੀ ਮੇਂ ਅਨੇਕ ਜਗਾਹ ਆਤਾ ਹੈ ਔਰ ਉਨਸੇ ਹਿੰਦੂਰੀਤੀ ਸਿਧ ਹੋਤੀ ਹੈ। ਵੈਦਜੀ ਕਾ ਆਨੰਦ ਬਿਵਾਹ ਸਿਰਫ ਏਕ ਜਗਹ ਆਤਾ ਹੈ ਸੋ ਉਸੀ ਮੇਂ ਸ਼ੰਕਾ ਹੈ ਜੋ ਸਾਖੀ ਕਾ ਕਰਤਾ ਸੁਨੀ ਸੁਨਾਈ ਕੇਹਤਾ ਹੈ ਉਕਤ ਪ੍ਰਮਾਣੋਂ ਕੇ ਸਾਮਨੇ ਯਹ ਪ੍ਰਮਾਣ ਅਪ੍ਰਮਾਣ ਤੁਲਜ ਹੈ ਸੌ ਸਾਖੀ ਮੇਂ ਸਾਖੀ ੮ "ਬਿਨਾਂ ਅਨੰਦ ਬਿਵਾਹ ਜੋ ਭੁਗਤੇ ਪਰ ਕੀ ਜੋਇ। ਸੁਣ ਸਿਖਾ ਗੁਰ ਕਹਿ ਥਕੇ ਮੇਰਾ ਸਿਖ ਨ ਸੋਇ" ੨੫ ॥ ਸੋ ਇਸ ਸ਼ੰਕਾ ਕਾ ਉਤ੍ਰ ਸ੍ਰੀ ਭਾਈ ਮਨੀਸਿੰਘ ਜੀ ਅਪਨੀ ਭਗਤ ਰਤਨਾਵਲੀ ਸਾਖੀ ੧੩੩ ਮੇਂ ਵਾਸੀਆਂ ਵਾਲੇ ਸਿਖਾਂ ਦੇ ਦਸ ਪ੍ਰਸ਼ਨ ਪ੍ਰਸ਼ਨ ੧ ਕੇ ਉਤ੍ਰ ਮੇਂ ਸ੍ਰੀਗੁਰੂ ਗੋਬਿੰਦਸਿੰਘ ਜੀ ਕੇ ਸ੍ਰੀਮੁਖਵਾਕ ਦੁਵਾਰਾ ਸੰਦੇਹ ਦੂਰ ਕਰ ਦੀਆ ਹੈ ॥ ਪ੍ਰਿਥਮੇ ਏਹੁ ਲਿਖਿਓ ਜੋ ਸਮੇਂ ਵਿਵਾਹਦੇ ਅਸੀ ਵੇਦਪਾਠੀ ਬ੍ਰਾਹਮਣਾਂ ਨੂੰ ਬੁਲਾਇਕੇ ਬਿਵਾਹ ਦੀਆਂ ਕਾਂਡੀਆਂ ਪੜ੍ਹਾਇਕੇ ਬਿਵਾਹ ਕਰਦੇ ਸਾਂ। ਤੇ ਹੁਣ ਸਿਖ ਕਹਿੰਦੇ ਹਨ ਤੁਸੀ ਅਨੰਦ ਪੜ੍ਹਾਕੇ ਬਿਵਾਹ ਕਰੋ। ਬ੍ਰਾਹਮਣਾਂ ਨੂੰ ਨਾ ਬੁਲਾਵਹੁ। ਸਚੇਪਾਤਿਸ਼ਾਹਿ ਅਬ ਜਿਵੈ ਹੁਕਮ ਹੋਵੈ ॥ ਦਸਖਤ ਖਾਸ ਹੋਇ ਪਹਿਲੇ ਅਨੰਦ ਪੜ੍ਹਨਾ। ਅਰਦਾਸ ਕਰਨੀ ਪਿਛੇ ਬ੍ਰਹਮਣਾ ਥੀਂ ਹਮੇਸ਼ਾ ਜਿਸਤਰਾਂ ਪੜ੍ਹਾਂਵਦੇ ਆਏ ਹੋ ਤਿਵੇਂ ਪੜ੍ਹਾਵਨਾ ਸੰਸਾ ਨਹੀਂ ਕਰਨਾ॥ ਸਾਖੀ ੧੩੩) ਮਿਤ੍ਰੋ ਅਨੰਦ ਅਰਦਾਸ ਏਕ ਈਸ਼੍ਵਰ (ਵਾਹਿਗੁਰੂ ਜੀ) ਕੀ ਪ੍ਰਾਰਥਨਾ ਉਕਤ ਗੁਰੂ ਹੁਕਮ ਅਨੁਸਾਰ ਸਿਧ ਹੋਤੀ ਹੈ ਔਰ ਬਿਵਾਹ ਸਦੈਵ ਕੀ ਸਦ੍ਰਸ਼ ਵੇਦ ਮੰਤਰੋਂ ਸੇ ਪੜ੍ਹਾਵਨੇ ਕਾ ਹੁਕਮ ਹੈ ਜੋ ਸੌ ਸਾਖੀ ਸਾਖੀ ੮ ਮੇਂ ਅਨੰਦ ਬਿਵਾਹ ਹੈ ਉਸਕੀ ਸ਼ੰਕਾ ਦੂਰ ਹੋ ਜਾਤੀ ਹੈ ਨਹੀਂ ਅਨੰਦ ਵਿਧਵਾ ਰੰਡੀ ਲਾਇ ਔਰ ਬਿਵਾਹ ਕੁਵਾਰੀ ਲੀਏ ਠੀਕ ਹੈ ਕਿਉਂਕਿ ਪਰਕੀ "ਜੋਇ" ਪਦ ਸਾਫ ਪੜ੍ਹਾ ਹੈ। ਮਿਤ੍ਰੋ ਵੈਦ ਜੀ ਕੋ ਸਿਰਫ ਕਾਹਨ ਸਿੰਘ ਕਾ ਆਨੰਦ ਹੂਆ ਕੈਹਨੇ ਕੇ ਲੀਏ ਰੇਤ ਕੀ ਦੀਵਾਰਕੀ ਆੜ ਹੈ ਸੋ ਸੌ ਸਾਖੀ ਮੇਂ ਸਾਖੀ ੧੬ ਕਾਹਨ ਸਿੰਘ ਕੀ ਦੇਖਨੇਸੇ ਵੈਦ ਜੀ ਦਾ ਝੂਠਾ ਪਖ ਰੇਤੇ ਕੀ ਦੀਵਾਰ ਮਲੀਆਮੇਟ ਹੋ ਜਾਤੀ ਹੈ ॥ ਯਥਾ—

ਏਕ ਬੇਰ ਗੁਰੂਜੀ ਪੁਸ਼ਾਕੀ ਪਹਰਕੈ ਸੁਫੈਦ ਹੋਇਕੇ ਬੈਠੇ ਥੇ।ਇਕ ਸਿਖ ਕੰਧ ਲਿੰਬਦਾ ਸੀ। ਮੈਲਾ ਛਿੱਟਾ ਗੁਰੂਕੇ ਬਾਗੇ ਪਰ ਪੜ੍ਹਾ ਬਚਨਹੂਆ ਸੰਗਤਨੇ ਲੋਪਨੀਸਿੰਘ ਨੂੰ ਏਕ ਤਮਾਚਾ ਮਾਰੋ ਤਾਂ ਗੁਰੂ ਜੀ ਦਾ ਇਹ ਬਚਨ ਸੁਣਕਰ ਸਬ ਸੰਗਤ ਦੌੜ ਪੜ੍ਹੀ। ਤਮਾਚੇ ਧਾਇ ਮਾਰੇ। ਸਿਖ ਬੇਹੋਸ਼ ਹੂਆ ਤਾਂ ਗੁਰੂ ਜੀ ਦੇਖਿਆ ਜੋ ਗੁਨਾਹ ਥੋੜਾ ਅਤੇ ਮਾਰ ਬਾਹਲੀ। ਤਾਂ ਵਿਚਾਰ ਕਰ ਬੋਲੇ

Sri Satguru Jagjit Singh Ji Elibrary NamdhariElibrary@gmail.com

ਸਿਖ ਸੰਗਤ ਗੁਰੂ ਕੀ ਆਗਿਆ ਕਾਰੀ। ਭਾਈ ਸਿੱਖੋ ਗੁਰੂ ਜੀ ਕਾ ਇਹ ਤੋ ਸਿਖ ਥਾ। ਤੁਸਾਂ ਸਿਖ ਦੇ ਕੇਸਾਂ ਪਰ ਧਪਾ ਮਾਰਿਆ ਬੁਰਾ ਕੀਤਾ। ਇਹ ਗੁਰੂ ਕਾ ਬਾਣਾ ਹੈ ਜੋ ਕੋਈ ਸਿਖ ਗੁਰੂ ਕਾ ਹੋਇਗਾ। ਸੋ ਗੁਰੂ ਦਾ ਵੈਰੀ ਜਾਨਣਾ ਬਡਾ ਗੁਨਾਹ ਅਨਰਥ ਕੀਤਾ। ਤੇ ਜੇ ਤੁਸੀਂ ਕਹੋ ਗੁਰੂ ਕਾ ਬਚਨ ਮੰਨਿਆਹੈ ਤਾਂ ਗੁਰੂਕਿਆਂ ਇਕ ਤਮਾਚਾ ਕਹਿਆ ਸੀ ਇਕ ਨੇ ਮਾਰਨਾ ਸੀ ਦੇਹ ਪਰ। ਦੂਸਰੇ ਹਟ ਜਾਣਾ ਸੀ ਜੋ ਬਚਨ ਪੂਰਾ ਹੋਗਿਆ ਸੀ। ਇਹ ਭੀ ਸਿਖ ਭਾਈ ਹੈ ਐਸੀ ਹੀ ਨੇਤ ਹੋਗਈ ਹੈ। ਤਾਂਤੇ ਇਸ ਸਿਖ ਨੂੰ ਬੇਟੀ ਦੇਵੋ। ਸੁਣ ਕਰ ਚੁਪ ਹੋਗਈ ਸੰਗਤਿ। ਬਚਨ ਹੂਆ ਗੁਰੂ ਕਾ ਬਚਨ ਸਭ ਮੰਨੀਐ ਤਾਂ ਸਿਖ ਹੋਈਦਾ ਹੈ। ਭਾਈ ਸਿਖੀ ਦੂਰ ਹੈ। ਤੁਸੀਂ ਸਿਖ ਕਾਮ ਦੇ ਹੋ। ਬਾਣਾ ਗੁਰੂ ਕੇ ਸਿਖਾਂਦਾ ਹੈ। ਤਾਂ ਸਿਖ ਕੰਧਾਰੀ ਅਜਬਸਿੰਘ ਨੇ ਬੇਟੀ ਲਿਆਇ ਖੜੀ ਕੀਤੀ ਤਾਂ ਬਚਨ ਕੀਤਾ ਨਿਹਾਲ ਸਿਖਾ ਸਿਖੀ ਗੁਰੂ ਕੇ ਹਜੂਰ ਕਰ ਦਿਤੀ ਆਹੀ। ਤੁਹਾਡੀ ਰਖੀ ਗੁਰੂਕਿਆਂ ਸਿਖੀ॥ ਤਾਂ ਓਹ ਲੇਪਨੀ ਸਿਖ ਬੋਲਿਆ। ਮੇਰੀ ਇਹ ਸਿਖਦੀ ਪੁਤ੍ਰੀ ਭੈਣ ਹੈਗੀ॥ ਓਹ ਕੰਨਿਆਂ ਬੋਲੀ ਗੁਰੂਕਾ ਬਚਨ ਬਾਪ ਨੈ ਦਿੱਤੀ ਮੈਂ ਤਾਂ ਹਜੂਰ ਹੀ ਰਹਾਂਗੀ। ਗੁਰੂ ਜੀ ਬੋਲੇ ਕੰਨਜਾਂ ਤੇ ਕਨੈਤ ਹੂਏ ਥੇ ਰਾਜੇ ਬੱਲਭ ਚੰਦ ਕੇ ਰਾਜ ਮੇਂ। ਰਾਜਾ ਕੇ ਰਾਜ ਮੇਂ ਲੋਕ ਕੰਨਿਆਂ ਦੇਣ ਨਾਹੀਂ ਮੋਲ ਬਿਨਾ। ਧਨ ਥੋੜਾ ਹੋਗਿਆ। ਨੰਦ ਰਾਜ ਮਹਾਰਾਜ ਕਹਾਇਕੇ ਧਨ ਖਿੰਚ ਕਰਿ ਦਬਾਇ ਲਿਤਾ ਸੀ। ਪ੍ਰਜਾ ਸਭ ਘਟ ਗਈ। ਬੱਲਭ ਸੈਨਾ ਨੂੰ ਪ੍ਰਜਾ ਨੂੰ ਕਹਿਆ। ਕੰਨਿਆਹੀ ਲੈ ਕਰਿ ਰਖ ਲੇਵੋ। ਤਾਂ ਸਭ ਕੂਦ ਪੜੇ। ਤਾਂ ਸਗਰੀ ਗਰਭਿਤਿ ਹੁਈ। ਤਾਂ ਸਭ ਪੁਕਾਰੇ। ਉਨ੍ਹਾਂਦੇ ਗਰਭ ਜਨਮੇ ਸੋ ਕਨੈਤ ਹੂਏ। ਫੇਰ ਰਾਜੇ ਦੋ ਛੋਡੀਆਂ ਸੋ ਦੋ ਦੋ ਨੇ ਇਕ ਇਕ ਨੈ ਤ੍ਰੈ ਤ੍ਰੈ ਭਾਈ ਨੈ ਘਰਿ ਮੇਂ ਰੱਖੀਆਂ। ਕਿਆ ਕਹਣੀ ਭਾਈ ਕਾਹਨ ਸਿੰਘ ਤੂੰ ਭੀ ਇਸ ਸਿਖ ਦੀ ਕੰ-ਨਿਆਂ ਲੇਲੇਹੁ। ਬੇਟੇ ਪਾਂਚ ਹੋਏਂਗੇ। ਤਾਂ ਮਲਵਈ ਲੈ ਕੰਨਿਆਂ ਨੂੰ ਅਨੰਦ ਪੜ੍ਹਾਇ ਘਰਿ ਲੇਗਿਆ। ਪੰਜ ਖੇੜੇ ਕੀ ਸੰਗਤਿ ਹੂਈ। ਭਾਈ ਬੁਢਾ ਜੀ ਕਹਿਆ ਇਹ ਸਾਖੀ ਸੁਜਾਨ ਸਿੰਘ ਲਹੌਰੀਨੈ ਸੁਣਾਈ ਥੀ। ਸਾਖੀ ਪੂਰੀ ਹੋਈ ਸੋਲਹਵੀਂ॥

ਮਿੱਤ੍ਰੋ ਗੁਰੂ ਜੀਨੇ ਸਾਫ ਕਹਿ ਦੀਆ ਜੈਸੇ ਕੰਨਿਆਂ ਰਾਜਪੂਤੋਂ ਨੇ ਗ੍ਰਹਣ ਕਰਲੀਂ ਉਨਸੇ ਕਨੈਤ ਪੈਦਾ ਹੂਏ ਜੋ ਰਾਜਪੂਤੋਂ ਮੇਂ ਏਕ ਲਾਛਣ ਵਾਲੀ ਔਰ ਨੀਚੀ ਜਾਤ ਹੈ ਵੈਸੇ ਹੀ ਭਾਈ ਕਾਹਨ ਸਿੰਘਨੇ ਅਜਬ ਸਿੰਘ ਕੀ ਬੇਟੀਕੋ ਭੈਣ ਕਹਿਨੇਪਰ ਕਹਿ ਦੀਆ ਭਾਈ ਕਾਹਨ ਸਿੰਘ ਤੂੰ ਭੀ ਰਾਜਪੂਤੋਂ ਕੀ ਸਦ੍ਰਿਸ਼ ਗ੍ਰਹਣ ਕਰਲੇ। ਦੂਸਰੇ ਭਾਈ ਕਾਹਨਸਿੰਘਜੀ ਉਕਤ ਸਾਖੀ ੧੯ ਮੇਂ ਮਲਵਈ ਲਿਖੇ ਹੈਂ ਜਿਨ ਕੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫਿਰੇਥੀ ਝੂਠੇ ਭੇਖਧਾਰੀ ਕਹਿਤੇ ਹੈਂ॥ ਯਥਾ (੧) ਤਬ ਗੁਰੂ ਜੀਕਾ ਬਚਨ ਹੁਆ ਸਿਖ ਸਿਖਣੀਆਂ ਕੋਈ ਜਾਣ ਨਹੀਂ ਦੇਣਾ॥ ਬਚਨ ਤੇ ਸਭ ਸੰਗਤ ਰੋਕ ਰਖੀ।

ਤਾਂ ਸਭ ਸਿਖਾਂਕੀ ਭਾਵਨਾ ਉਦਾਸ ਹੁਈ। ਤਿੰਨ ਦਿਨ ਹਰ ਸੰਗਤ ਰੋਕ ਰੱਖੀ ਤਾਂ ਸੰਗਤ ਕਾਹਲੀ ਹੁਈ। ਏਕ ਸਿਖ ਥੇ ਮਾਲਵੇਕੇ ਗੁਰੂ ਕੇ ਹਜ਼ੂਰ ਕੀਰਤਨ ਹੁੰਦਾ ਸੀ। ਕੋਈ ਕਹਿ ਨ ਸਕੇ। ਉਸ ਸਮੇਂ ਸਿੱਖਾਂਨੂੰ ਕੰਮ ਘਰਕਾ ਬਹੁਤ ਥਾ। ਸੋ ਏਕ ਬਿਉਂਤ ਕੀਤਾ। ਗੁਰੂ ਜੀਕੇ ਰੋਕ ਤੇ ਛੁਟਣ ਕਾ ਪਰਪੰਚ ਰਚਿਆ। ਏਕ ਮੁਰਦੇ ਕੀ ਤਰਹਾਂ ਸਿਖ ਪਾਇਆ ਸਿਰ੍ਹੀ ਮਾਝ ਕੀਰਤਨ ਕਰਤੇ ਜਾਵੇਂ॥ ਇਤ੍ਯਾਦੀ॥ ( ਸੌ ਸਾਖੀ ਮੇਂ ਸਾਖੀ ੩ ) ( ੨ ) ਗੁਰੂਜੀ ਮਾਲਵਾ ਦੇਸ ਗਾਹਿਆ ਫਿਰਕੇ ਪੀਛੇ ਕਹਿਆ ਦਇਆ ਵਡੀ। ਅਤੇ ਭਾਵ ਸਿਖੀ ਥੀ ਪਰ ਝੂਠਾ ਮਾਲਵਾ ਦੇਸ। ਕੜੀਆਂ ਪਿਛੇ ਪਲਿਆ। ਅੰਨ ਬਹੁਤ ਹੋਇਗਾ ਪਰ ਰਜਨ ਨਾ ਤ੍ਰਿਸਨਾ ਪੈਸੇ ਹੀ ਵਿਚ ਖਾਣ ਨੂੰ ਭੇਖ ਸਿਖੀ ਨੂੰ ਪ੍ਰਦੇਸ ( ਸੌ ਸਾਖੀ ਮੇਂ ਸਾਖੀ ੪੬ )॥

ਵੈਦ ਜੀ! ਐਸੇ ਉਕਤ ਲਛਣੋ ਵਾਲੇ ਮਲਵਈ ਪੁਰਸ਼ ਨੇ ਅਨੰਦ ਪਰ੍ਹਾਲੀਆ ਤੋ ਕੋਈ ਪ੍ਰਮਾਣੀਕ ਨਹੀਂ ਹੋ ਸਕਤਾ॥ ਸਿਤ੍ਰੋ ਪ੍ਰਮਾਣੀਕ ਤਬ ਹੋ ਸਕਤਾ ਜਬ ਵੈਦ ਜੀ ਗੁਰੂ ਸਾਹਿਬੋਂ ਕੇ ਖਾਨ ਦਾਨ ਮੇਂ ਅਨੰਦ ਕਾ ਕਰਨਾ ਔਰ ਸਿਖੋਂ ਕੋ ਅਨੰਦ ਕਾ ਹੁਕਮ ਦਿਖਾ ਸਕਤੇ ਸੋ ਦੋਨੋਂ ਹੀ ਬਾਤੇਂ ਸਾਬਤ ਨਹੀਂ ਕਰ ਸਕੇ॥ ਵੈਦ ਜੀ ਸੰਮਤ ੧੯੬੩ ਫਗਣ ੨੯ ਆਪਕੀ ਤਹਿਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਮੌਜ਼ਿਆ ਕੰਡ ਜਿਸ ਮੇਂ ਆਪ ਭੀ ਮੌਜੂਦ ਥੇ ਵਿਵਾਹ ਵਿਸ਼ੇ ਕੇ ਸ਼ਾਸਤ੍ਰਾਰਥ ਮੇਂ ਨਵੀਨ ਸਿੰਘਾਂ ਕੇ ਦੰਦ ਖਟੇ ਕਰ ਝੂਠੇ ਸਿਧ ਕਰ ਦੀਏਥੇ॥ ਜਿਸ ਸ਼ਾਸਤ੍ਰਾਰਥ ਕਾ ਫੈਸਲਾ ਯਿਹਹੈ ਜੋ ਮੰਗੀ ਬਿਜਯ ਮੇਂ ਮਧਸਸਤ ਚੰਦਾ ਸਿੰਘ ਜੀ ਕੀ ਓਰ ਸੇ ਮਿਲਾ

## ਨਕਲ ਫੈਸਲਾ

ਫੈਸਲਾ ਦਰਮਿਆਨ ਸਿੰਘਸਭਾ ਤੇ ਸਨਾਤਨਸਭਾ ਕੰਡ ਤਸੀਲ ਤਰਨ ਤਾਰਨ ਜ਼ਿਲਾਅੰਮ੍ਰਿਤਸਰ। ਸ਼ਾਸਤ੍ਰਾਰਥ ਬਿਵਾਹ ਮਰਯਾਦਾ ਪਰ ਤਾਰੀਕ ੧੨ ਮਾਰਚ ੧੯੦੭ ਕੋ ਉਭਯਕੀ ਸਭੋਂ ਕਾ ਜਿਸਮੇਂ ਮੁਝਕੋ ਮਧਿਅਸਤ ਅਰਥਾਤ ਮੁਨਸਫ ਬਨਾਇਆ ਗਿਆ ਥਾ। ਸਨਾਤਨ ਧਰਮ ਸਭਾ ਕੀ ਤਰਫ ਸੇ ਪੰਡਿਤ ਸੁਖਲਾਲ ਉਪਦੇਸ਼ਕ ਰੋਪੜ ਨਿਵਾਸੀ ਔਰ ਸਿੰਘ ਸਭਾ ਕੀ ਤਰਫ ਸੇ ਭਾਈ ਗੰਡਾਸਿੰਘ ਜੀ ਅੰਮ੍ਰਿਤਸਰ ਨਿਵਾਸੀ ਐਡੀਟਰ ਉਪਕਾਰੀ ਥੇ। ਕੁਲ ਵਕਤ ਦੋ ਘੰਟੇ ਏਕ ਬਜੇ ਦਿਨ ਸੇ ਤੀਨ ਬਜੇ ਤਕ। ਦਸ ਦਸ ਮਿੰਟ ਉਤਰ ਪ੍ਰਸ਼ਨ ਕਰਨੇ ਕਾ ਥਾ॥

ਪ੍ਰਸ਼ਨਕਰਤਾ ਪੰਡਿਤ ਸੁਖਲਾਲਜੀ ਉਪਦੇਸ਼ਕ ਕੀ ਤਕਰੀਰਕਾਖੁਲਾਸਾ

(੧) ਸਿੰਘਸਭਾ ਸ਼ਾਸਤ੍ਰਾਰਥ ਮੇਂ ਕੌਨ ਕੌਨ ਪ੍ਰਮਾਣੀਕ ਗ੍ਰੰਥ ਮਾਨੇਗੀ॥

(੨) ਸਿੰਘ ਸਭਾ ਜੋ ਵਿਵਾਹ ਮੇਂ ਮਰਯਾਦਾ ਕਰਤੀ ਹੈ। (ਅਰਥਾਤ ਇਸਤ੍ਰੀਓਂ ਕੋ ਅੰਮ੍ਰਿਤ ਛਕਾਨਾ ਕੱਛ ਔਰ ਪੁਰਖੋਂ ਕੀ ਤਰਾਂ ਪੱਗ

ਬੰਧਵਾਨੀ ਔਰ ਨੱਥ ਔਰ ਲੌਂਗ ਸਰਬ ਗੋਹਣੇ ਉਤਰਾ ਦੇਣੇ ਵਗੈਰਾ ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਕਹਾਂ ਲਿਖੀ ਹੈਂ ॥ (੩) ਸ੍ਰੀ ਗੁਰੂ ਨਾਨਕ ਦੇਵਜੀ ਸੇ ਲੇਕਰ ਸ੍ਰੀ ਗੁਰੂ ਦਸਮ ਤਕ ਸੂਰਜਪ੍ਰਕਾਸ਼ ਆਦਿ ਗ੍ਰੰਥੋਂ ਮੇਂ ਬਿਵਾਹ ਆਦਿ ਰੀਤੀ ਸਨਾਤਨ ਹਿੰਦੂ ਮਰਯਾਦਾ ਪਰ ਲਿਖੀ ਹੈ ਜੋ ਸੁਨਾਈ ਗਈ ॥
(੪) ਸਿੰਘ ਸਭਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋ ਦਰਮਿਆਨ ਮੇਂ ਰਖ ਕਰ ਕੇ ਉਨਕੇ ਦੁਵਾਲੇ ਦੁਵਾਲੇ ਫੇਰੇ ਕਰਤੀ ਹੈ। ਖਾਲਸਾ ਭਾਈ ਅਵਤਾਰ ਸਿੰਘ ਜੀ ਪੋਥੀ ੮ "ਖਾਲਸਾ ਸੁਧਾਰ ਤਰੁ" ਸਫਾ ੪੪੫ ਔਰ ੪੪੮ ਮੇਂ ਲਿਖਤੇ ਹੈਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਵਾਲੇ ਲਾਵਾਂ ਕਰਨੇ ਸੇ ਬਜਾਇ ਇਸਤ੍ਰੀ ਭ-ਰਤਾ ਕੇ ਭੈਣ ਭਾਈ ਕਾ ਰਿਸ਼ਤਾ ਕਾਇਮ ਹੋਤਾ ਹੈ ॥ (੫) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਲਾਵਾਂ (ਬਾਣੀ ਬ੍ਰਹਮਾ ਵੇਦ ਧਰਮ ਦ੍ਰਿੜਹੁ ) ਵਿਵਾਹ ਮੇਂ ਵੇਦਕ ਰੀਤੀ ਮਾਨਨੇ ਕਾ ਹੁਕਮ ਸਾਫ ਹੈ ॥

ਉਤ੍ਰਦਾਤਾ ਭਾਈ ਗੰਡਾ ਸਿੰਘ ਜੀ ਕੀ ਤਕਰੀਰ ਕਾ ਖੁਲਾਸਾ

(੧) ਸਿੰਘ ਸਭਾ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਕੋ ਔਰ ਉਸਕੇ ਅਨਕੂਲ ਜੋ ਗ੍ਰੰਥ ਹੋਂ ਉਨਕੋ ਮਾਨਤੀ ਹੈ ॥ ਨਾਮ ਕਿਸੀ ਕਾ ਨਹੀਂ ਲੀਆ ॥

(੨) ਬਿਵਾਹ ਕੀ ਮਰਯਾਦਾ ਭਾਈ ਗੰਡਾ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਸੇ ਨਹੀਂ ਦਿਖਾਸਕੇ। ਇਕ ਸ਼ਬਦ ਕੀ ਤੁਕ ਪੜ੍ਹੀ (ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ)ਯੇਹ ਸ਼ਬਦ ਰਾਗਗਉੜੀ ਮਹਲਾ ੫ ਕਾ ਹੈ ਇਸਕਾ ਮਤਲਬ ਭਾਈ ਜੀ ਕੇ ਵਿਰੁਧ ਹੈ ਕਿਉਂਕਿ ਅੰਮ੍ਰਿਤ ਪੀਕਰ ਕੋਈ ਸਦਾ ਜ਼ਿੰਦਾ ਨਹੀਂ ਰੈਹਤਾ ॥ (੩) ਭਾਈ ਗੰਡਾ ਸਿੰਘ ਜੀ ਆਪਣੀਯੁਕਤੀ ਦੁਆਰਾ ਪ੍ਰਮਾਣ ਦੇਤੇ ਹੁਏ ਮਾਨਗਏ ਕਿ ਗੁਰੂ ਸਾਹਿਬੋਂ ਕੇ ਬਿਵਾਹ ਸੰਸਕਾਰ ਜਰੂਰ ਹਿੰਦੂ ਰੀਤੀ ਸੇ ਹੁਏ ਥੇ। ਜੈਸੇ ਕਿਸੀ ਪੈਂਚ ਕੀ ਹਵੇਲੀ ਉਸਰਦੀ ਹੋਵੇ ਓਹ ਪੈਂਚ ਉਤਨਾ ਚਿਰ ਦੂਸਰੇ ਦੇ ਮਕਾਨ ਵਿਚ ਕਰਾਏ ਪਰ ਰਹੇ ਜਬ ਹੋਵੇਲੀ ਅਪਣੀ ਤਿਆਰ ਹੋ ਜਾਵੇ ਤਾਂ ਓਹ ਆਪਣ ਮਕਾਨ ਮੈਂ ਆ ਜਾਤਾਹੈ। ਇਸੀਤਰਾਂ ਸੇ ਹਮਾਰੇ ਦਸੋਂ ਗੁਰੂ ਬਿਵਾਹ ਆਦਿਕ ਹਿੰਦੂ ਰੀਤੀ ਪਰ ਕਰਤੇ ਰਹੇ ਥੇ॥ (੪) ਭਾਈਅਵਤਾਰਸਿੰਘ ਬਾਬਾ ਖੇਮ ਸਿੰਘ ਜੀ ਵੇਦੀ ਕਾ ਮਸੰਦਹੈ। ਸੋ ਮਸੰਦੋਂ ਕੀ ਦੁਰਗਤੀ ਦਸਮ ਗੁਰੂਜੀ ਕਰ ਗਏ ਹੈਂ ਇਸ ਵਾਸਤੇ ਉਸਦਾ ਲਿਖਣਾ ਸਿੰਘ ਸਭਾ ਕੀ ਬਿਵਾਹ ਮਰਯਾਦਾ ਕੋ ਕਿ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਗਿਰਦ ਗਿਰਦ ਫੇਰੇ ਲੇਣੇ ਸੇ ਜੋ ਭੈਣ ਭਾਈ ਕਾ ਸਾਕ ਬਨਤਾਹੈ ਇਸਤ੍ਰੀ ਪੁਰਖ ਕਾ ਨਹੀਂ ) ਏਹ ਪ੍ਰਮਾਣ ਸਿੰਘ ਸਭਾ ਕੋ ਮਨਜੂਰ ਨਹੀਂ।

(੫) ਲਾਵਾਂ ਬਾਣੀ ਕਾ ਅਰਥ ਇਹ ਹੈ ( ਬਾਣੀ ਬ੍ਰਹਮ ਆ ਵੇਦ ) ਜੋ ਭਾਈ ਜੀ ਕੀ ਗਲਤਫੈਹਮੀ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਐਸੇ ਹੀ ਵੇਦ ਬਾਣੀ ਕੋ ਸਿਧ ਕਰਨੇ ਵਾਲੇ ਔਰ ਭੀ ਅਨੇਕ ਬਚਨ ਹੈਂ (ਨਾਭ ਕਮਲ ਤੇ ਬ੍ਰਹਮਾ ਉਪਜੇ ਬੇਦ ਪੜੇ ਮੁਖਕੰਠ ਸਵਾਰ) ਜੈਸੇ ਯਹਾਂ ਆ

Sri Satguru Jagjit Singh Ji Elibrary NamdhariElibrary@gmail.com

ਵੇਦ ਪਾਠ ਬਦਲਨੇ ਸੇ ਅਰਥ ਠੀਕ ਨਹਾਂ ਹੋ ਸਕਤਾ ਵੈਸੇ ਹੀ ਊਪਰ ਕੇ ਸ਼ਬਦ ਮੇਂ ਸਮਝੋ ॥

# ਮੇਰੀ ਰਾਇ

ਸ੍ਰੀ ਮਾਨ ਭਾਈ ਚੰਡਾ ਸਿੰਘ ਜੀ ਅੰਮ੍ਰਿਤਸਰ ਨਵਾਸੀ ਐਡੀਟਰ ਉਪਕਾਰੀ ਅਛੇ ਵਿਦਿਵਾਨ ਹੈਂ ਸੰਸਕ੍ਰਿਤ ਭੀ ਪੜ੍ਹੇ ਹੂਏ ਹੈਂ। ਸ੍ਰੀ ਗੁਰੂ ਗ੍ਰੰਥ ਸਾਹਿਬ ਅਰ ਗੁਰਮ੍ਰਯਾਦਾ ਕੋ ਅੱਛੀ ਤਰਾਂ ਜਾਨਤੇ ਹੈਂ। ਪਰ ਸਚ ਕਹਿਣਾ ਪੈਂਦਾ ਹੈ ਕਿ ਪੰਡਤ ਸਾਹਿਬ ਜੀ ਸੁਖਲਾਲ ਉਪਦੇਸ਼ਕ ਰੋਪੜ ਨਿਵਾਸੀ ਦੇ ਪ੍ਰਸ਼ਨਾਂ ਦਾ ਖੰਡਨ ਨਹੀਂ ਕਰ ਸਕੇ। ਬਲਕਿ ਪੈਂਚਵਾਲੀ ਹਵਲੀ ਦੇ ਦ੍ਰਿਸ਼ਟਾਂਤ ਨਾਲ ਦਸੋਂ ਗੁਰੂ ਸਾਹਿਬੋਂ ਕੇ ਵਿਵਾਹ ਹਿੰਦੂ ਰੀਤੀ ਸੇ ਹੁਏ ਪੰਡਤ ਜੀ ਕੇ ਸਿਧਾਂਤ ਕੋ ਮਾਨ ਗਏ ॥ ਔਰ ਅਸਲੀ ਬਹਿਸ ਵਿਵਾਹ ਪਰਕਰਨ ਕੋ ਛੋੜ ਕਰ ਸਰਾਧ ਔਰ ਮਾਂਸ ਕੇ ਵਿਸ਼ੇ ਮੇਂ ਜਾਤੇ ਰਹੇ ਜੋ ਮਾਕੂਲ ਉਤਰ ਪਾਕਰ ਨੀਚਾ ਦੇਖਨਾ ਪੜਾ। ਔਰ ਸਿੰਘ ਸਭਾ ਕੀ ਬੁਧੀਵਾਨ ਪੁਰਸ਼ੋਂ ਮੇਂ ਹਾਰ ਸਮਝੀ ਗਈ ॥ ਪੰਡਿਤ ਜੀ ਸਰਾਈ ਪਰ ਥੇ ਇਸ ਵਾਸਤੇ ਉਨਕੇ ਉਪਦੇਸ਼ ਕਾ ਅਸਰ ਆਮ ਲੋਗੋਂ ਪਰ ਹੂਆ। ਜੋ ਚਾਰ ਹਜਾਰ ਕੇ ਲਗ ਭਗ ਆਦਮੀ ਜਮਾ ਥ। ਯਹਾਂ ਤਕ ਕਿ ਕਈ ਇਸਤ੍ਰੀਓਂ ਨੇ ਕੱਛਾਂ ਉਤਾਰ ਦਿਤੀਆਂ ॥ ਹਮ ਪੰਡਿਤ ਜੀ ਕਾ ਧੰਨਵਾਦ ਕਰਤੇ ਹੂਏ ਇਹ ਫੈਸਲਾ ਲਿਖਕਰ ਦੇਤੇ ਹੈਂ ਕਿ ਸਨਾਤਨ ਧਰਮ ਸੱਚਾ ਔਰ ਗੁਰੂਓਂ ਕਾ ਧਰਮ ਹੈ ॥

ਦਸਖਤ ਦਾਸ–ਚੰਦਾ ਸਿੰਘ ਕੰਡ ਜਟ
ਤ੍ਰੀਕ ੨੬ ਮਾਰਚ ੧੯੦੭ ਅੰਮ੍ਰਿਤਸਰ
ਕਟੜਾ ਜਲੇ ਵਾਲੀਆਂ ਨਿਵਾਸੀ

ਨੋਟ–ਮਿਤ੍ਰ ਜੀ ਇਸੀ ਪ੍ਰਕਾਰ ਤਤ ਖਾਲਸਾ ਕੋ ਮੈਂਨੇ ਸੈਂਕੜੇ ਵਾਰ ਨੀਚਾ ਦਿਖਾਇਆ ਹੈ ਜੋ ਲੇਖ ਬ੍ਰਿਧੀ ਕੇ ਭਯ ਸੇ ਔਰ ਲੇਖ ਨਹੀਂ ਲਿਖਤਾ ਖਾਸਕਰ ਪ੍ਰਾਰਥਨਾ ਯਿਹ ਹੈ ਮੈਂ ਬਿਮਾਰ ਹੋਗਿਆ ਥਾ ਇਸੀ ਕਾਰਣ ਪੁਸਤਕ ਛਪਨੇ ਮੇਂ ਦੇਰੀ ਹੋਗਈ ਹੈ ॥ ਔਰ ਜੋ ਕਹੀਂ ਛਪਨ ਮੇਂ ਅਸ਼ੁਧੀ ਰਹਿਗਈ ਹੋ ਸੋ ਖਿਮਾ ਕਰੇਂ ॥ "ਇਤੀ" ॥

## ਹਃ ਸੁਖਲਾਲ ਉਪਦੇਸ਼ਕ ਰੋਪੜ ਨਿਵਾਸੀ

—:o:--

ਪਿਆਰੇ ਧਰਮਾਤਮਾਂ ਔਰ ਸਤਯਾਸਤ ਵਿਚਾਰ ਕੇ ਅਭਲਾਖੀ ਪੁਰਖੋ! ਵੇਦ ਜੀਕਾ ਛਲ ਕਪਟ ਰੂਪੀ ਅੰਧਕਾਰ ਨਸ਼ਟ ਕਰਨੇ ਵਾਲਾ ਸ੍ਰੀ ੧੦੯ ਪੂਤਨਾਸ਼ਾਨਰੇਸਜੀਕੀ ਆਗਜ੍ਯਾਅਨੁਸਾਰ ਛਪਾਰਸਾਲਾ "ਅਨੰਦਵਿਵਾਹ ਪਰ

Sri Satguru Jagjit Singh Ji Elibrary NamdhariElibrary@gmail.com

ਵਿਚਾਰ" ਕੀ ਅਸਲ ਮੁਤਾਬਕ ਨਕਲ ਯੇਹ ਹੈ ਜਿਸ ਕੇ ਦੇਖਨੇ ਸੇ ਸਾਫ ਪ੍ਰਗਟ ਹੋਜਾਇਗਾ ਕਿ ਵੈਦ ਜੀਨੇ ਬ੍ਰਿਥਾ ਹੀ ਜਲਪ ਔਰ ਵਤੰਡਾਬਾਦ ਭਰੇ ਮਿਥ੍ਯਾ ਲੇਖ ਸੇ ਮ੍ਰਿਗ ਤ੍ਰਿਸ਼ਨਾ ਰੂਪੀ ਇਛਾ ਪੂਰੀ ਕਰਨੀ ਚਾਹੀ ਸੋ ਤੋ ਸਸੇ ਕੇ ਸੀਂਗ ਔਰ ਬੰਧਿਆਕੇ ਪੁਤ੍ਰ ਸਮਾਨ ਕਠਨਹੈ ਔਰ ਆਮਖਾਸ ਸਤ੍ਯਾਸਤ ਵਿਚਾਰਕੇ ਅਭਿਲਾਖੀ ਪੁਰਖੋਂ ਪਰ ਵੈਦਜੀ ਕਾ ਅਗਿਆਨਰੂਪੀ ਝੂਠ ਪ੍ਰਗਟ ਹੋ ਜਾਇਗਾ ॥ ਯਥਾ

ੴ ਸਤਿਗੁਰਪ੍ਰਸਾਦਿ ॥

# ਅਨੰਦ ਬਿਵਾਹ ਪਰ ਵਿਚਾਰ

ਜੋ ਕਿ ਸ੍ਰੀ ੧੦੮ ਯੁਤ ਨਾਭਾਪਤੀ ਜੀ "ਜਰਨਲ ਸਰ ਹੀਰਾ ਸਿੰਘ ਬਹਾਦਰ ਜੀ. ਸੀ. ਐਸ. ਆਈ. ਜੀ. ਸੀ. ਆਈ. ਈ. ਜੀ ਕੀ ਆਗਿਆ ਅਨੁਸਾਰ ਸਰਬਤ੍ ਖਾਲਸਾਜੀ ਕੇ ਵਿਚਾਰ ਅਰਥ ਦੁਰਗਾਪ੍ਰੇਸ ਰਜਾਸਤ ਨਾਭਾ ਮੇ ਭਾਈ ਪ੍ਰੇਮਸਿੰਘ ਮਾਲਕ ਮਤਬਾਕੇ ਅਧਿਕਾਰਮੇ ੧੭ ਬੈਸਾਖ ਸੰ: ੧੯੬੫ਮੇਂ ਛਪਾ

ਆਜ ਕਲ ਜੋ ਨਵੀਨ ਸਿਖ ਪ੍ਰਾਚੀਨ ਰੀਤੀ ਕੋ ਛੋੜ ਨਵੀਨ ਰੀਤੀ ਚਲਾਨੀ ਚਾਹਤੇ ਹੈਂ ਯਿਹ ਠੀਕ ਨਹੀਂ ਗੁਰੂ ਵਾਕ ਹੈ "ਘਰ ਘਰ ਹੋਇ ਬਹੋਂ ਗੇਰਾਮਾ। ਤਾਤੇ ਸਰੈ ਨ ਏਕੋ ਕਾਮਾ" ॥ ਸਿੱਖਨਕੇ ਦਸੋਂ ਗੁਰੂ ਸਾਹਿਬਾਨ ਕੇ ਦਸ ਅਵਤਾਰ ਹਿੰਦੂ ਧਰਮ ਕੀ ਰਖ੍ਯਾ ਲੀਏ ਆਏ ਥੇ, ਉਨਹੋਂ ਨੇ ਹਿੰਦੂ ਧਰਮ ਕੀ ਰਖਿਆ ਲੀਏ ਸਾਤ ਸੀਸ ਦੀਏ ਮਗਰ ਹਿੰਦੂ ਧਰਮ ਕੋ ਨਹੀਂ ਛੋੜਾ ਗੁਰੂ ਸਾਹਿਬ ਕੇ ਵਕਤ ਮੇਂ ਔਰ ਬਾਦ ਮੇਂ ਬਹੁਤ ਸੇ ਸਿੰਘੋਂ ਕੋ ਬੜਾ ੨ ਧਨ ਪਦਾਰਥ ਸੁੰਦ੍ਰ ਇਸਤ੍ਰੀਏਂ ਔਰ ਭੂਮੀ ਕਾ ਲਾਲਚ ਦੇ ਕਰ ਭੀ ਉਨਕੋ ਹਿੰਦੂ ਧਰਮ ਛੁੜਾ ਕਰ ਮੁਸਲਮਾਨ ਬਨਾਨਾ ਚਾਹਾ ਬੜੇ ਬੜੇ ਓਹਦੇ ਦੇਤੇ ਥੇ ਮਗਰ ਧੰਨਜ ਵੋਹ ਸਿੱਖ ਕਿ ਜਿਨੋਂ ਨੇ ਸੰਸਾਰਕੇ ਪਦਾਰਥੋਂ ਕੋ ਕਾਕ ਵਿਸ਼ਟਾ ਵਤ ਸਮਝ ਕਰ ਆਪਣੇ ਪ੍ਰਾਚੀਨ ਹਿੰਦੂ ਧਰਮਕੋ ਨ ਛੋੜਾ ਸੀਸ ਦੀਏ, ਖਲੜੀਏਂ ਉਤਰਵਾਈਂ, ਅੰਗ ਅੰਗ ਕਟਵਾਏ, ਚਰਖੀਓਂ ਪਰ ਚੜ੍ਹਾਏ ਗਏ ਮਗਰ ਹਿੰਦੂਧਰਮਕੋ ਤਿਆਗ ਨ ਕੀਆ ਗੁਰੂਸਾਹਿਬਾਨਕੇ ਜਿਸ ਕਦਰ ਯੁਧ ਮੁਸਲਮਾਨੋਂ ਕੇ ਸਾਥ ਹੋਤੇ ਰਹੇ ਉਨ ਕਾ ਕਾਰਣ ਕੇਵਲ ਹਿੰਦੂ ਧਰਮ ਕੀ ਰਖਿਆ ਕਾ ਥਾ ਅਬ ਉਨਕੇ ਸਾਥ ਮੀਲਾਨ ਕਰਕੇ ਆਜ ਕਲ ਕੇ ਨਵੀਨ ਸਿਖੋਂ ਕੀ ਤਰਫ ਜੋ ਦ੍ਰਿਸ਼ਟੀ ਦੇਕਰ ਦੇਖਾ ਜਾਤਾ ਹੈ ਤੋ ਲਾਲਚ ਮੇਂ ਫੰਸੇ ਹੂਏ ਬਿਨਾ ਕਿਸੀ ਔਰ ਕਾਰਣ ਕੇ ਖੁਦ ਬਖੁਦ ਸਨਾਤਨ ਹਿੰਦੂ ਧਰਮ ਕਾ ਤਿਆਗ ਕਰਤੇ ਜਾਤੇ ਹੈਂ ਜੈਸਾ ਕਿ ਆਜ ਕਲ ਫੇਰਜੋਂ ਕੀ ਜਗਹ ਅਨੰਦ ਪੜ੍ਹਾਨੇ ਪਰ ਨਿਹਾਯਤ ਜੋਰ ਦੀਆ ਜਾਤਾਹੈ ਜਿਸਕਾ ਕਾਰਨ ਕੇਵਲ ਤ੍ਰਿਸ਼ਨਾ ਹੈ, ਇਸ ਵਾਸਤੇ ਨੀਚੇ ਲਿਖੀ ਹੁਈ ਬਾਤੋਂ ਕਾ ਨਿਰਣਯ ਕਰਨਾ ਜਰੂਰੀ ਹੂਆ

ਮਗਰ ਪਖਤਪਾਤ ਔਰ ਖੁਦਗਰਜ਼ੀ ਕੋ ਤਿਆਗ ਕਰ ਧਰਮ ਸੇ ਨਿਰਣਯ ਕਰਨਾ ਚਾਹੀਏ ॥

(੧) ਸ੍ਰੀ ਗੁਰੂ ਨਾਨਕ ਸਾਹਿਬ ਸੇ ਲੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਤਕ, ਦਸੋਂ ਗੁਰੂ ਸਾਹਿਬਾਨ ਮੇਂ ਸੇ ਕੌਨ ਸੇ ਗੁਰੂ ਸਾਹਿਬਾਨ ਨੇ ਆਪਨਾ ਅਨੰਦ ਪੜ੍ਹਾਇਆ ? ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ, ਸ੍ਰੀ ਗੁਰੂ ਗ੍ਰੰਥ ਸਾਹਿਬ ਦਸਮ, ਗੁਰਬਿਲਾਸ, ਗੁਰਪ੍ਰਤਾਪ ਸੂਰਜ, ਆਦਿ ਪ੍ਰਾਚੀਨ ਗ੍ਰੰਥੋਂ ਸੇ ਸਾਬਿਤ ਹੈ ਕਿ ਗੁਰੂ ਨਾਨਕ ਸਾਹਿਬ ਆਦਿ ਸਭ ਗੁਰੂ ਸਾਹਿਬਾਨ ਕੇ ਪ੍ਰਾਚੀਨ ਵੇਦ ਵਿਧੀ ਪੂਰਬਕ ਹਿੰਦੂ ਧਰਮ ਅਨੁਸਾਰ ਖੱਤ੍ਰੀ ਕੁਲ ਮੇਂ ਜਾਤ ਗੋਤ੍ਰ ਕਾ ਲਿਹਾਜ਼ ਰਖਕਰ ਵਿਵਾਹ ਹੂਏ ਖਾਸਕਰ ਸ੍ਰੀਗੁਰੂ ਗੋਬਿੰਦ ਸਿੰਘ ਕਲਗੀਧਰ ਜੀ ਕੇ ਦੋਵਿਵਾਹ ਵੇਦਵਿਧੀ ਅਨੁਸਾਰ ਹੂਏ ਜਿਸ ਗੁਰੂ ਸਾਹਿਬਔਰ ਖਾਸ ਕਰ ਖਾਲਸਾ ਪੰਥਕੇ ਸਾਜਨੇ ਵਾਲੇ ਗੁਰੂਗੋਬਿੰਦ ਸਿੰਘ ਸਾਹਿਬ ਜੀਨੇ ਜਿਸ ਜਗਾ ਅਪਨਾ ਅਨੰਦ ਪੜ੍ਹਾਇਆ ਹੋ ਜ਼ਾਹਿਰ ਕਰੇਂ, ਪ੍ਰਮਾਣ ਉਕਤ ਪ੍ਰਾਚੀਨਪੁਸਤਕੋਂ ਮੇਂ ਸੇ ਕਿਸੀ ਗ੍ਰੰਥ ਕਾ ਦੇਵੇਂ ॥

(੨) ਦਸ ਗੁਰੂ ਸਾਹਿਬਾਨਕੇ ਔਰ ਉਨਕੀ ਕੁਲਮੇਂ ਜੋ ਸਾਹਿਬਜ਼ਾਦੇ ਬਾਬਾ ਸਾਹਿਬ ਸਿੰਘ ਆਦਿ ਹੂਏ, ਤਥਾ ਬੀਬੀ ਨਾਨਕੀ ਔਰ ਬੀਬੀ ਬੀਰੋ ਆਦਿਗੁਰੂ ਸਾਹਿਬਾਨ ਕੀ ਪੁਤ੍ਰੀਆਂ ਕੇ ਹਿੰਦੂ ਰੀਤੀ ਵੇਦ ਬਿਧੀ ਅਨੁਸਾਰ ਬਿਵਾਹ ਹੂਏ ਅਗਰ ਅਨੰਦ ਪੜ੍ਹਾਯਾ ਗਿਆਹੈ ਤੋ ਪ੍ਰਮਾਣ ਦੇਵੇਂ ॥ (੩) ਗੁਰੂ ਮਹਾਰਾਜ ਕੇ ਬੜੇ ਬੜੇ ਪ੍ਰੇਮੀ ਸਿੱਖ, ਪੰਜਪਿਆਰੇ, ਚਾਲੀ ਮੁਕਤੇ,ਸਿਦਕੀ, ਸ਼ਹੀਦ,ਸੰਤ, ਭਕਤ,ਸੂਰਬੀਰ, ਰਾਮਸਿੰਘ, ਤ੍ਰਲੋਕ ਸਿੰਘ ਆਦਿ ਬਗੈਰ੍ਹ ਜਿਨਕੀ ਬਾਬਤ ਦਸਮ ਗੁਰੂਜੀ ਲਿਖਤੇ ਹੈਂ"ਹਮੇ ਕੌਮ ਬੈਰਾੜ ਹੁਕਮੇ ਮਰਾਸਤ"ਕਿ ਬੈਰਾੜਕੌਮ ਮੇਰੇ ਹੁਕਮ ਮੇਂ ਹੈ ਫਿਰ ਜਿਨਕੋ ਕਹਾ ਹੈ "ਕਿ ਤੇਰਾ ਘਰ ਮੇਰਾਹੈ" ਔਰਭਾਈ ਰੂਪ ਚੰਦ ਕੇ, ਭਾਈ ਭਗਤੂ ਕੇ, ਭਾਈ ਬਹਿਲੋ ਕੇ ਇਤਯਾਦਿ ਅਨੇਕ ਸਿੱਖ ਹੂਏ ਹੈਂ ਜਿਸ ਜਿਸਕਾ ਅਨੰਦ ਪੜ੍ਹਾਇਆ ਹੋ ਪ੍ਰਮਾਣ ਦੇਵੇਂ॥ (੪) ਸੌ ਸਾਖੀ ਮੇਂ ਲਿਖਾ ਹੈ ਕਿ ਕਾਹਨ ਸਿੰਘ ਸਿਖ ਨੇ ਏਕ ਸਿਖ ਕਾ ਕੰਨਯਾ ਕੋ ਕਹਿ ਦੀਆ ਥਾ ਕਿ ਯੇਹ ਮੇਰੀ ਬਹਿਨ ਲਗਤੀ ਹੈ ਮੈਂ ਇਸਸੇ ਸ਼ਾਦੀ ਨਹੀਂ ਕਰੂੰਗਾ ਫਿਰ ਉਸੀ ਲੜਕੀ ਸੇ ਕਾਹਨ ਸਿੰਘ ਕਾ ਅਨੰਦ ਪੜ੍ਹਾਇਆ ਗਿਆ ਹੈ ਲੇਕਨ ਇਸ ਸਾਖੀ ਕੀ ਨਿਸਬਤ ਸਾਖੀ ਕੇ ਕਰਤਾ ਨੇ ਯੇਹ ਨੋਟ ਦੀਆ ਹੈ ਕਿ ਯੇਹ ਬਾਤ ਮੇਰੇ ਸਾਮਨੇ ਨਹੀਂ ਹੂਈ ਔਰ ਨਾ ਗੁਰੂ ਸਾਹਿਬ ਸੇ ਸੁਨੀ ਹੈ ਕੇਵਲ ਏਕ ਸਿਖ ਕੀ ਜ਼ਬਾਨੀ ਸੁਨੀ ਹੈ ਐਸੀ ਸੂਰਤ ਮੇਂ ਯੇਹ ਪ੍ਰਮਾਣ ਸੁਨਾ ਸੁਨਾਯਾ ਇਸ ਲੀਏ ਠੀਕ ਨਹੀਂ ਕਿ ਦਸਮ ਗੁਰੂ ਸਾਹਿਬ ਨੇ ਖੁਦ ਅਪਨੀ ਸ਼ਾਦੀਓਂ ਪਰ ਅਨੰਦ ਨਹੀਂ ਪੜ੍ਹਾਇਆ ਨਾ ਕਿਸੀ ਔਰ ਸਿਖ ਨੇ। ਇਸਲੀਏ ਗਾਲਬਨ ਯਿ ਪ੍ਰਮਾਣੀਕ ਹੋਤੀ ਹੈ ਨਾ ਕਿ ਸੁਨੀ ਸੁਨਾਈ ਬਾਤ। ਔਰ ਕਾਹਨਸਿੰਘ ਜੋ ਉਸ ਲੜਕੀ ਕੋ ਬਹਿਨ ਕੇਹ ਚੁਕਾ ਥਾ ਹਿੰਦੂਸ਼ਾਸਤ੍ਰ ਅਨੁਸਾਰ ਵੋਹ ਉਸ ਲੜਕੀ

ਸੇ ਫੇਰੇ ਨਹੀਂ ਕਰ ਸਕਤਾ ਥਾ ਇਸਲੀਏ ਵਿਧਵਾ ਇਸਤ੍ਰੀ ਕੀ ਤਰਹ ਇਸਕਾ ਅਨੰਦ ਪੜ੍ਹਾਇਆ॥ (੫) ਸੌ ਸਾਖੀ ਮੇਂ ਲਿਖਾ ਹੈ "ਬਿਨਾਂ ਅਨੰਦ ਬਿਵਾਹ ਤੇ ਭੁਗਤੇ ਪਰ ਕੀ ਜੋਇ। ਸੁਣ ਸਿਖਾ ਗੁਰ ਕਹਿ ਥਕੇ ਮੇਰਾ ਸਿਖ ਨ ਸੋਇ" ਇਸਕਾ ਤਾਤਪਰਜ ਯੇਹ ਹੈ ਬਿਵਾਹ ਯਾ ਅਨੰਦ ਪੜ੍ਹਾਏ ਬਿਨਾਂ ਪਰਾਈ ਇ-ਸਤ੍ਰੀ ਕੋ ਜੋ ਭੋਗੇਗਾ ਵੋਹ ਸਿੱਖਨਹੀਂ ਸੋ ਇਸਮੇਂ ਅਨੰਦ ਔਰ ਬਿਵਾਹ ਦੋਨੋਂ ਲਿਖੇ ਹੈਂ ਸੋ ਕੰਨਜਾ ਕਾ ਤੋ ਬਿਵਾਹ ਪ੍ਰਾਚੀਨ ਰੀਤੀ ਅਨੁਸਾਰ ਕੀਆ ਜਾਵੇ, ਬਿਧਵਾ ਕਾ ਅਨੰਦ ਪੜ੍ਹਾਇਆ ਜਾਵੇ ਜੈਸਾ ਕਿ ਹਜੂਰ ਅਬਚਲ ਨਗਰ ਸਾਹਿਬ ਮੇਂ ਵਿਧਵਾ ਕਾ ਅਨੰਦ ਪੜ੍ਹਾਇਆ ਜਾਤਾ ਹੈ ਯਾ ਜਿਸ ਲੜਕੀ ਨੇ ਬਿਵਾਹ ਸੇ ਪਹਿਲੇ ਕਿਸੀ ਸੇ ਭੋਗ ਕਰਲੀਆ ਹੋ ਉਸਕਾ ਉਸੀ ਸੇ ਅਨੰਦ ਪੜ੍ਹਾਯਾ ਜਾ ਸਕਤਾ ਹੈ। ਆਜ ਕਲ ਕੇ ਨਵੀਨ ਸਿੱਖ "ਅਨੰਦਬਿਵਾਹ" ਕਾ ਅਰਥ ਯੇਹ ਲਗਾਤੇਹੈਂ ਕਿ ਜਿਸ ਬਿਵਾਹਮੇਂ ਅਨੰਦ ਪੜ੍ਹਾਇਆਜਾਵੇ ਵੋਹ ਬਿਵਾਹ, ਸੋ ਇਸ ਅਰਥਮੇਂ ਦੂਸ਼ਨ ਆਤਾਹੈ ਕਿਉਂ ਕਿ "ਪਰਕੀ ਜੋਇ" ਜੋ ਸ਼ਬਦ ਹੈ ਸੋ ਜੋਇ ਸਬਦ ਉਸ ਇਸਤ੍ਰੀ ਕੇ ਵਾਸਤੇ ਹੈ ਜਿਸਕਾ ਬਿਵਾਹ ਹੋ ਚੁਕਾ ਹੋ, ਕੰਨਜਾ ਕੇ ਵਾਸਤੇ ਜੋਇ (ਜੋਰੂ) ਸ਼ਬਦ ਨਹੀਂ ਹੈ ਭਾਵ ਜੋ ਪਰਾਈ ਅਰਥਾਤ ਦੂਸਰੇ ਪੁਰਸ਼ ਕੀ ਵਿਧਵਾ ਇਸਤ੍ਰੀ ਹੈ ਉਸਕੋ ਬਿਨਾਂ ਅਨੰਦ ਪੜ੍ਹਾਏ ਨਹੀਂ ਭੋਗਨਾ। ਵਿਧਵਾ ਕਾ ਅਨੰਦ ਇਸਲੀਏ ਹੈ ਕਿ ਹਿੰਦੂ ਸ਼ਾਸਤਰੋਂ ਮੇਂ ਵਿਧਵਾ ਕੇ ਫੇਰੇ ਨਹੀਂ ਦੀਏਜਾਤੇ। ਅਗਰ ਯਹੀ ਅਰਥ ਕੀਆ ਜਾਵੇ ਤੋ ਐਸੇ ਔਰ ਅਰਥ ਭੀ ਬਹੁਤ ਸੇ ਹੋਸਕਤੇ ਹੈਂ ਜੈਸਾ ਕਿ ਜਿਸ ਬਿਵਾਹ ਮੇਂ ਅਨੰਦ ਅਰਥਾਤ ਰਸ ਬਨਾ ਰਹੇ ਵੋਹ ਅਨੰਦ ਬਿਵਾਹ ਹੈ ਤੀਸਰੇ ਯੇਹ ਹੈ ਕਿ ਜਿਸ ਬਿਵਾਹ ਮੇਂ ਲੜਕੇ ਲੜਕੀ ਕਾ ਆਪਸ ਮੇਂ ਅਨੰਦ ਔਰ ਰਸ ਬਨਾ ਰਹੇ ਵੋਹ ਅਨੰਦ ਬਿਵਾਹ ਹੈ। ਅਗਰ ਇਸਤ੍ਰੀ ਕੀ ਪਤੀ ਸੇ ਪ੍ਰੀਤੀ ਨਹੀਂ ਹੈ ਤੋ ਭੀ ਪਰਕੀ ਜੋਇ (ਪਰ ਇਸਤ੍ਰੀ) ਹੈ ਇਤਯਾਦੀ ਬਹੁਤ ਅਰਥ ਹੋ ਸਕਤੇ ਹੈਂ ਮਗਰ ਅਸਲ ਅਰਥ ਪਹਿਲਾ ਹੈ ਜਿਸ ਪਰ ਅਮਲ ਭੀ ਚਲਾ ਆਇਆ ਹੈ ਅਗਰ ਅਨੰਦ ਪੜ੍ਹਾਨੇ ਕੀ ਆਗਿਆ ਹੋਤੀ ਤੋ ਬਿਵਾਹ ਕਾ ਅਫਜ ਸਾਬ ਨਾ ਹੋਤਾ ਔਰ ਦਸਮ ਗੁਰੂ ਸਾਹਿਬ ਭੀ ਅਪਨੇ ਬਿਵਾਹੋਂ ਮੇਂ ਅਨੰਦ ਪੜ੍ਹਾਤੇ॥ ਗੁਰੂ ਸਾਹਿਬ ਨੇ ਵੇਦ ਰੀਤੀ ਕੋ ਮੁਖ ਮਾਨਾ ਹੈ ਔਰ ਆਪ ਦਸੋਂ ਗੁਰੂ ਸਾਹਿਬਾਨ ਜਨਮ ਬਿਵਾਹ ਸੇ ਲੇਕਰ ਮਰਣ ਪ੍ਰਯੰਤ ਵੇਦ ਰੀਤੀ ਅਨੁਸਾਰ ਹੀ ਸੰਸਕਾਰ ਕਰਤੇ ਰਹੇ ਹੈਂ ਬਲਕਿ ਵੇਦ ਪਰ ਨਾ ਚਲਨੇ ਵਾਲੋਂ ਕੋ ਦੇਖੋ ਗੁਰੂ ਸਾਹਿਬ ਇਸੀ ਅਨੰਦ ਜੀ ਮੇਂ ਕਿਆ ਪਦਵੀ ਦੇਤੇ ਹੈਂ "ਵੇਦਾਂ ਮਹਿ ਨਾਮ ਉਤਮ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ" ਤਥਾ–"ਵੇਦ ਕਹਾ ਸਿਖਨ ਸਮਝਾਊ। ਮੇਰਾ ਪੰਥ ਖਿਨਨ ਨ ਜਾਊ॥" ਭਾਵ ਯੇਹ ਕਿ ਵੇਦ ਕੇ ਰਸਤੇ ਸੇ ਹੀ ਮੈਂ ਅਪਨੇ ਸਿੱਖੋਂ ਕੋ ਸਮਝਾਊਂਗਾ ਅਗਰ ਗੁਰੂ ਸਾਹਿਬ ਵੇਦ ਕੇ ਵਿਰੋਧੀ ਹੋਤੇ ਤੋ ਯੇਹ ਫਰਮਾਤੇ ਕਿ ਗ੍ਰੰਥ ਸਾਹਿਬ ਕੇ

ਰਸਤ ਸਿਖੋਂ ਕੋ ਸਮਝਾਊਂਗਾ। ਮਗਰ ਗੁਰੂ ਸਾਹਿਬ ਤੋ ਵੇਦ ਔਰ ਗ੍ਰੰਥ ਸਾਹਿਬ ਕੋ ਏਕ ਰੂਪ ਮਾਨਤ ਥੇ ਅਲਬੱਤਾ ਵੇਦ ਪਰ ਨਾ ਚਲਨ ਵਾਲੋਂ ਔਰ ਅਮਲ ਨ ਕਰਨੇ ਵਾਲੋਂ ਕੋ ਅੱਛਾ ਨਹੀਂ ਸਮਝਤੇ ਥੇ। ਨਵੀਨ ਸਿੱਖ ਵੇਦ ਕੋ ਤੋ ਕ੍ਯਾ ਅਪਨੇ ਧਰਮ ਪੁਸਤਕੋਂ ਕੋ ਹੀ ਨਹੀਂ ਮਾਨਤੇ ਦਸਮ ਗੁਰੂ ਗ੍ਰੰਥ ਸਾਹਿਬ ਕੀ ਚਰਿਤ੍ਰ ਬਾਣੀ ਕੋ ਬਹਾਰਦਾਨਸ਼ ਕਾ ਤਰਜੁਮਾ ਔਰ ਬਾਕੀ ਗ੍ਰੰਥ ਸਾਹਿਬ ਕੋ ਪੁਰਾਨਕ ਕਥਾ ਬਤਲਾ ਕਰ ਕਹਿਤ ਹੈਂ ਕਿ ਗੁਰਬਾਣੀ ਨਹੀਂ ਔਰ ਆਦਿ ਗੁਰੂ ਗ੍ਰੰਥ ਸਾਹਿਬ ਕੇ ਉਨ ਸ਼ਬਦੋਂ ਕੋ ਜਿਨਮੇਂ ਵੇਦ ਔਰ ਅਵਤਾਰੋਂ ਕੀ ਉਸਤਤੀ ਭਰੀ ਹੈ ਔਰ ਰਾਗਮਾਲਾ ਆਦਿ ਬਾਣੀਓਂ ਕੋ ਨਹੀਂ ਮਾਨਤੇ ਕਿਆ ਗੁਰਬਾਣੀ ਪਰ ਤਰਕ ਕਰਨੇ ਵਾਲੇ ਲੋਗ ਗੁਰੂ ਮਹਾਰਾਜ ਕੇ ਸਿਖ ਕਹਿਲਾਨੇ ਕੇ ਅਧਿਕਾਰੀ ਹੈਂ ? ਪ੍ਰਾਚੀਨ ਗ੍ਰੰਥੋਂ ਔਰ ਇਤਹਾਸੋਂ ਕੋ ਛੋੜ ਕਰ ਨਵੀਨ ਪੰਥਿਓਂ ਕੇ ਗੁਟਕੋਂ ਕੋ ਪੜ੍ਹ ਕਰ ਅਹੰਕਾਰ ਮੇਂ ਆਕਰ ਅਪਨੇ ਆਪਕੋ ਪੱਕੇ ਤੱਤ ਖਾਲਸਾ, ਸਿਖ ਕਹਿਨ ਵਾਲੇ ਔਰ ਪ੍ਰਾਚੀਨ ਸਿਖੋਂ ਕੋ ਭੁਖੀ, ਦਬੜੂ ਘੁਸੜੂ, ਚਵੇਰਗੜ੍ਹੀਏ, ਕੱਚੇ ਪਿੱਲੇ ਇਤਯਾਦਿ ਕੁਵਾਚ ਸ਼ਬਦ ਬੋਲਨੇ ਵਾਲੇ ਕਿਆ ਗੁਰੂ ਕੇ ਸਿੱਖ ਹੈਂ ? ਪਿਤਾ ਪਿਤਾਮਾ ਕੀ ਉਤਮ ਰੀਤੀ ਔਰ ਗੁਰੂ ਘਰ ਕੀ ਪ੍ਰਾਚੀਨ ਮਰਯਾਦਾ ਕੋ ਛੋੜਕਰ ਨਵੀਨ ਮਰਯਾਦਾ ਖੁਦਗਰਜ਼ੀ ਸੇ ਚਲਾਨੇ ਵਾਲੇ ਕਿਆ ਗੁਰੂ ਕੇ ਸਿਖ ਹੈਂ ? (੬) ਤਖਤੋਂ ਔਰ ਗੁਰੂ ਦੁਆਰਿਓਂ ਕੀ ਸੰਮਤੀ ਬਿਨਾਂ ਜੋ ਸ਼ਖਸ ਪ੍ਰਾਚੀਨ ਰੀਤੀ ਕੋ ਛੋੜਕਰ ਨਵੀਨ ਰੀਤੀ ਚਲਾਏਂ ਕਿਆ ਵੋਹ ਗੁਰੂ ਸਾਹਿਬ ਕੇ ਪੱਕੇ ਸਿਖ ਕਹਿਲਾਨੇ ਕਾ ਦਾਵਾ ਕਰ ਸਕਤੇ ਹੈਂ ? (੭) ਪ੍ਰਾਚੀਨ ਰੀਤੀ ਸੇ ਵਿਰੁਧ ਰੀਤੀ ਚਲਾਨੇ ਵਾਲਾ ਕਿਆ ਕੋਈ ਅਬ ਨਇਆ ਗੁਰੂ ਯਾ ਅਵਤਾਰ ਪੈਦਾ ਹੋ ਗਿਆ ਹੈ ? ਜੋ ਚਾਰ ਸੌ ਬਰਸ ਸੇ ਆਜ ਤਕ ਚਲੀ ਆਤੀ ਰੀਤੀ ਕੋ ਬੰਦ ਕਰਕੇ ਨਇਆ ਮਾਰਗ ਚਲਾਤਾ ਹੈ ॥

(੮) ਆਜ ਕਲ ਕੇ ਨੌਜਵਾਨ ਨਵੀਨ ਸਿੱਖੋਂ ਕੇ ਪਿਤਾ ਪਿਤਾਮਾ ਕੇ ਬਿਵਾਹ ਹੂਏ ਯਾ ਅਨੰਦ ਪੜ੍ਹਾਯਾ ਗਿਆ ਥਾ ਅਗਰ ਬਿਵਾਹ ਹੂਏ ਥੇ ਤੋ ਕਿਆ ਵੋਹ ਸਿੱਖ ਨਹੀਂ ਥੇ। ਹਮਾਰੇ ਯਹਾਂ ਪਰ ਜਿਤਨ ਪ੍ਰਾਚੀਨ ਸਿੱਘ, ਮਹੰਤ, ਗਿਆਨੀ, ਪੁਜਾਰੀ, ਗ੍ਰੰਥੀ ਵਗੈਰਾ ਹੈਂ ਸਭਕੇ ਬਿਵਾਹ ਹੂਏ ਅਨੰਦ ਨਹੀਂ ਪੜ੍ਹਾਇਆ ਗਿਆ ਕਿਆ ਵੋਹ ਸਿਖ ਨਹੀਂ ਹੈਂ, ਕਿਆ ਬ੍ਰਿਧੋਂ ਕੀ ਆਗਿਆ ਨਾ ਮਾਨਨੇ ਵਾਲੇ ਸੁਪਾਤ੍ਰ ਪੁਤ੍ਰ ਕਹਿਲਾ ਸਕਤੇ ਹੈਂ ? (੯) ਗੁਰੂ ਸਾਹਿਬਾਨ ਕੇ ਹਜ਼ੂਰ ਮੇਂ ਰਹਿਨੇ ਵਾਲੇ ਔਰ ਉਨਕੇ ਬਾਦ ਮੇਂ ਹੂਏ ਬੜੇ ਗੁਰੂ ਕੇ ਸਿੱਖ ਅਕਾਲ ਪੁਰਖ ਕੇ ਭਗਤ, ਜਤੀ, ਸਤੀ, ਹਠੀ, ਤਪੀ, ਸੂਰਬੀਰ, ਦਯਾਲੂ, ਧਰਮਾਤਮਾ ਐਸੇ ਹੋ ਚੁਕੇ ਹੈਂ ਕਿ ਵਰਤਮਾਨ ਕਈ ਸਿਖ ਸਿਵਾਏ ਸਾਧੂ ਮਹਾਤਮਾ ਈਸ਼੍ਵਰ ਭਗਤ ਪੁਰਸ਼ੋਂ ਕੇ ਨਜ਼ਰ ਨਹੀਂ ਆਤਾ ਕਿਆ ਉਨਕੀ ਰੀਤੀ ਕੋ ਉਲੰਘਨ ਕਰਕੇ ਨਈ ਰੀਤੀ ਚਲਾਨੇ ਵਾਲੇ ਗੁਰੂ ਕੇ ਸਿਖ ਹੈਂ ? (੧੦) ਚਾਰ ਵਰਣੋਂ ਕੇ ਸਿਵਾਇ ਜ਼ੂਹੜੇ ਚਮਾਰੋਂ ਵਗੈਰਾ ਕੋ ਅੰਮ੍ਰਿਤ ਛਕਾ ਕਰ ਖਾਨ ਪਾਨ ਮੇਂ

Sri Satguru Jagjit Singh Ji Elibrary NamdhariElibrary@gmail.com

ਸ਼ਾਮਲ ਕਰਨੇ ਸੇ ਸਿੱਖ ਕੌਮ ਕੀ ਤਰੱਕੀ ਹੈ ਯਾ ਤਨੱਜ਼ਲ, ਕਿਆ ਐਸਾ ਕਰਨੇ ਮੇਂ ਬ੍ਰਾਹਮਣ, ਛੱਤ੍ਰੀ, ਵੈਸ਼, ਸ਼ੂਦ੍ਰ, ਜੈਸਾ ਕਿ ਪੈਹਲੇ ਚਾਰੋਂ ਬਰਣ ਸਿੰਘ ਬਨਤੇਥੇ ਆਇੰਦਾ ਬਨੇਂਗੇ? ਜਬ ਚਾਰੋਂ ਵਰਣ ਜ਼ਿਮੀਦਾਰ ਆਦਿਕੋਂ ਸੇ ਸਿੱਖ ਨਾ ਬਨੇ ਯਾ ਕੋਈ ਕੋਈ ਬਨਾ ਤੋ ਕਿਆ ਖਾਲਸਾ ਚੂਹੜੇ ਚਮਾਰੋਂ ਕੋ ਸ਼ਾਮਲ ਕਰਕੇ ਉਤਮ ਕਹਿਲਾਏਗਾ? ਹਿੰਦੂ ਵਗੈਰਾ ਉਤਮ ਔਰ ਕੁਲੀਨ ਪੁਰਸ਼ ਜੈਸੇ ਉਨ ਮੁਸਲਮਾਨੋਂ ਕੋ ਜਿਸ ਨਿਗਾਹ ਸੇ ਦੇਖਤੇ ਹੈਂ ਜੋ ਕਿ ਬਾਦਸ਼ਾਹੀ ਵਕਤ ਮੇਂ ਮੁਸਲਮਾਨ ਹੋਗਏ ਥੇ ਇਸੀ ਤਰੇ ਸਿੱਖੋਂ ਕੋ ਨਾ ਦੇਖੇਂਗੇ? ਕਿਆ ਪ੍ਰਾਚੀਨ ਗੁਰੂ ਸੰਪਰਦਾਇ ਕੇ ਵਿਰੁਧ ਚੂਹੜੇ ਚਮਾਰੋਂ ਕੋ ਅਭੇਦ ਕਰਨੇਵਾਲੇ ਗੁਰੂ ਕੇ ਸਿੱਖ ਹੈਂ ? ਕਿਆ ਕਿਸੀ ਗੁਰੂ ਸਾਹਿਬ ਨੇ ਯਾ ਕਿਸੀ ਧਰਮਾਤਮਾ ਸਿੱਖ ਨੇ ਚੂਹੜੇ ਚੁਮਾਰ ਕੋ ਅੰਮ੍ਰਿਤ ਛਕਾ ਕਰ ਉਸਕੇ ਸਾਥ ਬੈਠ ਕਰ ਖਾਇਆ ਹੈ ? (੧੧) ਖਾਲਸਾ ਪੰਥ ਮੇਂ ਕੋਈ ਨਵੀਨ ਰੀਤੀ ਬਿਲਾ ਇਜਾਜ਼ਤ ਤਖਤ ਤੋਂ ਔਰ ਗੁਰਦੁਆਰਿਓਂ ਕੇ ਔਰ ਤਮਾਮ ਪੰਥ ਕੀ ਰਾਇ ਬਿਨਾਂ ਹੋ ਸਕਤੀ ਹੈ ਯਾ ਨਹੀਂ। ਹਮਾਰੀ ਰਾਇ ਮੇਂ ਅਗਰ ਇਸ ਤੌਰ ਪਰ ਭੀ ਤਮਾਮ ਇਕ ਰਾਇ ਹੋਕਰ ਨਈ ਰੀਤੀ ਚਲੇ ਤੋ ਚਲਨੀ ਮੁਸ਼ਕਲਹੈ ॥ (੧੨)ਗੁਰੂ ਕੇ ਸਿਖ ਸਹਿਜਧਾਰੀ ਚਰਨ ਪਾਹੁਲੀ ਮੋਨੇ ਗੁਰੂ ਮਹਾਰਾਜ ਪਰ ਸ਼੍ਰਧਾ ਰਖਨੇਵਾਲੇ ਏਕ ਬਰਾਬਰਹੈਂ ਯਾ ਉਨਮੇਂ ਦ੍ਵੈਤਹੈ? ਜੈਸੇ ਬਹਾਦਰ ਖੰਡੇ ਕੇ ਅੰਮ੍ਰਿਤੀਏ ਹੈਂ ਵੈਸੇ ਹੀ ਵੋਹ ਸਹਿਜ਼ਧਾਰੀ ਸਿੱਖ ਜਿਨੋਂ ਨੇ ਗੁਰੂ ਹਰਿਗੋਬਿੰਦ ਸਾਹਿਬ ਕੇ ਵਕਤ ਮੇਂ ਬੜੇ ਬੜੇ ਯਧ ਕੀਏ ਵੋਹ ਭੀ ਬਹਾਦਰ ਹੈਂ ਯਾ ਨਹੀਂ ਅਗਰ ਹੈਂ ਤੋ ਬਰਾਬਰ ਹੋਨੇ ਮੇਂ ਕਿਆ ਸੰਦੇਹ ਹੈ ? (੧੩) ਜੋ ਸਿੱਖ ਅਪਨੇ ਆਪ ਕੋ ਹਿੰਦੂਓਂ ਸੇ ਅਲਗ ਮਾਨਤੇ ਹੈਂ ਫਿਰ ਉਨਕੇ ਚਾਰ ਵਰਣ ਜਿਮੀਦਾਰੋਂ ਵਗੈਰਾ ਮੇਂ ਸੇ ਹਿੰਦੂ ਕੀ ਲੜਕੀ ਲੇਕਰ ਉਸ ਸੇ ਸ਼ਾਦੀ ਕਰਨੀ ਯਾ ਅੰਮ੍ਰਿਤ ਛਕਾ ਕਰ ਸ਼ਾਦੀ ਕਰਨੀ ਕਿਸਤਰਹ ਜਾਇਜ਼ ਹੋਸਕਤੀ ਹੈ ਜਬ ਕਿ ਵੋਹ ਅਪਨੇ ਆਪਕੋ ਹਿੰਦੂ ਨਹੀਂ ਮਾਨਤੇ ਉਨਕੇ ਚਾਰੋਂ ਵਰਣੋਂ ਕੇ ਸਿਵਾਇ ਜੋ ਸਿੱਖ ਹੋ ਉਸਕੀ ਲੜਕੀ ਲੇਨੀ ਚਾਹੀਏ। ਕਿ ਜਿਸਕਾ ਹਿੰਦੂਓਂ ਸੇ ਕੁਛ ਤਅੱਲੁਕ ਨਾ ਹੋ ਕੇਵਲ ਸਿੰਘ ਹੋਂ॥ (੧੪)ਰਾਜਾਕਾ ਧਰਮਹੈ ਕਿ ਮਜ਼ਹਬੀ ਤਅੱਲੁਕ ਹਰਗਿਜ਼ ਨਾ ਕਰੇ ਅਪਨੀ ਪ੍ਰਜਾ ਕੇ ਸਭ ਲੋਗੋਂ ਔਰ ਸਭ ਮਜ਼ਹਬੋਂ ਕੋ ਏਕ ਸਾਰ ਸਮਝੇ ਔਰ ਨਿਸਚਾ ਅਪਨੇ ਧਰਮ ਮੇਂ ਰੱਖੇ ਅਗਰ ਮਜ਼ਹਬੀ ਤਅੱਸਬ ਕਰਨਾ ਹੋ ਤੋ ਰਾਜ ਕੋ ਛੋੜਕਰ ਮਜ਼ਹਬੀ ਫਿਰਕੇ ਮੇਂ ਸ਼ਾਮਿਲ ਹੋ ਜਾਇ ਅਗਰ ਰਾਜਾ ਹੋਕਰ ਮਜ਼ਹਬੀ ਤਅੱਸਬ ਕਰੇਗਾ ਤੋ ਪ੍ਰਜਾ ਔਰ ਦੂਸਰੇ ਮਜ਼ਹਬ ਦੁਖੀ ਹੋਕਰ ਬਦ ਦੁਆ ਦੇਵੇਂਗੇ ਜਿਸਸੇ ਅਨੇਕ ਪ੍ਰਕਾਰ ਕੇ ਨੁਕਸਾਨ ਹੈਂ ਰਾਜਾ ਕਾ ਧਰਮ ਯਹ ਹੈ ਜੋ ਹਾਕਮ ਸਿੰਘ ਕਵੀ ਨੇ ਲਿਖਾ ਹੈ "ਦੁਸ਼ਟ ਮਾਰਨੇ ਸੰਤ ਉਬਾਰ ਲੈਨੇ ਨਹੀਂ ਰੋਕਨਾ ਮਾਲ ਬਪਾਰੀਆਂ ਦਾ।" ਸੋ ਦੁਸ਼ਟ ਪੁਰਸ਼ ਵੋਹ ਹੈਂ ਜੋ ਪ੍ਰਜਾ ਕੋ ਦੁਖ ਦੇਵੇਂ ਜੋ ਗਰੀਬ ਅਨਾਥ ਸਾਧੂ ਮਹਾਤਮਾ ਉਨ

Sri Satguru Jagjit Singh Ji Elibrary NamdhariElibrary@gmail.com

ਤਮ ਪਰਬ ਹੈਂ। ਇਸ ਸੇ ਬਤਅਕਲ ਯੇਹ ਨਾ ਸਮਝ ਲੇਂ ਕਿ ਦੁਸ਼ਟ ਵੋਹ ਪੁਰਸ਼ ਹੈਂ ਜੋ ਅੰਨਮਤੀਏ ਹੈਂ, ਨਹੀਂ ਰਾਜਾ ਕੇ ਸਭ ਮਤ ਏਕਸਾਰ ਹੈਂ। ਰਾਜਾ ਅਪਨੀ ਸਭ ਪ੍ਰਜਾ ਕੋ ਪ੍ਰਮੇਸ਼ਰ ਕਾ ਨੂਰ ਸਮਝੇ ਔਰ ਬਾਦਸ਼ਾਹ ਕੀ ਆਗਜਾ ਮੇਂ ਹਰਵਕਤ ਸਾਵਧਾਨ ਰਹੇ ਐਬੋਂ ਸੇ ਬਚੇ ਔਰ ਪਿਤਾ ਪਿਤਾਮਾ ਕੀ ਮਰਯਾਦਾ ਪਰ ਚਲੇ॥ (੧੫) ਖਾਲਸਾ ਭਾਈਓਂ ਕੇ ਆਗੇ ਸਨਿੰਮ੍ਰ ਪ੍ਰਾਰਥਨਾ ਹੈ ਕਿ ਮਜ਼ਹਬੀ ਪੱਖਪਾਤ ਕ ਛੋੜਕਰ ਧਰਮ ਅਨੁਸਾਰ ਸੱਚੇ ਦਿਲ ਸੇ ਉਤਰ ਬਖ਼ਸ਼ੇਂ ਤਾਕਿ ਜੋ ਕੋਈ ਭੂਲ ਹੋ ਉਸਕਾ ਸੁਧਾਰ ਹੋਜਾਏ॥

**ਨੋਟ** ਇਸ ਲੇਖ ਕਾ ਜੋ ਸ਼ਖ਼ਸ ਪ੍ਰਾਚੀਨ ਗੁਰਮਤ ਗ੍ਰੰਥੋਂ ਅਨੁਸਾਰ ਔਰ ਸਭ ਤਖ਼ਤੋਂ, ਗੁਰਦੁਆਰਿਓਂ ਔਰ ਤਮਾਮ ਖਾਲਸਾ ਜੀਕੀ ਰਾਇ ਸੇ ਉਤਰ ਦੇਕਰ ਹਮਾਰਾ ਇਤਮੀਨਾਨ ਕਰਾ ਕਰ ਅਨੰਦ ਪੜ੍ਹਾ ਕਰ ਬਿਵਾਹ ਕਰਨਾ ਸਿੱਧ ਕਰੇ ਤੋ ਦੋ ਮਾਹਕੇ ਅੰਦਰ ਹਜਾਰ ਰੁਪਯਾ ਇਨਾਮ ਮਿਲੇਗਾ॥

(ਇਤਿ ਅਨੰਦ ਬਿਵਾਹ ਪਰ ਵਿਚਾਰ)

## ਹਸਤਾਖਰ--ਸੁਖਲਾਲ ਉਪਦੇਸ਼ਕ

ਸ੍ਰੀ ਭਾਰਤ ਧਰਮ ਮਹਾਂ ਮੰਡਲ ਰੋਪੜ ਨਿਵਾਸੀ

Sri Satguru Jagjit Singh Ji Elibrary NamdhariElibrary@gmail.com